Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Financing Available
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

For All your Real Estate Needs
Amandeep Dhaliwal
REALTOR®
Cell: 306-241-8501
ਕੋਈ ਵੀ ਬਿਜਨਿਸ ਪ੍ਰਾਪਰਟੀ ਜਾਂ ਘਰ ਖਰੀਦਣਾ/ਵੇਚਣਾ ਹੋਵੇ ਤਾਂ ਅਮਨਦੀਪ ਧਾਲੀਵਾਲ ਨਾਲ ਗੱਲਬਾਤ ਕਰੋ।
ROYAL LEPAGE
Saskatoon Real Estate
Independently Owned and Operated, Broker

Vol: 8 No: 191 Website : www.punjabiakhbaar.ca Email: editor@punjabiakhbaar.ca Friday, 4 March 2022

## ਰੂਸ ਵੱਲੋਂ ਯੂਕਰੇਨ 'ਚ ਹੋ ਸਕਦੀ ਵੱਡੀ ਕਾਰਵਾਈ, ਭਾਰਤ ਨੇ ਆਪਣੇ ਨਾਗਰਿਕਾਂ ਨੂੰ ਦਿੱਤੀ ਕੀਵ ਛੱਡਣ ਦੀ ਸਲਾਹ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)– ਰੂਸ ਵੱਲੋਂ ਹਮਲੇ ਤੇਜ਼ ਕਰਨ ਤੋਂ ਬਾਅਦ ਭਾਰਤੀ ਦੂਤਘਰ ਨੇ ਵਿਦਿਆਰਥੀਆਂ ਸਮੇਤ ਸਾਰੇ ਭਾਰਤੀ ਨਾਗਰਿਕਾਂ ਨੂੰ ਤੁਰੰਤ ਕੀਵ ਛੱਡਣ ਦੀ ਸਲਾਹ ਦਿੱਤੀ ਹੈ। ਕੀਵ ਵਿੱਚ ਭਾਰਤੀ ਦੂਤਘਰ ਦੇ ਅਧਿਕਾਰਤ ਹੈਂਡਲ ਤੇ ਟਵੀਟ ਵਿੱਚ ਭਾਰਤੀਆਂ ਨੂੰ ਰੇਲਾਂ ਜਾਂ ਜਿਹੜਾ ਵੀ ਸਾਧਨ ਮਿਲਦਾ ਹੈ, ਰਾਹੀਂ ਸ਼ਹਿਰ ਛੱਡਣ ਦੀ ਸਲਾਹ ਦਿੱਤੀ ਗਈ ਹੈ।

**ਜੰਗ ਵਿਚਾਲੇ ਯੂਕਰੇਨ ਲਈ ਆਈ ਬੁਰੀ ਖ਼ਬਰ, ਰੂਸ ਮਗਰੋਂ ਬੇਲਾਰੂਸ ਨੇ ਵੀ ਕੀਤਾ ਐਲਾਨ-ਏ-ਜੰਗ**

ਰੂਸ ਨਾਲ ਜੰਗ ਵਿੱਚ ਯੂਕਰੇਨ ਲਈ ਬੁਰੀ ਖ਼ਬਰ ਸਾਹਮਣੇ ਆਈ ਹੈ। ਹੁਣ ਬੇਲਾਰੂਸ ਵੀ ਯੂਕਰੇਨ ਖਿਲਾਫ ਜੰਗ ਵਿੱਚ ਉੱਤਰ ਆਇਆ ਹੈ। ਖੌਨਿਕੀ ਦੇ ਉੱਪਰ ਇੱਕ ਲੜਾਕੂ ਜਹਾਜ਼ ਉੱਡਦਾ ਦੇਖਿਆ ਗਿਆ, ਜੋ ਬਹੁਤ ਘੱਟ ਉਚਾਈ ਤੇ ਸਰਹੱਦ ਵੱਲ ਜਾ ਰਿਹਾ ਸੀ। ਇਸ ਤੋਂ ਇਲਾਵਾ 10.30 ਵਜੇ ਦੱਖਣ ਵੱਲ ਜਾਂਦਾ ਹੈਲੀਕਾਪਟਰ ਦੇਖਿਆ ਗਿਆ ਸੀ। ਰਿਪੋਰਟ ਵਿੱਚ ਇਹ ਸਾਹਮਣੇ ਆਇਆ ਹੈ ਕਿ ਗੋਮੇਲ ਤੋਂ ਯੂਕਰੇਨ ਵੱਲ ਤੇ Ka-EB ਐਲੀਗੇਟਰ ਹੈਲੀਕਾਪਟਰਾਂ ਨੇ ਲਈ ਉਡਾਣ ਭਰੀ ਸੀ।

**ਯੂਕਰੇਨ ਛੱਡ ਕੇ ਜਾ ਚੁੱਕੇ ਹਨ 5 ਲੱਖ ਤੋਂ ਵੱਧ ਲੋਕ ,ਇਨ੍ਹਾਂ ਦੇਸ਼ਾਂ ਚ ਲੈ ਰਹੇ ਹਨ ਸ਼ਰਨ**

ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਛੇਵੇਂ ਦਿਨ ਵਿੱਚ ਦਾਖ਼ਲ ਹੋ ਗਈ ਹੈ। ਦੋਵਾਂ ਦੇਸ਼ਾਂ ਵਿਚਾਲੇ 24 ਫਰਵਰੀ ਨੂੰ ਜੰਗ ਸ਼ੁਰੂ ਹੋਈ ਸੀ। ਰੂਸ ਦੇ ਤੇਜ਼ ਹਮਲੇ ਕਾਰਨ ਹੁਣ ਤੱਕ ਯੂਕਰੇਨ ਦੇ 5 ਲੱਖ ਤੋਂ ਵੱਧ ਲੋਕ ਦੇਸ਼ ਛੱਡ ਕੇ ਜਾ ਚੁੱਕੇ ਹਨ। ਰੂਸ ਦੇ ਹਮਲੇ ਕਾਰਨ



ਯੂਕਰੇਨ ਦੇ ਇਹ ਲੋਕ ਗੁਆਂਢੀ ਦੇਸ਼ਾਂ ਵਿੱਚ ਸ਼ਰਨ ਲੈ ਰਹੇ ਹਨ। ਹੁਣ ਤੱਕ 5 ਲੱਖ 20 ਹਜ਼ਾਰ ਲੋਕ ਪੋਲੈਂਡ ਅਤੇ ਹੋਰ ਗੁਆਂਢੀ ਦੇਸ਼ਾਂ ਵਿੱਚ ਜਾ ਚੁੱਕੇ ਹਨ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੇ ਹਵਾਲੇ ਨਾਲ ਸਾਹਮਣੇ ਆਈ ਹੈ।

**ਭਾਰਤੀ ਨਾਗਰਿਕਾਂ ਨੂੰ ਤੁਰੰਤ ਕੀਵ ਛੱਡਣ ਦੀ ਸਲਾਹ**

ਯੂਕਰੇਨ ਦੇ ਕੀਵ ਵਿੱਚ ਫਸੇ ਭਾਰਤੀਆਂ ਨੂੰ ਭਾਰਤੀ ਦੂਤਾਵਾਸ ਨੇ ਹਰ ਹਾਲ ਵਿੱਚ ਕੀਵ ਛੱਡਣ ਲਈ ਕਿਹਾ ਹੈ। ਦੂਤਾਵਾਸ ਨੇ ਕਿਹਾ ਹੈ ਕਿ ਵਿਦਿਆਰਥੀਆਂ ਸਮੇਤ ਸਾਰੇ ਭਾਰਤੀ ਨਾਗਰਿਕ ਉਪਲਬਧ ਰੇਲਗੱਡੀਆਂ ਜਾਂ ਕਿਸੇ ਵੀ ਹੋਰ ਸਾਧਨਾਂ ਰਾਹੀਂ ਸ਼ਹਿਰ ਨੂੰ ਛੱਡ ਦੇਣ।

**ਯੂਕਰੇਨ 'ਚੋਂ ਭਾਰਤੀਆਂ ਨੂੰ ਕੱਢੇਗੀ ਫੌਜ, ਪ੍ਰਧਾਨ ਮੰਤਰੀ ਨੇ ਦਿੱਤੇ ਤੁਰੰਤ ਕਾਰਵਾਈ ਦੇ ਨਿਰਦੇਸ਼**

ਚੁਫੇਰਿਓਂ ਅਲੋਚਨਾ ਹੋਣ ਮਗਰੋਂ ਭਾਰਤ ਸਰਕਾਰ ਨੇ ਯੂਕਰੇਨ ਵਿੱਚ ਫਸੇ ਭਾਰਤੀਆਂ ਨੂੰ ਬਚਾਉਣ ਲਈ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਰਦੇਸ਼ ਦਿੱਤੇ ਹਨ ਕਿ ਹੁਣ ਹਵਾਈ ਸੈਨਾ ਭਾਰਤੀਆਂ ਨੂੰ ਵਾਪਸ ਲਿਆਉਣ ਦੀ ਮੁਹਿੰਮ ਵਿੱਢੇਗੀ। ਹਵਾਈ ਸੈਨਾ ਦੇ ਕਈ ਸੀ-17 ਜਹਾਜ਼ ਵੀ ਤਾਇਨਾਤ ਕੀਤੇ ਜਾਣਗੇ। ਇਹ ਜਹਾਜ਼ ਭਾਰਤ ਤੋਂ ਯੂਕਰੇਨ ਤੱਕ ਰਾਹਤ ਸਮੱਗਰੀ ਵੀ ਲੈ ਕੇ ਜਾਣਗੇ। ਹੁਣ ਤੱਕ 2016 ਭਾਰਤੀ ਯੂਕਰੇਨ ਤੋਂ ਵਾਪਸ ਆ ਚੁੱਕੇ ਹਨ। ਦੋਵਾਂ ਦੇਸ਼ਾਂ ਵਿਚਾਲੇ 24 ਫਰਵਰੀ ਨੂੰ ਜੰਗ ਸ਼ੁਰੂ ਹੋਈ ਸੀ। ਯੂਕਰੇਨ ਵਿੱਚ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ। ਤਣਾਅ ਦੇ ਵਿਚਕਾਰ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਵੀ ਸ਼ੁਰੂ ਹੋ ਗਈ ਹੈ। ਸੋਮਵਾਰ ਨੂੰ ਬੇਲਾਰੂਸ ਦੀ ਸਰਹੱਦ ਤੇ ਰੂਸ ਤੇ ਯੂਕਰੇਨ ਦੇ ਵਫਦ ਵਿਚਾਲੇ ਗੱਲਬਾਤ ਹੋਈ। ਹਾਲਾਂਕਿ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ।

ਆਪਰੇਸ਼ਨ ਗੰਗਾ ਦੀ ਗੱਲ ਕਰੀਏ ਤਾਂ ਯੂਕਰੇਨ ਵਿੱਚ ਫਸੇ ਭਾਰਤੀਆਂ ਨੂੰ ਵਾਪਸ ਲਿਆਉਣ ਲਈ ਸ਼ੁਰੂ ਕੀਤਾ ਗਿਆ ਸੀ। ਕੇਂਦਰ ਸਰਕਾਰ ਨੇ ਇਸ ਦੀ ਸ਼ੁਰੂਆਤ 26 ਫਰਵਰੀ ਨੂੰ ਕੀਤੀ ਸੀ। ਮੰਗਲਵਾਰ ਸਵੇਰੇ, ਏਅਰ ਇੰਡੀਆ ਦੀ ਸੱਤਵੀਂ ਉਡਾਣ 182 ਭਾਰਤੀ ਨਾਗਰਿਕਾਂ ਨੂੰ ਲੈ ਕੇ ਰੋਮਾਨੀਆ ਦੇ ਬੁਖਾਰੇਸਟ ਤੋਂ ਮੁੰਬਈ ਪਹੁੰਚੀ। ਏਅਰ ਇੰਡੀਆ ਦਾ ਜਹਾਜ਼ IX1202 ਮੁੰਬਈ ਏਅਰਪੋਰਟ ਪਹੁੰਚਿਆ ਜਿੱਥੇ ਕੇਂਦਰੀ ਮੰਤਰੀ ਨਰਾਇਣ ਰਾਣੇ ਨੇ ਇਨ੍ਹਾਂ ਭਾਰਤੀ ਨਾਗਰਿਕਾਂ ਦਾ ਸਵਾਗਤ ਕੀਤਾ।

ਦੱਸ ਦੇਈਏ ਕਿ ਬੀਤੇ ਦਿਨ ਬੁਡਾਪੇਸਟ ਤੋਂ ਛੇਵੀਂ ਫਲਾਈਟ 240 ਭਾਰਤੀ ਨਾਗਰਿਕਾਂ ਨੂੰ ਲੈ ਕੇ ਦਿੱਲੀ ਪਹੁੰਚੀ ਸੀ, ਜਿਸ ਦੀ ਜਾਣਕਾਰੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਦਿੱਤੀ। ਉਨ੍ਹਾਂ ਟਵੀਟ ਕੀਤਾ ਕਿ ਬੁਡਾਪੇਸਟ ਤੋਂ ਛੇਵੀਂ ਓਪਰੇਸ਼ਨ ਗੰਗਾ ਫਲਾਈਟ ਨ 240 ਭਾਰਤੀ ਨਾਗਰਿਕਾਂ ਨੂੰ ਦਿੱਲੀ ਵਾਪਸ ਪਰਤਾਇਆ। ਨਿਕਾਸੀ ਦੀਆਂ ਕੋਸ਼ਿਸ਼ਾਂ ਲਗਾਤਾਰ ਮਜ਼ਬੂਤ ਹੋ ਰਹੀਆਂ ਹਨ।

## ਬਿਕਰਮ ਮਜੀਠੀਆ ਨੂੰ ਪਟਿਆਲਾ ਜੇਲ 'ਚ ਮਿਲਣ ਪਹੁੰਚੇ ਸੁਖਬੀਰ ਤੇ ਹਰਸਿਮਰਤ



ਪਟਿਆਲਾ (ਪੰਜਾਬੀ ਅਖਬਾਰ ਬਿਊਰੋ)– ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪਟਿਆਲਾ ਜੇਲ ਵਿਚ ਬੰਦ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕਰਨ ਪਹੁੰਚੇ ਹਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਬਿਕਰਮ ਸਿੰਘ ਮਜੀਠੀਆ ਦਾ ਅੱਜ ਜਨਮ ਦਿਨ ਹੈ। ਇਸ ਦੌਰਾਨ ਵੱਡੀ ਗਿਣਤੀ ਵਿਚ ਅਕਾਲੀ ਦਲ ਵਰਕਰ ਪਟਿਆਲਾ ਜੇਲ ਦੇ ਬਾਹਰ ਮੌਜੂਦ ਸਨ। ਇਸ ਦੌਰਾਨ ਸੁਖਬੀਰ ਨੇ ਅਕਾਲੀ ਵਰਕਰਾਂ ਦੀ ਮਜੀਠੀਆ ਨਾਲ ਮੁਲਾਕਾਤ ਨਾ ਕਰਨ ਦੇਣ ਦੇ ਚੱਲਦੇ ਕਾਂਗਰਸ 'ਤੇ ਨਿਸ਼ਾਨਾ ਸਾਧਿਆ। ਸੁਖਬੀਰ ਬਾਦਲ ਨੇ ਕਿਹਾ ਕਿ ਮੁਲਾਕਾਤ ਇਕ ਹੱਕ ਹੈ। ਸੂਬੇ ਵਿਚ 5-7 ਦਿਨ ਦੀ ਮਹਿਮਾਨ ਬਚੀ ਕਾਂਗਰਸ ਸਰਕਾਰ ਅਜਿਹਾ ਕਰਨ ਤੋਂ ਰੋਕ ਕੇ ਜਾਣਬੁੱਝ ਕੇ ਧੱਕਾ ਕਰ ਰਹੀ ਹੈ। ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਸੁਖਬੀਰ ਨੇ ਕਿਹਾ ਕਿ ਸੂਬੇ ਵਿਚ ਕਾਂਗਰਸ ਸਰਕਾਰ ਦੀ ਵਿਦਾਈ ਤੈਅ ਹੈ। ਇਸ ਲਈ ਉਹ ਜਾਣਬੁੱਝ ਕੇ ਅਕਾਲੀ ਵਰਕਰਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ।

ਦੱਸਣਯੋਗ ਹੈ ਕਿ ਪੰਜਾਬ ਪੁਲਸ ਵੱਲੋਂ ਬਹੁ-ਕਰੋੜੀ ਡਰੱਗ ਰੈਕਟ 'ਚ ਨਾਮਜ਼ਦ ਕੀਤੇ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੇ 24 ਫਰਵਰੀ ਨੂੰ ਮੋਹਾਲੀ ਦੀ ਅਦਾਲਤ ਵਿਚ ਆਤਮਸਮਰਪਣ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਅਗਾਊਂ ਜ਼ਮਾਨਤ ਦੀ ਅਰਜ਼ੀ ਵੀ ਲਗਾਈ ਸੀ, ਜਿਸ ਨੂੰ ਖਾਰਜ ਕਰਦਿਆਂ ਅਦਾਲਤ ਨੇ ਉਨ੍ਹਾਂ ਨੂੰ 8 ਮਾਰਚ ਤੱਕ ਨਿਆਇਕ ਹਿਰਾਸਤ ਵਿਚ ਪਟਿਆਲਾ ਜੇਲ ਭੇਜ ਦਿੱਤਾ ਸੀ।

ਯਾਦ ਰਹੇ ਡਰੱਗ ਮਾਮਲੇ ਵਿਚ ਕੇਸ ਦਰਜ ਹੋਣ ਤੋਂ ਬਾਅਦ ਬਿਕਰਮ ਮਜੀਠੀਆ ਨੇ ਮੋਹਾਲੀ ਦੀ ਅਦਾਲਤ 'ਚ ਅੰਤਰਿਮ ਜ਼ਮਾਨਤ ਦੀ ਪਟੀਸ਼ਨ ਦਾਇਰ ਕੀਤੀ ਸੀ, ਜੋ ਖਾਰਜ ਹੋ ਗਈ। ਇਸ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ। ਇੱਥੇ ਕੁੱਝ ਦਿਨਾਂ ਦੀ ਅੰਤਰਿਮ ਰਾਹਤ ਮਿਲਣ ਮਗਰੋਂ ਉਨ੍ਹਾਂ ਦੀ ਪਟੀਸ਼ਨ ਖਾਰਜ ਹੋ ਗਈ, ਜਿਸ ਤੋਂ ਬਾਅਦ ਉਨ੍ਹਾਂ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ। ਸੁਪਰੀਮ ਕੋਰਟ ਨੇ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ 24 ਫਰਵਰੀ ਤੱਕ ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਰੋਕ ਲਾ ਦਿੱਤੀ ਸੀ, ਜਿਸ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਮਜੀਠੀਆ ਨੇ ਮੋਹਾਲੀ ਦੀ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ, ਜਿੱਥੇ ਅਦਾਲਤ ਨੇ ਉਨ੍ਹਾਂ ਨੂੰ ਰਾਹਤ ਨੇ ਦਿੰਦਿਆਂ ਨਿਆਇਕ ਹਿਰਾਸਤ 'ਚ ਭੇਜ ਦਿੱਤਾ।

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
• Provincial Nominee Programs
• Express Entry
• Family/ Spouse Sponsorship
• Work Permit, Visitor Visa
• PR Card and Citizenship
• Prepare Immigration applications or related documents
• Student Recruitment and Student visa, SINP, TR to PR,
ਇਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜ਼ੀਆਂ ਸਬਜ਼ੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

ਸੈਸਕਾਟੂਨ ਵਿਖੇ ਪੰਜਾਬੀ ਅਖਬਾਰ ਲਈ ਪੱਤਰਕਾਰ / ਸੇਲਜ਼ਮੈਨ ਦੀ ਲੋੜ ਹੈ।
ਕਾਲ : ਹਰਬੰਸ ਬੁੱਟਰ
ਸੰਪਾਦਕ : ਪੰਜਾਬੀ ਅਖਬਾਰ
403 640 2000

CENTURY 21 Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract. Each office is independently owned and operated.

NIRMAL TRUCK DRIVING SKILLS
1A, 3A, (Air Brake) TRAINING (SGI APPROVED)
ACCORDING TO NEW MELT PROGRAM
Surjit Singh
(Truck Instructor)
1-306-450-2129
ਐਸ ਜੀ ਆਈ ਦੇ ਨਿਯਮਾਂ ਅਨੁਸਾਰ ਨਵੇਂ ਮੈਲਟ ਪ੍ਰੋਗਰਾਮ ਤਹਿਤ ਟਰੱਕਾਂ ਦੀ ਟਰੇਨਿੰਗ ਦਿੱਤੀ ਜਾਂਦੀ ਹੈ
ਸੜਕਾਂ ਉੱਪਰ ਸਫਲਤਾ ਨਾਲ ਸੁਰੱਖਿਅਤ ਡਰਾਈਵਿੰਗ ਕਰ ਰਹੇ ਨਿਰਮਲ ਟਰੱਕ ਡਰਾਈਵਿੰਗ ਸਕਿੱਲ (ਸਕੂਲ) ਦੇ ਡਰਾਈਵਰਾਂ ਉੱਪਰ ਸਾਨੂੰ ਮਾਣ ਹੈ
ਤਜਰਬੇਕਾਰ ਸਟਾਫ
ਏਅਰ ਬਰੇਕ ਟਰੇਨਿੰਗ
NIRMALTRUCKDRIVING@gmail.com
1-115 71st Street W Saskatoon SK S7R 1B4
Classes Available In: English, Hindi, Punjabi, Urdu

Falcon TRANSPORT Inc.
Hiring New Drivers and Owner Operators
Great Mile Rates
Dedicated Runs
New Automatic Truck
Local/Long Haul US - Canada Runs
Home time every weekend
SINP/LMIA ਲਈ ਵੀ ਮਦਦ ਕਰਦੇ ਹਾਂ
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਪਰਾਂ ਦੀ ਲੋੜ ਹੈ।
Balpreet Singh
Tel:306-952-4977 Cell: 306-212-0246
Email: falcontransport86@gmail.com
Website: Falcontansport.ca

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

WARD TIRECRAFT
COMMERCIAL AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
10% OFF 10% off on semi truck alignment when you buy 2 new steer tires.
FREE SERVICES Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL Laufenn Hankook GENERAL TIRE BFGoodrich COOPER TIRES TOYO TIRES MICHELIN HERCULES TIRES GOODYEAR BRIDGESTONE FALKEN GT RADIAL Firestone Continental YOKOHAMA KUMHO TIRE PIRELLI

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE GUARANTEE
We ship across Western Canada.
INFO@NNOVATIVESTONECRAFT.CA
WWW.INNOVATIVESTONECRAFT.CA

COPPERSTONE
AT COPPERFIELD

# ਪਹਿਲੀ ਵਾਰ ਘਰ ਖਰੀਦਣ ਵਾਲਿਓ ਧਿਆਨ ਦਿਓ



## 885 ਡਾਲਰ ਬਾਇ ਵੀਕਲੀ ਨਾਲ ਘਰ ਦੀ ਮਾਲਕੀ

# ਗਰਮੀਆਂ ਦੌਰਾਨ ਨਵੇਂ ਘਰ ਜਾਓ!

## AWARD WINNING TOWNHOMES

Our 2 & 3 Bedroom Townhomes are as unique as you are! With six distinct modern layouts to choose from, including 2-bedroom double master suite styles, finding the perfect home to fit your lifestyle has never been so easy! These intelligently redesigned homes range from 1,380 to 1,885 sq. ft. offering modern interiors but best of all is NO MAINTENANCE required.



**COPPERSTONELIVING.COM | 587.352.4266**

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Wednesday : 2 - 8 PM
Sat, Sun & Holidays: 12 - 5 PM
Thursday & Friday: by appointment

VESTA PROPERTIES

Rendering, price and availability are subject to change without notice. E. & O.E.

# ਜੇਸਨ ਕੈਨੀ ਨੇ ਵਿਵਾਦਾਂ ਵਿੱਚ ਘਿਰੇ ਕੇਅਸੀ ਮੈਡੂ ਨੂੰ ਹੁਣ ਲੇਬਰ ਐਂਡ ਇੰਮੀਗ੍ਰੇਸ਼ਨ ਮੰਤਰੀ ਬਣਾਇਆ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਵਿਵਾਦਾਂ ਵਿੱਚ ਫਸੇ ਜਸਟਿਸ ਮਨਿਸਟਰ ਐਂਡ ਸੌਲਿਸਟਰ ਜਨਰਲ ਕੇਅਸੀ ਮੈਡੂ ਨੂੰ ਉਹਨਾਂ ਦੇ ਅਹੁਦੇ ਤੋਂ ਹਟਾ ਕੇ ਲੇਬਰ ਐਂਡ ਇਮਿਗ੍ਰੇਸ਼ਨ ਮਨਿਸਟਰ ਬਣਾ ਦਿੱਤਾ ਗਿਆ ਹੈ। ਉਹਨਾਂ ਦੀ ਥਾਂ ਇਸੇ ਮਹਿਕਮੇ ਨੂੰ ਦੇਖ ਰਹੇ ਮਨਿਸਟਰ ਟਾਇਲਰ ਸ਼ੈਂਡਰੋ ਨੂੰ ਹੁਣ ਨਵਾਂ ਜਸਟਿਸ ਮਨਿਸਟਰ ਐਂਡ ਸੌਲਿਸਟਰ ਜਨਰਲ ਨਿਯੁਕਤ ਕਰ ਦਿੱਤਾ ਗਿਆ ਹੈ। ਟਾਇਲਰ ਸ਼ੈਂਡਰੋ ਦੇ ਖਿਲਾਫ਼ ਵੀ ਲੌਅ ਸੁਸਾਇਟੀ ਔਫ਼ ਐਲਬਰਟਾ ਵੱਲੋਂ 3 ਸ਼ਿਕਾਇਤਾਂ ਸੰਬੰਧੀ ਜਾਂਚ ਕੀਤੀ ਜਾ ਰਹੀ ਹੈ। ਬੀਤੀ 17 ਜਨਵਰੀ ਨੂੰ ਉਸ ਵੇਲੇ ਦੇ ਜਸਟਿਸ ਮਨਿਸਟਰ ਕੇਅਸੀ ਮੈਡੂ ਨੂੰ ਉਹਨਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਤੇ ਐਨਰਜੀ ਮਨਿਸਟਰ ਸੋਨਿਆ ਸੈਵੇਜ ਨੂੰ ਵਾਧੂ ਚਾਰਜ ਦਿੱਤਾ ਗਿਆ ਸੀ। ਕੇਅਸੀ ਮੈਡੂ ਵਿਰੁੱਧ ਦੋਸ਼ ਸੀ ਕਿ ਉਹਨਾਂ ਨੇ ਡਿਸਟ੍ਰੈਕਟਿਡ ਡ੍ਰਾਇਵਿੰਗ ਕਰਦੇ ਸਮੇਂ ਕਾਬੂ ਕੀਤੇ ਜਾਣ 'ਤੇ ਐਡਮੰਟਨ ਪੁਲਿਸ ਮੁਖੀ ਨੂੰ ਫੋਨ ਕੀਤਾ ਸੀ ਤੇ ਇਸ ਮਾਮਲੇ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ ਮੈਡੂ ਵੱਲੋਂ ਅਜਿਹਾ ਕੀਤਾ ਜਾਣਾ ਸਹੀ ਨਹੀਂ ਸੀ। ਪ੍ਰੀਮੀਅਰ ਜੇਸਨ ਕੈਨੀ ਨੇ ਇਸ ਰਿਪੋਰਟ ਦੇ ਆਉਣ 'ਤੇ ਮੈਡੂ ਦਾ ਮਹਿਕਮਾ ਬਦਲ ਦਿੱਤਾ। ਵਿਰੋਧੀ ਧਿਰ ਐਨਡੀਪੀ ਨੇ ਮੈਡੂ ਨੂੰ ਮੰਤਰੀਮੰਡਲ ਤੋਂ ਬਾਹਰ ਕੀਤੇ ਜਾਣ ਦੀ ਮੰਗ ਕੀਤੀ ਹੈ। ਕੇਅਸੀ ਮੈਡੂ, ਐਡਮੰਟਨ ਤੋਂ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਦੇ ਇੱਕ ਮਾਤਰ ਵਿਧਾਇਕ ਹਨ।

# ਹੁਣ ਸ਼ਰਾਬ ਦੇ ਪਿਆਕੜਾਂ ਨੂੰ ਰੂਸੀ ਵੋਦਕਾ ਨਹੀਂ ਮਿਲਣੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸਰਕਾਰ ਨੇ ਇੱਕ ਅਹਿਮ ਫੈਲਸਾ ਲੈਂਦਿਆਂ ਗੇਮਿੰਗ, ਲਿਕਰ ਐਂਡ ਕੈਨਾਬਿਸ ਕਮਿਸ਼ਨ – ਏ।ਜੀ।ਐਲ।ਸੀ। ਨੂੰ ਕਿਹਾ ਹੈ ਕਿ ਸੂਬੇ ਭਰ ਤੇ ਲਿਕਰ ਸਟੋਰਾਂ ਤੋਂ ਰਸ਼ੀਅਨ ਸ਼ਰਾਬ ਦੀ ਵਿਕਰੀ ਰੋਕ ਦਿੱਤੀ ਜਾਵੇ। ਪ੍ਰੀਮੀਅਰ ਜੇਸਨ ਕੈਨੀ ਵੱਲੋਂ ਜਾਰੀ ਇੱਕ ਟਿੱਪਣੀ ਵਿੱਚ ਕਿਹਾ ਗਿਆ ਹੈ ਕਿ ਸੂਬਾ, ਯੂਕ੍ਰੇਨ ਦੇ ਨਾਲ ਖੜ੍ਹਾ ਹੈ ਤੇ ਰੂਸ ਨੂੰ ਆਰਥਕ ਸੱਟ ਮਾਰਨ ਵਾਸਤੇ ਇਹ ਜ਼ਰੂਰੀ ਹੈ ਕਿ ਉਸ ਦੀਆਂ ਵਸਤਾਂ 'ਤੇ ਪਾਬੰਦੀ ਲਗਾਈ ਜਾਵੇ। ਇਸ ਦੇ ਚੱਲਦਿਆਂ ਸੂਬੇ ਭਰ ਦੇ ਲਿਕਰ ਸਟੋਰਾਂ ਨੂੰ ਕਿਹਾ ਗਿਆ ਹੈ ਕਿ ਉਹ ਰੂਸ ਦੀ ਬਣੀ ਸ਼ਰਾਬ ਸਟੋਰਾਂ 'ਤੇ ਨਾ ਵੇਚਣ। ਹੁਣ ਰੂਸੀ ਸ਼ਰਾਬ ਵਾਸਤੇ ਕੋਈ ਨਵਾਂ ਸਟੌਕ ਨਹੀਂ ਆਵੇਗਾ ਤੇ ਨਾ ਹੀ ਲਿਕਰ ਸਟੋਰ ਏਜੀਐਲਸੀ ਦੇ ਵੇਅਰ ਹਾਉਸ ਤੋਂ ਇਹ ਸ਼ਰਾਬ ਖ਼ਰੀਦਣਗੇ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਰੂਸੀ ਸ਼ਰਾਬ ਨਾ ਪੀਣ। ਐਲਬਰਟਾ ਸਰਕਾਰ ਵੱਲੋਂ ਯੂਕ੍ਰੇਨ ਨੂੰ 1 ਮਿਲੀਅਨ ਡਾਲਰ ਦੀ ਸਹਾਇਤਾ ਵੀ ਭੇਜੀ ਜਾ ਰਹੀ ਹੈ।

# ਹੁਣ ਟੀਨੂੰ ਬਰਾੜ ਅਗਲੀਆਂ ਚੋਣਾਂ ਵਿੱਚ ਟਰਾਂਸਪੋਰਟ ਮੰਤਰੀ ਨੂੰ ਟੱਕਰ ਦੇਵੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗੁਰਿੰਦਰ ਸਿੰਘ ਉਰਫ਼ ਟੀਨੂ ਬਰਾੜ ਨੂੰ ਕੈਲਗਰੀ ਨੌਰਥ ਈਸਟ ਦੀ ਵਿਧਾਨਸਭਾ ਰਾਇਡਿੰਗ ਤੋਂ ਐਨਡੀਪੀ ਦਾ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਇੱਕ ਪ੍ਰੋਗਰਾਮ ਵਿੱਚ ਬਰਾੜ ਨੂੰ ਅਗਲੀਆਂ ਵਿਧਾਨਸਭਾ ਚੋਣਾਂ ਵਿੱਚ ਪਾਰਟੀ ਦੀ ਨੁਮਾਇੰਦਗੀ ਕਰਨ ਦਾ ਅਧਿਕਾਰ ਦਿੱਤਾ ਗਿਆ। ਇਸ ਮੌਕੇ ਐਨਡੀਪੀ ਦੇ ਐਮਐਲਏ ਇਰਫਾਨ ਸਾਬਿਰ ਅਤੇ ਕੈਥਲਿਨ ਗੈਨਲੀ ਅਤੇ ਐਡਮੰਟਨ ਤੋਂ ਐਮਐਲਏ ਜਸਵੀਰ ਦਿ?ਲ ਹਾਜ਼ਰ ਸਨ। ਸਾਲ 2011 ਵਿੱਚ ਭਾਰਤੀ ਪੰਜਾਬ ਤੋਂ ਉਚੇਰੀ ਪੜ੍ਹਾਈ ਵਾਸਤੇ ਕੈਨੇਡਾ ਆਏ ਗੁਰਿੰਦਰ ਉਰਫ਼ ਟੀਨੂ ਬਰਾੜ ਨੇ ਬੋਅ-ਵੈਲੀ ਕਾਲਜ ਅਤੇ ?ਲਡਜ਼ ਕੌਲਿਜ ਵਿੱਚ ਬਿਜ਼ਨਸ ਪੜ੍ਹਾਉਣ ਮਗਰੋਂ ਲੌਜਿਸਟਿਕਸ ਦਾ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ। ਬਰਾੜ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਨੌਰਥ ਈਸਟ ਦੇ ਰਹਿਣ ਵਾਲੇ ਲੋਕਾਂ ਲਈ ਕੋਈ ਖਾਸ ਕੰਮ ਨਹੀਂ ਕੀਤਾ ਹੈ। ਟੈਕਸੀ ਚਾਲਕ ਇੰਸ਼ੋਰੈਂਸ ਪ੍ਰੀਮੀਅਮਜ਼ ਦੀਆਂ ਵਧੀਆਂ ਦਰਾਂ ਤੋਂ ਅਤੇ ਘਰ ਮਾਲਕ ਬਿਜਲੀ ਦਰਾਂ ਤੋਂ ਪਰੇਸ਼ਾਨ ਹਨ। ਸਾਲ 2020 ਵਿੱਚ ਹੋਈ ਗੜੇਮਾਰੀ ਕਾਰਨ ਹੋਏ ਨੁਕਸਾਨ ਦੀ ਅੱਜ ਤਕ ਭਰਪਾਈ ਨਹੀਂ ਕੀਤੀ ਗਈ ਤੇ ਕੋਵਿਡ-19 ਦੇ ਫੈਲਾਅ ਵਾਸਤੇ ਵੀ ਇਸ ਇਲਾਕੇ ਦੇ ਲੋਕਾਂ ਨੂੰ ਜ਼ਿੰਮੇਦਾਰ ਠਹਿਰਾਇਆ ਗਿਆ। ਸੂਬੇ ਦੀ ਟ੍ਰਾਂਸਪੋਰਟ ਮਨਿਸਟਰ ਰਾਜਨ ਸਾਹਨੀ ਇਸ ਇਲਾਕੇ ਤੋਂ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਵਿਧਾਇਕ ਹੈ।

# ਰੂਸ ਅਤੇ ਯੂਕਰੇਨ ਦਰਮਿਆਨ ਜੰਗਬੰਦੀ ਲਈ ਗੱਲਬਾਤ ਸ਼ੂਰੂ ਹੋ ਗਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਵੱਲੋਂ ਯੂਕ੍ਰੇਨ ਉੱਪਰ ਕੀਤਾ ਗਏ ਫੌਜੀ ਹਮਲੇ ਦੇ ਹੋਰ ਗੰਭੀਰ ਸਥਿਤੀ ਵਿੱਚ ਪਹੁੰਚਣ ਦੀ ਸੂਚਨਾ ਹੈ। ਅਮੈਰਿਕਾ ਸਮੇਤ ਪੱਛਮੀ ਮੁਲਕਾਂ ਵੱਲੋਂ ਭੜਕਾਊ ਟਿੱਪਣੀਆਂ ਕਰਨ ਦਾ ਇਲਜ਼ਾਮ ਲਗਾਉਂਦਿਆਂ ਰੂਸੀ ਰਾਸ਼ਟਰਪਤੀ ਵਲਾਦਿਮਿਰ ਪੂਤਿਨ ਨੇ ਰਸ਼ਿਅਨ ਨਿਉਕਲਿਅਰ ਫੋਰਸਿਜ਼ ਨੂੰ 'ਹਾਇ ਅਲਰਟ' 'ਤੇ ਰਹਿਣ ਦਾ ਹੁਕਮ ਜਾਰੀ ਕੀਤਾ ਹੈ। ਇਸ ਮਗਰੋਂ ਸਥਿਤੀ ਬਹੁਤ ਗੰਭੀਰ ਹੋ ਗਈ ਮੰਨੀ ਜਾ ਰਹੀ ਹੈ। ਪੂਤਿਨ ਦੇ ਇਸ ਹੁਕਮ ਮਗਰੋਂ ਯੂਕ੍ਰੇਨ ਨੇ ਰੂਸ ਨਾਲ ਗੱਲਬਾਤ ਕਰਨ ਲਈ ਹਾਮੀ ਭਰ ਦਿੱਤੀ । ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦਿਮਿਰ ਜ਼ੇਲੈਂਸਕੀ ਨੇ ਪਹਿਲਾਂ ਬੇਲਾਰੂਸ ਵਿੱਚ ਗੱਲਬਾਤ ਲਈ ਆਪਣੀ ਟੀਮ ਭੇਜਣ ਤੋਂ ਨਾਂਹ ਕਰ ਦਿੱਤੀ ਸੀ। ਹੁਣ ਉਹ ਆਪਣੀ ਟੀਮ ਬੇਲਾਰੂਸ ਭੇਜਣ ਲਈ ਤਿਆਰ ਹੋ ਗਏ ਹਨ ਤੇ ਗੱਲਬਾਤ ਸ਼ੁਰੂ ਵੀ ਹੋ ਗਈ ਹੈ। ਯੂਕਰੇਨੀ ਰਾਸ਼ਟਰਪਤੀ ਦੇ ਦਫ਼ਤਰ ਮੁਤਾਬਕ ਯੂਕਰੇਨ ਜੰਗਬੰਦੀ ਅਤੇ ਰੂਸ ਦੀਆਂ ਫ਼ੌਜਾਂ ਦੀ ਵਾਪਸੀ ਚਾਹੁੰਦਾ ਹੈ। ਰੂਸ ਇੱਕ ਅਜਿਹਾ ਸਮਝੌਤਾ ਚਾਹੁੰਦਾ ਹੈ ਜੋ ਦੋਹਾਂ ਦੇਸ਼ਾਂ ਦੇ ਹਿੱਤ ਵਿੱਚ ਹੋਵੇ। ਰੂਸੀ ਸਰਹੱਦਾਂ ਉੱਪਰ ਰੂਸ ਦੀ ਹਵਾਈ ਫ਼ੌਜ ਨੇ ਗਸ਼ਤ ਤੇਜ਼ ਕਰ ਦਿੱਤੀ ਹੈ। ਯੂਕ੍ਰੇਨ ਸਰਕਾਰ ਦੇ ਲੋਕਪਾਲ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਆਖਿਆ ਹੈ ਕਿ 200 ਤੋਂ ਵੱਧ ਯੂਕਰੇਨੀ ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ ਜਦੋਂਕਿ 1100 ਇਸ ਤੋਂ ਵੱਧ ਜ਼ਖ਼ਮੀ ਹਨ। ਯੂਕ੍ਰੇਨ ਦਾ ਦਾਵਾ ਹੈ ਕਿ ਉਸ ਨੇ 5000 ਤੋਂ ਵੱਧ ਰੂਸੀ ਫੌਜੀ ਮਾਰ ਦਿੱਤੇ ਹਨ। ਰਾਜਧਾਨੀ ਕੀਵ ਤੋਂ ਬਾਦ ਮੰਨੇ ਜਾਂਦੇ ਵੱਡੇ ਸ਼ਹਿਰ ਖਾਰਕੀਵ ਉੱਪਰ ਪਹਿਲਾਂ ਰੂਸੀ ਕਬਜ਼ਾ ਹੋ ਗਿਆ ਸੀ ਪਰ ਯੂਕ੍ਰੇਨ ਸਰਕਾਰ ਨੇ ਕਿਹਾ ਹੈ ਕਿ ਖਰਕੀਵ ਸ਼ਹਿਰ ਵਿੱਚੋਂ ਰੂਸੀ ਫ਼ੌਜਾਂ ਨੂੰ ਖਦੇੜ ਦਿੱਤਾ ਗਿਆ ਹੈ। ਰਾਜਧਾਨੀ ਕੀਵ 'ਚ ਤੇਲ ਡਿੱਪੂ 'ਤੇ ਮਿਜ਼ਾਇਲ ਹਮਲਾ ਹੋਇਆ ਜਿਸ ਪਿਛੋਂ ਵੱਡੇ ਧਮਾਕੇ ਹੋਏ ਤੇ ਲੋਕਾਂ ਨੂੰ ਖਿੜਕੀਆਂ ਚੰਗੀ ਤਰ੍ਹਾਂ ਬੰਦ ਰੱਖਣ ਦੀ ਤਾਕੀਦ ਕੀਤੀ ਗਈ ਹੈ। ਰੂਸ ਨੇ ਯੂਕ੍ਰੇਨ ਦੇ ਦੱਖਣ ਅਤੇ ਦੱਖਣ-ਪੂਰਬ ਵਿੱਚ ਦੋ ਹੋਰ ਸ਼ਹਿਰਾਂ ਨੂੰ ਘੇਰ ਲਿਆ ਦੱਸਿਆ ਜਾਂਦਾ ਹੈ।



# ਮੁਜ਼ਾਹਰੇ ਵਿੱਚ ਹਿੱਸਾ ਲੈਣ ਵਾਲੇ ਪੁਲਸੀਏ ਬਿਨਾ ਤਨਖਾਹ ਤੋਂ ਸੈਸਪੈਂਡ ਕੀਤੇ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਬੀਤੀ 12 ਫ਼ਰਬਰੀ ਵਾਲੇ ਦਿਨ ਐਲਬਰਟਾ-ਮੌਂਟੈਨਾ ਇੰਟਰਨੈਸ਼ਨਲ ਬੌਰਡਰ ਨੇੜੇ ਕੂਟਸ ਵਿੱਚ 'ਟ੍ਰਕਰਜ਼ ਕੌਨਵੌਇ' ਵੱਲੋਂ ਕੀਤੇ ਗਏ ਮੁਜ਼ਾਹਰੇ ਵਿੱਚ ਹਿੱਸਾ ਲੈਣ ਕਰਕੇ ਐਡਮੰਟਨ ਸਿਟੀ ਪੁਲਿਸ ਦੇ ਦੋ ਅਧਿਕਾਰੀਆਂ ਨੂੰ ਬਿਨਾ ਤਨਖਾਹ ਤੋਂ ਸਸਪੈਂਡ ਕਰ ਦਿੱਤਾ ਗਿਆ ਹੈ। ਕੌਂਸਟੇਬਲ ਏਲੀਨਾ ਗੋਲਿਸ਼ੇਵਾ ਅਤੇ ਸਟਾਫ਼ ਸਾਰਜੰਟ ਰਿਕ ਐਬਟ ਦੀ, ਰੈਲੀ ਵਿੱਚ ਸ਼ਾਮਿਲ ਲੋਕਾਂ ਨੂੰ ਸੰਬੋਧਨ ਕਰਦਿਆਂ ਦੀ ਵੀਡੀ? ਸਾਹਮਣੇ ਆਉਣ ਮਗਰੋਂ ਬਰਖਾਸਤ ਕੀਤਾ ਗਿਆ ਹੈ। ਉਹਨਾਂ ਨੂੰ ਲੰਘੀ 23 ਫ਼ਰਬਰੀ ਵਾਲੇ ਦਿਨ ਇਹ ਸਜ਼ਾ ਦਿੱਤੀ ਗਈ ਦੱਸੀ ਜਾਂਦੀ ਹੈ। ਐਡਮੰਟਨ ਪੁਲਿਸ ਸਰਵਿਸ ਦੀ ਪ੍ਰੋਫੈਸ਼ਨਲ ਸਟੈਂਡਰਡ ਬ੍ਰੈਂਚ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਸਟੇਜ ਤੋਂ ਉਹਨਾਂ ਨੇ ਇਹ ਤਾਂ ਦੱਸਿਆ ਸੀ ਕਿ ਉਹ ਦੋਵੇਂ ਪੁਲਿਸ ਮੁਲਾਜ਼ਮ ਹਨ ਪਰ ਇਹ ਨਹੀਂ ਦੱਸਿਆ ਸੀ ਕਿ ਕਿੱਥੇ ਕੰਮ ਕਰਦੇ ਹਨ।

# ਅਲਬਰਟਾ ਸੂਬੇ ਅੰਦਰ ਸਿਹਤ ਸਬੰਧੀ ਲੱਗੀਆਂ ਪਾਬੰਦੀਆਂ ਬਹੁਤ ਥਾਵਾਂ ਉੱਪਰੋਂ ਹਟਾ ਲਈਆਂ ਗਈਆਂ ਹਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਵਿਡ-19 ਮਹਾਮਾਰੀ ਦੇ ਚੱਲਦਿਆਂ ਐਲਬਰਟਾ ਵਿੱਚ ਲਗਾਈਆਂ ਸਿਹਤ ਸੰਬੰਧੀ ਪਾਬੰਦੀਆਂ ਨੂੰ ਹਟਾਏ ਜਾਣ ਦੇ ਸਿਲਸਿਲੇ ਦਾ ਦੂਜਾ ਪੜਾਅ, ਪਹਿਲੀ ਮਾਰਚ ਤੋਂ ਸ਼ੁਰੂ ਹੋ ਗਿਆ ਹੈ। ਗ੍ਰੈਂਡ ਪ੍ਰੇਅਰੀ ਵਿੱਚ 63272 ਵਰਗ ਮੀਟਰ ਵਿੱਚ 870 ਮਿਲੀਅਨ ਡੌਲਰਜ਼ ਦੀ ਲਾਗਤ ਨਾਲ ਉਸਾਰੇ ਗਏ 240 ਬੈਡਜ਼ ਵਾਲੇ ਹਸਪਤਾਲ ਦਾ ਉਦਘਾਟਨ ਕਰਨ ਮੌਕੇ ਪ੍ਰੀਮੀਅਰ ਜੇਸਨ ਕੈਨੀ ਨੇ ਐਲਾਨ ਕੀਤਾ ਕਿ ਸੂਬੇ ਵਿੱਚ ਦਿੱਤੀਆਂ ਜਾ ਰਹੀਆਂ ਛੋਟਾਂ ਵਿੱਚ ਕੇਵਲ ਹਾਇ-ਰਿਸਕ ਸੈਟਿੰਗਜ਼ ਵਿੱਚ ਮਾਸਕ ਪਾ ਕੇ ਰੱਖਣ ਤੋਂ ਅਲਾਵਾ ਬਾਕੀ ਹਰ ਥਾਂ ਤੋਂ ਮਾਸਕ ਪਾਉਣ ਦੀ ਸ਼ਰਤ ਹਟਾਈ ਹੈ। ਹਾਇ ਰਿਸਕ ਸੈਟਿੰਗਜ਼ ਵਾਲੀਆਂ ਥਾਵਾਂ ਵਿੱਚ ਹਸਪਤਾਲ, ਕੇਅਰ ਸੈਂਟਰ, ਐਲਬਰਟਾ ਹੈਲਥ ਸਰਵਿਸਿਜ਼ ਦੀਆਂ ਸਾਰੀਆਂ ਫੈਸਿਲਿਟੀਜ਼ ਨੂੰ ਸ਼ਾਮਿਲ ਰੱਖਿਆ ਗਿਆ ਹੈ। ਸਕੂਲਾਂ ਵਿੱਚ ਲੱਗੀਆਂ ਸਾਰੀਆਂ ਪਾਬੰਦੀਆਂ ਖ਼ਤਮ ਹੋ ਗਈਆਂ ਹਨ। ਐਂਟਰਟੇਨਮੈਂਟ ਐਂਡ ਸਪੋਰਟ ਐਕਟਿਵਿਟੀਜ਼ ਵਾਸਤੇ ਸਕਰੀਨਿੰਗ ਦੀ ਸ਼ਰਤ ਵੀ ਖ਼ਤਮ ਹੋ ਗਈ ਹੈ। ਇਕੱਠਾਂ ਵਿੱਚ ਸ਼ਾਮਿਲ ਹੋਣ ਵਾਲੇ ਵਿਅਕਤੀਆਂ ਦੀ ਸੰਖਿਆ ਹੁਣ ਸੀਮਿਤ ਨਹੀਂ ਰਹੇਗੀ ਤੇ ਇਨਡੋਰ ਅਤੇ ਆਉਟਡੋਰ ਸੋਸ਼ਲ ਗੈਦਰਿੰਗਜ਼ ਉੱਪਰ ਵੀ ਕੋਈ ਸੀਮਾ ਨਹੀਂ ਹੋਵੇਗੀ। ਘਰਾਂ ਤੋਂ ਕੰਮ ਕਰਨ ਦੀ ਸ਼ਰਤ ਵੀ ਹਟਾਈ ਗਈ ਹੈ। ਨਾਇਟ-ਕਲੱਬਜ਼, ਬਾਰਜ਼ ਅਤੇ ਰੈਸਟੌਰੈਂਟਸ ਵਿੱਚ ਸ਼ਰਾਬ ਪਰੋਸਣ ਲਈ ਅਤੇ ਇਹਨਾਂ ਦੇ ਖੁੱਲ੍ਹਣ-ਬੰਦ ਕਰਨ ਵਾਸਤੇ ਲੱਗੀਆਂ ਸਮਾਂ ਸੀਮਾ ਪਾਬੰਦੀਆਂ ਵੀ ਖ਼ਤਮ ਹੋ ਗਈਆਂ ਹਨ।

# ਪੁਲਿਸ ਹੱਥੋ ਮਾਰੇ ਗਏ ਅਫਰੀਕਨ ਮੂਲ ਦੇ ਵਿਅਕਤੀ ਸਬੰਧੀ ਡਾਉਨਟਾਊਨ ਵਿੱਚ ਰੋਸ ਮੁਜ਼ਾਹਰਾ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 19 ਫ਼ਰਬਰੀ ਨੂੰ ਪੁਲਿਸ ਅਧਿਕਾਰੀ ਵੱਲੋਂ ਚਲਾਈ ਗੋਲੀ ਕਾਰਨ ਅਫ਼ਰੀਕਨ ਮੂਲ ਦੇ 41 ਸਾਲਾ ਲੈਟਿਉਰ ਟੁਐਲ ਦੇ ਮਾਰੇ ਜਾਣ ਦੀ ਘਟਨਾ ਦੇ ਸੰਬੰਧ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਡਾਉਨ-ਟਾਉਨ ਕੈਲਗਰੀ ਵਿੱਚ ਵਿਰੋਧ ਮੁਜ਼ਾਹਰਾ ਕੀਤਾ ਹੈ। ਸਿਟੀ ਹੌਲ ਦੀਆਂ ਪੌੜੀਆਂ 'ਤੇ ਖੜ੍ਹ ਕੇ ਲੈਟਿਉਰ ਟੁਐਲ ਦੀ ਬੇਟੀ ਨਿਐਲਿੰਗਲੈਟ ਲੈਟਿਉਰ ਨੇ ਕਿਹਾ ਕਿ ਮਾਰੇ ਜਾਣ ਦੇ ਘੰਟਿਆਂ ਬਾਦ ਵੀ ਉਸ ਦੀ ਲਾਸ਼ ਸੜਕ ਕੰਢੇ ਕਿਉਂ ਪਈ ਰਹੀ ਤੇ ਉਸ ਘਟਨਾ ਨੂੰ ਵੱਖਰੇ ਢੰਗ ਨਾਲ ਕਿਉਂ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਮਾਮਲੇ ਦੀ ਜਾਂਚ ਐਲਬਰਟਾ ਸੀਰਿਅਸ ਇੰਸਿਡੈਂਟ ਰੈਸਪੌਂਸ ਟੀਮ ਵੱਲੋਂ ਕੀਤੀ ਜਾ ਰਹੀ ਹੈ। ਮਾਰਿਆ ਗਿਆ ਵਿਅਕਤੀ ਸੁਡਾਨ ਵਿੱਚ ਬਾਲ ਫੌਜੀ ਸੀ ਤੇ ਉਹ ਮੈਂਟਲ ਹੈਲਥ ਇਸ਼ੂਜ਼ ਨਾਲ ਜੂਝ ਰਿਹਾ ਸੀ। ਉਸ ਨੂੰ ਸੁਡਾਨ ਤੋਂ ਭੱਜਣਾ ਪਿਆ ਸੀ ਤੇ ਲੰਮਾ ਸਮਾਂ ਰੈਫਿਉਜੀ ਵਜੋਂ ਰਹਿਣਾ ਪਿਆ ਸੀ। ਪੁਲਿਸ ਮੁਖੀ ਮਾਰਕ ਨਿਊਫ਼ੈਲਡ ਦਾ ਕਹਿਣਾ ਹੈ ਕਿ ਲੈਟਿਉਰ ਉਪਰ ਘੱਟ ਮਾਰੂ ਤਾਕਤ ਵਰਤੀ ਗਈ ਸੀ ਪਰ ਉਸ ਕਿਸੇ ਕੰਮ ਨਾ ਆਈ ਅਤੇ ਪੁਲਿਸ ਡੌਗ ਉਪਰ ਜਾਨਲੇਵਾ ਹਮਲਾ ਕਰ ਦਿੱਤਾ ਗਿਆ ਤੇ ਚਾਕੂ ਲੈ ਕੇ ਉਹ ਪੁਲਿਸ ਅਧਿਕਾਰੀ ਦੇ ਬਹੁਤ ਨੇੜੇ ਆ ਗਿਆ ਸੀ ਜਿਸ 'ਤੇ ਗੋਲੀ ਚਲਾਉਣੀ ਪਈ ਸੀ।

SUPERVISA
Medical Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ



Harpinder Sidhu
REGIONAL MANAGER
403 404 3500
sidhu.harpinder@gmail.com

Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance



Gurinder Chahal
MANAGER
587 707 7000
cgyquotes@gmail.com

A+PLUS

- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜ਼ੇ ਵਿਚ)
Calgary (AB) T3J 5H2



Kewal Sangha
587 582 6666

- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting

ਆਟੋ ਬਾਡੀ ਦੇ ਤਸੱਲੀਬਖ਼ਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।

Insurance Claims
Courtesy Cars
All Work Guaranteed

Mike Randev
R.Gill
Tel : (403) 273-8889
Fax : (403) 273-8812

720 Moraine Road NE, Calgary, AB, T2A 2P3
Email: aclass@aclassautobody.ca

# 'ਪਿੰਡ ਮੇਰੇ ਸਹੁਰਿਆਂ ਦਾ ਮੈਨੂੰ ਗਿੱਧੇ ਵਿੱਚ ਬਹੁਤਾ ਨਾ ਨਚਾਉ'

## ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਫੈਮਲੀ ਡੇ ਤੇ ਵਿਸ਼ਵ ਮਾਤ-ਭਾਸ਼ਾ ਦਿਵਸ ਨੂੰ ਸਮਰਪਿਤ ਰਹੀ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਫ਼ਰਵਰੀ 2022 ਦੀ ਮੀਟਿੰਗ 19 ਫ਼ਰਵਰੀ ਸ਼ਨਿੱਚਰਵਾਰ ਨੂੰ ਇੰਡੋ-ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਹਾਲ ਵਿੱਚ ਹੋਈ। ਮੀਟਿੰਗ ਦੇ ਪਹਿਲੇ ਹਿੱਸੇ ਵਿੱਚ ਸਭਾ ਦੇ ਕਾਰਜਕਾਰੀ ਮੈਂਬਰਾਂ ਵੱਲੋਂ ਸਭਾ ਦੀ ਕਾਰਗੁਜ਼ਾਰੀ ਲਈ ਕੁਝ ਨਵੇਂ ਮੈਂਬਰਾਂ ਦੀ ਨਿਯੁਕਤੀ ਬਾਰੇ ਵਿਚਾਰਵਟਾਂਦਰਾ ਕੀਤਾ ਗਿਆ। ਮੀਟਿੰਗ ਦੇ ਦੂਜੇ ਹਿੱਸੇ ਵਿੱਚ ਸਭਾ ਦੇ ਮੈਂਬਰਾਂ ਨੂੰ ਜੀ ਆਇਆ ਆਖਦਿਆਂ ਉਪ-ਪ੍ਰਧਾਨ ਗੁਰਚਰਨ ਥਿੰਦ ਨੇ ਵੈਲੇਨਟਾਈਨ ਡੇ, ਫੈਮਲੀ ਡੇ,ਵਿਸ਼ਵ ਮਾਤ-ਭਾਸ਼ਾ ਦਿਵਸ ਬਾਰੇ ਗੱਲ-ਬਾਤ ਕੀਤੀ ਅਤੇ ਸਭਾ ਵਿੱਚ ਹੋਈਆਂ ਨਵੀਆਂ ਨਿਯੁਕਤੀਆਂ ਬਾਰੇ ਸਭਾ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਸਭਾ ਪ੍ਰਧਾਨ ਬਲਵਿੰਦਰ ਬਰਾੜ ਨੇ ਹਾਜ਼ਰ ਮੈਂਬਰਾਂ ਦਾ ਸੁਆਗਤ ਕੀਤਾ ਅਤੇ ਆਪਣੀ ਭਾਰਤ ਫੇਰੀ ਦੌਰਾਨ ਡਾ: ਸਵੈਮਾਨ ਸਿੰਘ ਹੁਰਾਂ ਨਾਲ ਹੋਈ ਮੁਲਾਕਾਤ ਦੀਆਂ ਕੁੱਝ ਦਿਲਚਸਪ ਗੱਲਾਂ ਸਭ ਨਾਲ ਸਾਂਝੀਆਂ ਕੀਤੀਆਂ। ਜਗਦੀਸ਼ ਬਰੀਆ,ਕੁਲਦੀਪ ਜੀ ਤੇ ਕਿਰਨ ਕਲਸੀ ਦੁਆਰਾ ਸਭ ਨਾਲ ਪਿਆਰ ਕਰਨ ਦਾ ਸੰਦੇਸ਼ ਦਿੰਦਿਆਂ ਇਸ ਵਿਸ਼ੇ ਤੇ ਵਿਚਾਰ ਸਾਂਝੇ ਕੀਤੇ ਗਏ।ਹਰਮਿੰਦਰ ਚੁੱਘ ਨੇ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਮਾਤ ਭਾਸ਼ਾ ਪੰਜਾਬੀ ਦਾ ਇੱਕ ਗੀਤ 'ਰਾਵੀ ਦੀਆਂ ਛੱਲਾਂ' ਸੁਣਾਇਆ। ਸੁਰਜੀਤ ਧੁਨਾਂ, ਆਸ਼ਾ ਪਾਲ,ਜਗਵਿੰਦਰ ਬਰਾੜ, ਹਰਦੇਵ ਕੌਰ ਮਾਟਾ, ਅਮਰਜੀਤ ਤੇ ਭਗਵੰਤ ਕੌਰ ਹੇਰ ਹੁਰਾਂ ਲੋਕ-ਬੋਲੀਆਂ ਤੇ ਟੱਪੇ ਗਾ ਸਭ ਨੂੰ ਨੱਚਣ ਲਾ ਦਿੱਤਾ। ਅਮਰਜੀਤ ਸੱਗੂ ਨੇ 'ਮਾਂਜੀ- ਮਾਂਜੀ ਆਖਾਂ' ਗੀਤ ਗਾ ਮਾਂ-ਧੀ ਵਰਗੇ ਸੱਸ-ਨੂੰਹ ਵਿਚਲੇ ਪਿਆਰ ਨੂੰ ਪੇਸ਼ ਕੀਤਾ। ਜੁਗਿੰਦਰ ਪੁਰਬਾ ਜੀ ਨੇ 'ਧੰਨ ਧੰਨ ਵੀਰਾ' ਗੀਤ ਸੁਣਾਇਆ। ਪਰਿਵਾਰ ਦੀ ਅਹਿਮੀਅਤ ਬਾਰੇ ਬੁਲਾਰਿਆਂ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ।ਬਲਜਿੰਦਰ ਗਿੱਲ ਨੇ ਜੀਵਨ ਦੇ ਕੁੱਝ ਤਜਰਬੇ ਸਾਂਝੇ ਕਰਦਿਆਂ ਵੈਲੇਨਟਾਈਨ ਡੇ ਬਾਰੇ ਗੱਲ-ਬਾਤ ਕੀਤੀ ਤੇ ਸਿਹਤਯਾਬੀ ਲਈ ਯੋਗ ਅਭਿਆਸ ਕਰਨ ਬਾਰੇ ਪ੍ਰੇਰਿਤ ਕੀਤਾ। ਸਰਬਜੀਤ ਉਪੱਲ ਨੇ 'ਪਿੰਡ ਮੇਰੇ ਸਹੁਰਿਆਂ ਦਾ ਮੈਨੂੰ ਗਿੱਧੇ ਵਿੱਚ ਬਹੁਤਾ ਨਾ ਨਚਾਉ' ਗੀਤ ਸੁਣਾਉਂਦਿਆਂ ਸਭ ਨੂੰ ਪਿਆਰ-ਸਾਂਝ ਨਾਲ ਜੀਵਨ ਜਿਉਣ ਦੇ ਪ੍ਰੇਰਨਾ ਭਰੇ ਸ਼ਬਦ ਕਹੇ। ਮੁਖਤਿਆਰ ਧਾਲੀਵਾਲ ਤੇ ਸਤਵਿੰਦਰ ਕੌਰ ਨੇ ਗੀਤ 'ਬਚਪਨ ਦੀ ਮੁਹੱਬਤ' ਤੇ 'ਵੰਗਾਂ ਚੜ੍ਹਾਦੇ' ਲੰਬੀ ਹੇਕ ਲਾ ਕੇ ਸੁਣਾਇਆ। ਸੁੱਖਜੀਤ ਸੈਣੀ ਨੇ ਪਿਆਰ ਨੂੰ ਬਿਆਨ ਕਰਦੀ ਕਵਿਤਾ 'ਮਿੱਟੀ ਗਰਦੇ ਦਾ ਕਿਣਕਾ' ਸੁਣਾਈ। ਅੰਤ ਵਿੱਚ ਗੁਰਚਰਨ ਥਿੰਦ ਨੇ ਪਿਆਰ ਭਰਿਆ ਗੀਤ ਸੁਣਾਉਂਦਿਆਂ ਪਿਆਰ ਦੇ ਅਹਿਸਾਸ ਨੂੰ ਬਿਆਨ ਕੀਤਾ ਅਤੇ ਪ੍ਰਧਾਨ ਬਲਵਿੰਦਰ ਬਰਾੜ ਨੇ ਮੀਟਿੰਗ ਵਿੱਚ ਆਏ ਮੈਂਬਰਾਂ ਦਾ ਧੰਨਵਾਦ ਕੀਤਾ।


## ਅਲਬਰਟਾ ਵਿਧਾਨ ਸਭਾ ਦਾ ਸੈਸ਼ਨ ਸ਼ੁਰੂ—

# ਸਮਾਜ ਵਿੱਚ ਯੋਗਦਾਨ ਦੇਣ ਵਾਲੇ 7000 ਸੂਬਾ ਵਾਸੀਆਂ ਨੂੰ ਕੁਈਨ'ਜ਼ ਪਲੈਟਿਨਮ ਜੁਬਿਲੀ ਮੈਡਲ ਦਿੱਤਾ ਜਾਵੇਗਾ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਕਿ ਸੂਬੇ ਵਿੱਚ ਪ੍ਰਾਇਵੇਟ ਫੈਸਿਲਿਟੀਜ਼ ਵਿੱਚ ਹੋਣ ਵਾਲੀਆਂ ਸਰਜਰੀਆਂ ਦੀ ਸੰਖਿਆ ਦੁੱਗਣੀ ਕਰਨ ਅਤੇ ਹੈਲਥ ਕੇਅਰ ਵੱਲ ਸ਼ੁਰੂ ਹੋਏ ਵਿਧਾਨਸਭਾ ਸੈਸ਼ਨ ਦੌਰਾਨ ਧਿਆਨ ਦਿੱਤਾ ਜਾਵੇਗਾ। ਪ੍ਰੀਮੀਅਰ ਨੇ ਕਿਹਾ ਕਿ ਪਿਛਲੇ 2 ਸਾਲਾਂ ਵਿੱਚ 15% ਸਰਜਰੀਆਂ ਨਿਜੀ ਫੈਸਿਲਿਟੀਜ਼ ਵਿੱਚ ਹੋਈਆਂ ਹਨ ਤੇ ਹੁਣ ਇਹਨਾਂ ਦੀ ਗਿਣਤੀ ਵਧਾ ਕੇ 30% ਕੀਤੀ ਜਾਵੇਗੀ ਪਰ ਕਿਸੇ ਵੀ ਵਿਅਕਤੀ ਨੂੰ ਆਪਣੇ ਪੱਲਿਓ ਖ਼ਰਚਾ ਨਹੀਂ ਕਰਨਾ ਪਵੇਗਾ ਤੇ ਸੂਬਾ ਸਰਕਾਰ ਇਹਨਾਂ ਦਾ ਖ਼ਰਚਾ ਅਦਾ ਕਰੇਗੀ। ਲਿਉਟਿਨੈਂਟ ਗਵਰਨਰ ਸਲਮਾ ਲਖਾਨੀ ਵੱਲੋਂ ਥ੍ਰੋਨ ਸਪੀਚ ਪੜ੍ਹੇ ਜਾਣ ਨਾਲ ਸੂਬੇ ਦੀ 30ਵੀਂ ਵਿਧਾਨਸਭਾ ਦੇ ਤੀਸਰੇ ਸੈਸ਼ਨ ਦੀ ਰਸਮੀ ਸ਼ੁਰੂਆਤ ਹੋ ਗਈ ਹੈ। ਅਗਲੇ ਸਾਲ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਤੋਂ ਪਹਿਲਾਂ ਦਾ ਇਹ ਆਖ਼ਰੀ ਸੈਸ਼ਨ ਹੋ ਸਕਦਾ ਹੈ। ਥ੍ਰੋਨ ਸਪੀਚ ਵਿੱਚ ਸਰਕਾਰ ਨੇ ਕਈ ਵਾਅਦੇ ਕੀਤੇ ਹਨ। ਇਹਨਾਂ ਵਿੱਚ ਬੈਲੈਂਸਿੰਗ ਪੂਲ ਨੂੰ ਖ਼ਤਮ ਕਰਨਾ, ਨੈਚੁਰਲ ਗੈਸ ਵਾਸਤੇ ਕੰਜ਼ਿਊਮਰ ਰਿਬੇਟ ਪ੍ਰੋਗਰਾਮ ਲਿਆਉਣਾ, ਰਾਇਟ ਟੂ ਨੋ(Rght to Know) ਕਾਨੂੰਨ ਲਿਆਉਣਾ, ਪੁਲਿਸ ਐਕਟ ਵਿੱਚ ਤਬਦੀਲੀਆਂ ਕਰਨਾ, ਸਿਕਿਉਰਿਟੀ ਇਨਫ੍ਰਾਸਟ੍ਰਕਚਰ ਪ੍ਰੋਗਰਾਮ ਨੂੰ ਅਪਗ੍ਰੇਡ ਕਰਨਾ ਆਦਿ ਸ਼ਾਮਿਲ ਕੀਤਾ ਗਿਆ ਹੈ। ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਸਮਾਜ ਵਿੱਚ ਸ਼ਾਨਦਾਰ ਅਤੇ ਮਹੱਤਵਪੂਰਨ ਯੋਗਦਾਨ ਦੇਣ ਵਾਲੇ 7000 ਸੂਬਾ ਵਾਸੀਆਂ ਨੂੰ ਕੁਈਨ'ਜ਼ ਪਲੈਟਿਨਮ ਜੁਬਿਲੀ ਮੈਡਲ ਦਿੱਤਾ ਜਾਵੇਗਾ। ਸਾਬਕਾ ਪ੍ਰੀਮੀਅਰ ਅਤੇ ਵਿਧਾਨਸਭਾ ਵਿੱਚ ਵਿਰੋਧੀ ਧਿਰ ਆਗੂ ਰੇਚੈਲ ਨੌਟਲੀ ਨੇ ਕਿਹਾ ਹੈ ਕਿ ਸਰਕਾਰ ਆਪਣੀਆਂ ਨੀਤੀਆਂ ਵਿੱਚ ਫੇਲ੍ਹ ਹੋਈ ਹੈ ਤੇ ਉਹਨਾਂ ਵੱਲੋਂ ਪ੍ਰਾਇਵੇਟ ਮੈਂਬਰ'ਜ਼ ਬਿਲ ਪੇਸ਼ ਕੀਤਾ ਜਾਵੇਗਾ ਜਿਸ ਵਿੱਚ ਉਹ ਕੋਲੇ ਦੀਆਂ ਖਦਾਨਾਂ ਬੰਦ ਕਰਨ ਆਦਿ ਸੰਬੰਧੀ ਕਾਨੂੰਨ ਬਣਾਉਣ ਦੀ ਮੰਗ ਕਰਨਗੇ।

# ਆਪਣੀ ਗਰਲ-ਫ੍ਰੈਂਡ ਦੇ ਪਹਿਲੇ ਬੁਆਇ-ਫ੍ਰੈਂਡ ਨੂੰ ਗੋਲੀ ਮਾਰਣ ਵਾਲਾ ਸੈਕਿੰਡ ਡਿਗਰੀ ਮਰਡਰ ਦੋਸ਼ੀ ਕਰਾਰ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਏਅਰਡਰੀ ਦੇ ਰਹਿਣ ਵਾਲੇ 21 ਸਾਲਾ ਵੈਨ ਮੈਕਲਬਰਗ਼ ਨਾਮ ਦੇ ਇੱਕ ਵਿਅਕਤੀ ਨੂੰ ਆਪਣੀ ਗਰਲ-ਫ੍ਰੈਂਡ ਦੇ ਪਹਿਲੇ ਬੁਆਇ-ਫ੍ਰੈਂਡ ਦੀ ਗੋਲੀ ਮਾਰ ਕੇ ਹੱਤਿਆ ਕਰਨ ਦਾ ਦੋਸ਼ੀ ਐਲਾਨਿਆ ਗਿਆ ਹੈ। ਉਸ ਨੇ 15 ਫ਼ਰਬਰੀ 2020 ਵਾਲੇ ਦਿਨ ਕੈਲਿਕਸ (ਖਅਲਿਣ) ਲਾਂਗਨਉ ਨਾਮ ਦੇ ਉਸ ਸਮੇਂ 19 ਸਾਲਾ ਲੜਕੇ ਨੂੰ ਬਿਲਕੁਲ ਨੇੜਿਉਂ, ਸਿਰ ਦੇ ਪਿਛਲੇ ਪਾਸੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਸੀ। ਉਸ ਸਮੇਂ ਦੋਵਾਂ ਦੀ ਉਮਰ 19 ਸਾਲ ਸੀ। ਵੈਨ ਮੈਕਲਬਰਗ਼ ਦੀ ਗਰਲ-ਫ੍ਰੈਂਡ ਪਹਿਲਾਂ ਕਿਸੇ ਸਮੇਂ ਕੈਲਿਕਸ ਨਾਲ ਡੇਟਿੰਗ ਕਰਦੀ ਰਹੀ ਸੀ। ਜਿਸ ਰਾਤ ਕੈਲਿਕਸ ਦਾ ਕਤਲ ਹੋਇਆ, ਉਸ ਦਿਨ ਉਸ ਲੜਕੀ ਨਾਲ ਉਸ ਨੇ ਸੰਪਰਕ ਕੀਤਾ ਸੀ ਤੇ ਉਸ ਨੂੰ ਕਾਲ ਵੀ ਕੀਤੀ ਸੀ। ਸਾਲ 2019 ਵਿੱਚ ਕੈਲਿਕਸ ਦੀ ਗੱਡੀ ਦੇ ਸ਼ੀਸ਼ਿਆਂ ਵਿੱਚ ਗੋਲੀ ਮਾਰੀ ਗਈ ਸੀ ਜਿਸ ਲਈ ਉਹ ਮੈਕਲਬਰਗ਼ ਨੂੰ ਜ਼ਿੰਮੇਦਾਰ ਮੰਨਦਾ ਸੀ। ਲੈਂਗਨਉ ਡਰਦਾ ਹੋਇਆ ਬੀ ਸੀ ਚਲਿਆ ਗਿਆ ਸੀ। ਫ਼ਰਬਰੀ 2020 ਵਿੱਚ ਉਹ ਕੈਲਗਰੀ ਘੁੰਮਣ ਲਈ ਆਇਆ ਤਾਂ ਵੈਲੈਨਟਾਇਨ'ਜ਼ ਡੇ ਮੌਕੇ ਉਸ ਨੇ ਮੈਕਲਬਰਗ਼ ਦੀ ਗਰਲ-ਫ੍ਰੈਂਡ ਨੂੰ ਮੈਸੇਜ ਭੇਜ ਦਿੱਤੇ ਤੇ ਫੋਨ ਉੱਪਰ 15 ਮਿੰਟ ਗੱਲ ਕੀਤੀ। ਇਸ ਤੋਂ ਖਿਝੇ ਮੈਕਲਬਰਗ਼ ਨੇ ਤੜਕੇ ਡੇਢ ਵਜੇ ਬਾਲਜ਼ੈਕ ਦੇ ਕੌਸਕੋ ਦੀ ਪਾਰਕਿੰਗ ਲੌਟ ਵਿੱਚ ਸੱਦ ਲਿਆ। ਗਰਲ ਫ੍ਰੈਂਡ ਤਾਂ ਢਾਈ ਵਜੇ ਚਲੀ ਗਈ ਪਰ ਮੈਕਲਬਰਗ਼ ਤੇ ਕੈਲਿਕਸ ਉਥੇ ਹੀ ਰੁਕੇ ਰਹੇ। ਮਗਰੋਂ ਉਸ ਨੇ ਕੈਲਿਕਸ ਨੂੰ ਬਿਲਕੁਲ ਨਜ਼ਦੀਕ ਤੋਂ ਗੋਲੀ ਮਾਰ ਦਿੱਤੀ। ਹੁਣ ਅਦਾਲਤ ਨੇ ਉਸ ਨੂੰ ਸੈਕਿੰਡ ਡਿਗਰੀ ਮਰਡਰ ਦਾ ਦੋਸ਼ੀ ਐਲਾਨ ਦਿੱਤਾ ਹੈ। ਸਜ਼ਾ ਬਾਦ ਵਿੱਚ ਸੁਣਾਈ ਜਾਵੇਗੀ।

# ਹੁਣ ਤਾਂ ਕਿਸਮਤ ਚੰਦਰੀ ਬੰਦ ਪਈ ਐ ਵਿੱਚ ਮਸ਼ੀਨਾ ਦੇ ---




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਵਿੱਚ 117 ਵਿਧਾਨ ਸਭਾ ਹਲਕਿਆਂ ਲਈ ਨੁਮਾਇੰਦਿਆਂ ਦੀ ਚੋਣ ਵਾਸਤੇ ਸ਼ਾਂਤਮਈ ਢੰਗ ਨਾਲ ਇੱਕੋ ਪੜਾਅ ਵਿੱਚ ਵੋਟਾਂ ਪੈਣ ਦਾ ਕੰਮ ਮੁਕੰਮਲ ਹੋ ਗਿਆ ਹੈ। 1304 ਉਮੀਦਵਾਰਾਂ ਲਈ ਪੰਜਾਬ ਦੇ 2 ਕਰੋੜ 14 ਲੱਖ ਵੋਟਰ ਸਨ। ਕੁੱਲ ਵੋਟਿੰਗ 70-2% ਦਰਜ ਕੀਤੀ ਗਈ ਹੈ। ਪਿਛਲੀਆਂ ਚੋਣਾਂ ਵਿੱਚ 77-36% ਵੋਟਿੰਗ ਹੋਈ ਸੀ। ਸਰਦੂਲਗੜ੍ਹ ਵਿਧਾਨਸਭਾ ਖੇਤਰ ਵਿੱਚ 83-45% ਅਤੇ ਲੁਧਿਆਣਾ ਸੈਂਟਰਲ ਖੇਤਰ ਵਿੱਚ 51% ਵੋਟਿੰਗ ਹੋਣ ਦੀ ਖ਼ਬਰ ਹੈ। ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਨ ਲਈ ਵੱਡੀ ਗਿਣਤੀ ਵਿੱਚ ਅੱਗੇ ਆਉਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਡਾ।ਐਸ।ਕਰੁਣਾ ਰਾਜੂ, ਮੁੱਖ ਚੋਣ ਅਫ਼ਸਰ ਪੰਜਾਬ ਨੇ ਕਿਹਾ ਕਿ ਵੋਟਾਂ ਵਿੱਚ ਵਧ-ਚੜ੍ਹਕੇ ਹਿੱਸਾ ਪਾ ਕੇ ਸੂਬੇ ਦੇ ਲੋਕਾਂ ਨੇ ਇੱਕ ਵਧੀਆ ਮਿਸਾਲ ਕਾਇਮ ਕੀਤੀ ਹੈ। ਸਵੇਰ ਮੌਕੇ ਪੋਲ ਦੌਰਾਨ 146 ਬੈਲਟ ਯੂਨਿਟ, 152 ਕੰਟਰੋਲ ਯੂਨਿਟ ਅਤੇ 433 ਵੀਵੀਪੀਏਟੀ ਮਸ਼ੀਨਾਂ ਨੂੰ ਬਦਲਿਆ ਗਿਆ ਜਦਕਿ ਅਸਲ ਮਤਦਾਨ ਦੌਰਾਨ 72 ਬੈਲਟ ਯੂਨਿਟ, 64 ਕੰਟਰੋਲ ਯੂਨਿਟ ਅਤੇ 649 ਵੀਵੀਪੀਏਟੀ ਦੀ ਬਦਲੀ ਕਰਨੀ ਪਈ। ਡਾ। ਰਾਜੂ ਨੇ ਦੱਸਿਆ ਕਿ ਚੋਣਾਂ ਦੌਰਾਨ ਕੁਝ ਥਾਵਾਂ ਛੋਟੀਆਂ-ਮੋਟੀਆਂ ਘਟਨਾਵਾਂ ਸਾਹਮਣੇ ਆਈਆਂ ਅਤੇ ਚੋਣਾਂ ਦੌਰਾਨ ਅਣਸੁਖਾਵੀਆਂ ਘਟਨਾਵਾਂ ਨੂੰ ਰੋਕਣ ਲਈ 18 ਐਫ ਆਈ ਆਰ ਦਰਜ ਕੀਤੀਆਂ ਗਈਆਂ। ਚੋਣ ਨਤੀਜੇ 10 ਮਾਰਚ 2022 ਨੂੰ ਆਉਣਗੇ।

# ਜੰਗੀ ਹਮਲਿਆਂ ਤੋਂ ਡਰਦੇ ਲੋਕ ਅੰਡਰਗਰਾਉਂਡ ਟਰੇਨ ਸਟੇਸ਼ਨਾਂ ਦੀ ਸ਼ਰਣ ਵਿੱਚ ਪਹੁੰਚੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਨੇ ਯੁਕ੍ਰੇਨ ਦੀ ਰਾਜਧਾਨੀ ਕੀਵ ਨੂੰ ਘੇਰ ਲਿਆ ਹੈ। ਕੀਵ ਦੇ ਮੇਅਰ ਵਿਟੈਲੀ ਕਲਿਟਸਚਕੋ ਨੇ ਦੱਸਿਆ ਹੈ ਕਿ ਸਾਰੇ ਸ਼ਹਿਰ ਨੂੰ ਘੇਰਾ ਪਾ ਲਿਆ ਗਿਆ ਹੈ। ਉਹਨਾਂ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਘਰਾਂ ਤੋਂ ਬਾਹਰ ਨਾ ਨਿੱਕਲਣ। ਸ਼ਹਿਰ ਵਿੱਚ 28 ਲੱਖ ਲੋਕ ਰਹਿੰਦੇ ਦੱਸੇ ਗਏ ਹਨ। ਵੱਡੀ ਗਿਣਤੀ ਵਿੱਚ ਲੋਕ ਬਾਹਰ ਹੋ ਰਹੀ ਬੰਬਾਰੀ ਤੋਂ ਬਚਣ ਵਾਸਤੇ ਅੰਡਰਗ੍ਰਾਉਂਡ ਟ੍ਰੇਨ ਸਟੇਸ਼ਨਾਂ 'ਤੇ ਰਹਿਣ ਲਈ ਪਹੁੰਚ ਗਏ ਹਨ।

# ਯੂਕਰੇਨ ਸਬੰਧੀ ਯੂਰਪ,ਇੰਗਲੈਂਡ ,ਅਮਰੀਕਾ ਅਤੇ ਹੁਣ ਕਨੇਡਾ ਵੀ ਇੱਕਸੁਰ ਬੋਲਣ ਲੱਗੇ ਹਨ।



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਯੁਕ੍ਰੇਨ ਦੇ ਹਿੱਸਿਆਂ ਨੂੰ ਇੱਕ ਅਜ਼ਾਦ ਖਿੱਤੇ ਵਜੋਂ ਮਾਨਤਾ ਦੇਣ ਮਗਰੋਂ ਉਥੇ ਆਪਣੀ ਫੌਜ ਭੇਜਣ ਤੋਂ ਬਾਦ ਰੂਸ ਉੱਪਰ ਪਾਬੰਦੀਆਂ ਲਗਾਉਣ ਦਾ ਸਿਲਸਿਲਾ ਜ਼ੋਰ ਫੜਣ ਲੱਗਿਆ ਹੈ। ਸਭ ਤੋਂ ਪਹਿਲਾਂ ਇੰਗਲੈਂਡ ਨੇ ਤੇ ਫਿਰ ਜਰਮਨੀ ਤੇ ਉਸ ਤੋਂ ਮਗਰੋਂ ਅਮੈਰਿਕਾ ਨੇ ਰੂਸ ਵਿਰੁੱਧ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਸੀ। ਹੁਣ ਕੈਨੇਡਾ ਵਿੱਚ ਇਸ ਸੂਚੀ ਵਿੱਚ ਸ਼ਾਮਿਲ ਹੋ ਗਿਆ ਹੈ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਰੂਸ ਨੇ ਯੁਕ੍ਰੇਨ ਦੀ ਸੰਪ੍ਰਭੁਤਾ ਜਾਂ ਸੌਵਰੈਨਿਟੀ 'ਤੇ ਹਮਲਾ ਕੀਤਾ ਹੈ। ਕੋਈ ਵੀ ਕੈਨੇਡੀਅਨ, ਕਿਸੇ ਵੀ ਤਰਾਂ ਨਾਲ, ਯੁਕ੍ਰੇਨ ਤੋਂ ਵੱਖ ਹੋਈਆਂ ਸਟੇਟਸ ਨਾਲ ਵਿੱਤੀ ਸੰਬੰਧ ਨਹੀਂ ਰੱਖੇਗਾ। ਰੂਸ ਦੇ ਸਰਕਾਰੀ ਬੈਂਕਾਂ ਨਾਲ ਕੋਈ ਲੈਣ ਦੇਣ ਨਹੀਂ ਕੀਤਾ ਜਾਵੇਗਾ। ਜਿਸ ਵੀ ਰੂਸੀ ਸੰਸਦ ਮੈਂਬਰ ਨੇ ਵੱਖ ਹੋਏ ਇਲਾਕਿਆਂ ਨੂੰ ਮਾਨਤਾ ਦਿੱਤੀ ਹੈ, ਉਸ ਨੂੰ ਕੈਨੇਡਾ ਆਉਣ ਦੀ ਆਗਿਆ ਨਹੀਂ ਹੋਵੇਗੀ। ਰੂਸ ਤੋਂ ਜਰਮਨੀ ਨੂੰ ਜਾਣ ਵਾਲੀ ਪਾਇਪ-ਲਾਇਨ ਚਾਲੂ ਨਹੀਂ ਹੋਵੇਗੀ। 460 ਕੈਨੇਡੀਅਨ ਫੌਜੀ, ਇਕ ਸਮੁੰਦਰੀ ਜੰਗੀ ਬੇੜਾ ਅਤੇ ਮੈਰੀਨ ਪੈਟਰੋਲ ਏਅਰਕ੍ਰਾਫ਼ਟ ਲਾਟਵੀਆ ਭੇਜੇ ਜਾਣਗੇ। ਉੱਧਰ ਰੂਸੀ ਸੰਸਦ ਨੇ ਰਾਸ਼ਟਰਪਾਤੀ ਪੂਤਿਨ ਨੂੰ ਦੇਸ਼ ਤੋਂ ਬਾਹਰ ਕਿਤੇ ਵੀ ਫੌਜ ਦੀ ਵਰਤੋਂ ਸੰਬੰਧੀ ਹੁਕਮ ਜਾਰੀ ਕਰਨ ਲਈ ਅਧਿਕਾਰ ਦੇ ਦਿਤੇ ਹਨ। ਯੁਕ੍ਰੇਨ ਨੇ ਰੂਸ ਵਿਚਲੇ ਆਪਣੇ ਸਾਰੇ ਨਾਗਰਿਕਾਂ ਨੂੰ ਦੇਸ ਵਾਪਤ ਪਰਤ ਆਉਣ ਲਈ ਅਪੀਲ ਜਾਰੀ ਕਰ ਦਿੱਤੀ ਹੈ।

# ਪਾਬੰਦੀਆ ਉਪਰੰਤ ਹੁਣ ਰੂਸੀ ਜਹਾਜ ਕਨੇਡਾ ਅਤੇ ਯੂਰਪ ਦੇ ਅਸਮਾਨਾ ਵਿੱਚ ਨਹੀਂ ਉੱਡ ਸਕਣਗੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਅਤੇ ਯੂਰੋਪ ਦੇ ਕਈ ਮੁਲਕਾਂ ਨੇ ਰੂਸੀ ਜਹਾਜ਼ਾਂ ਵਾਸਤੇ ਆਪੋ ਆਪਣੇ ਏਅਰ ਸਪੇਸ ਬੰਦ ਕਰਨ ਦਾ ਐਲਾਨ ਕੀਤਾ ਹੈ। ਰੂਸ ਉੱਪਰ ਜੰਗ ਬੰਦ ਕਰਨ ਦਾ ਦਬਾਅ ਪਾਉਂਦਿਆਂ ਇਹ ਕਦਮ ਚੁੱਕਿਆ ਗਿਆ ਹੈ। ਅਮੈਰਿਕਾ ਵੱਲੋਂ ਅਜਿਹਾ ਹੀ ਕਦਮ ਚੁੱਕੇ ਜਾਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਰੂਸੀ ਏਅਰਲਾਇਨ, ਏਅਰੋਫ਼ਲੋਟ ਦੀ ਫ਼ਲਾਇਟ 111 ਮਾਇਐਮੀ ਤੋਂ ਮੌਸਕੋ ਜਾਂਦੇ ਹੋਏ ਪਾਬੰਦੀ ਲੱਗੀ ਹੋਣ ਦੇ ਬਾਵਜੂਦ ਕੈਨੇਡਾ ਦੇ ਏਅਰ-ਸਪੇਸ ਵਿੱਚੋਂ ਦੀ ਗੁਜ਼ਰ ਗਈ ਜਿਸ ਦੀ ਹੁਣ ਜਾਂਚ ਕੀਤੀ ਜਾਵੇਗੀ।

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.
Akshay Kapoor
REALTOR®
403 891 0005

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
•ਮਾਪਿਆਂ ਲਈ ਸੁਪਰ ਵੀਜ਼ਾ •ਪਰਿਵਾਰਕ ਸਪਾਂਸਰਸ਼ਿਪ
•ਐਲ ਐਮ ਓ ਐਪਲੀਕੇਸ਼ਨ •ਵਰਕ ਪਰਮਿਟ
•ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਨਵੇਂ ਆਉਣ ਵਾਲਿਆਂ ਨੂੰ ਅਲਬਰਟਾ ਦੇ ਪੇਂਡੂ ਖੇਤਰਾਂ ਵਿੱਚ ਵਸਣ ਲਈ ਉਤਸਾਹਿਤ ਕੀਤਾ ਜਾਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਰਵਾਏ ਗਏ 'ਪ੍ਰੀਮੀਅਰ'ਜ਼ ਸਮਿਟ ਔਨ ਫੇਅਰਨੈੱਸ ਫੌਰ ਨਿਊ ਕਮਰਜ਼' ਵਿੱਚ ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਵੱਲੋਂ ਮਹਤਵਪੂਰਨ ਐਲਾਨ ਕੀਤੇ ਗਏ ਹਨ। ਉਹਨਾਂ ਕਿਹਾ ਕਿ ਰੂਰਲ ਰਿਨਿਊਅਲ ਸਟ੍ਰੀਮ ਅਤੇ ਰੂਰਲ ਔਂਟ੍ਰੇਪ੍ਰਿਨਿਉਅਰਜ਼ ਸਟ੍ਰੀਮ ਤਹਿਤ ਪ੍ਰੋਫੈਸ਼ਨਲਾਂ ਅਤੇ ਕਾਰੋਬਾਰੀਆਂ ਨੂੰ ਪੇਂਡੂ ਕਮਿਊਨਿਟੀਆਂ 'ਚ ਆ ਕੇ ਵੱਸਣ ਲਈ ਉਤਸਾਹਿਤ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਕੰਮ ਵਿੱਚ ਆਉਂਦੀਆਂ ਰੁਕਾਵਟਾਂ ਦੂਰ ਕੀਤੀਆਂ ਜਾ ਰਹੀਆਂ ਹਨ ਤੇ ਸੂਬੇ ਦੀ ਆਰਥਿਕ ਤਰੱਕੀ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਜਿਹੜੀਆਂ ਪੇਂਡੂ ਕਮਿਉਨਿਟੀਆਂ ਚਾਹੁੰਦੀਆਂ ਹਨ ਕਿ ਉਹਨਾਂ ਨੂੰ ਨਿਊ-ਕਮਰਜ਼ ਦੀ ਲੋੜ ਹੈ, ਉਹਨਾਂ ਨੂੰ ਡੈਜ਼ਿਗਨੇਟਿਡ ਕਮਿਉਨਿਟੀ ਵੱਜੋਂ ਜਾਣਿਆ ਜਾਵੇਗਾ ਤੇ ਉਹਨਾਂ ਨੂੰ ਕਿਹਾ ਜਾਵੇਗਾ ਕਿ ਉਹ ਦੱਸਣ ਕਿ ਨਵੇਂ ਆਉਣ ਵਾਲਿਆਂ ਲਈ ਉਹਨਾਂ ਕੋਲ ਕੀ ਸੰਭਵਾਨਾਵਾਂ ਹਨ। ਰੂਰਲ ਔਂਟ੍ਰੇਪ੍ਰਿਨਿਉਅਰਜ਼ ਸਟ੍ਰੀਮ ਤਹਿਤ ਪੇਂਡੂ ਖੇਤਰਾਂ ਵਿੱਚ ਨਵੇਂ ਕਾਰੋਬਾਰ ਸ਼ੁਰੂ ਕਰਨ ਲਈ ਹੱਲਾਸ਼ੇਰੀ ਦਿੱਤੀ ਜਾਵੇਗੀ। ਪ੍ਰੀਮੀਅਰ ਨੇ ਕਿਹਾ ਕਿ ਪਿਛਲੀ ਐਨਡੀਪੀ ਸਰਕਾਰ ਨੇ ਇਮਿਗ੍ਰੇਸ਼ਨ ਵਾਸਤੇ ਇੱਕ ਵੀ ਕਦਮ ਨਹੀਂ ਚੁੱਕਿਆ ਤੇ ਨਾ ਹੀ ਕਦੀ ਕੋਈ ਯੋਜਨਾ ਬਣਾਈ। ਉਹਨਾਂ ਕਿਹਾ ਕਿ ਐਲਬਰਟਾ ਇਮਿਗ੍ਰੇਸ਼ਨ ਨੌਮਿਨੀ ਪ੍ਰੋਗਰਾਮ ਦਾ ਨਾਮ ਬਦਲ ਕੇ ਐਲਬਰਟਾ ਐਡਵੌਂਟੇਜ ਇਮਿਗ੍ਰੇਸ਼ਨ ਪ੍ਰੋਗਰਾਮ ਰੱਖਿਆ ਜਾ ਰਿਹਾ ਹੈ। ਨਵੇਂ ਆਉਣ ਵਾਲਿਆਂ ਦੇ ਐਜੁਕੇਸ਼ਨਲ ਕ੍ਰਿਡੈਂਸ਼ਿਅਲਜ਼ ਨੂੰ ਕੈਨੇਡਾ ਦੇ ਬਰਾਬਰ ਦੀ ਮਾਨਤਾ ਦੇਣ ਲਈ ਵੀ ਕਦਮ ਚੁੱਕੇ ਜਾ ਰਹੇ ਹਨ।

# ਅਲਬਰਟਾ ਦੇ ਬਜਟ ਤੋਂ ਕੈਲਗਰੀ ਦੀ ਮੇਅਰ ਤਾਂ ਖ਼ੁਸ਼ ਲੱਗਦੀ ਐ ਪਰ ਐਡਮੰਟਨ ਮੇਅਰ ਸੋਹੀ ਨਰਾਜ਼ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੇਅਰ ਡਾ: ਜੋਤੀ ਗੌਂਡੇਕ ਨੇ ਜੇਸਨ ਕੈਨੀ ਸਰਕਾਰ ਦੇ ਬਜਟ ਉੱਪਰ ਰਲਿਆ ਮਿਲਿਆ ਹੁੰਗਾਰਾ ਦਿੱਤਾ ਹੈ। ਸਦਰਨ ਐਲਬਰਟਾ ਇੰਸਟਿਟਿਊਟ ਔਫ਼ ਟੈਕਨੌਲੋਜੀ -ਸਏਟ ਅਤੇ ਯੁਨਿਵਰਸਿਟੀ ਔਫ਼ ਕੈਲਗਰੀ, ਮਾਉਂਟ ਰੌਇਲ ਯੁਨਿਵਰਸਿਟੀ ਵਿੱਚ ਇਨਵੈਸਟਮੈਂਟ ਕੀਤੇ ਜਾਣ ਦੇ ਨਾਲ ਨਾਲ ਹੜ੍ਹਾਂ ਨੂੰ ਰੋਕਣ ਵਾਸਤੇ ਸਪਰਿੰਗ-ਬੈਂਕ ਰੈਜ਼ਰਵੌਇਰ ਪ੍ਰੋਜੈਕਟ ਵਾਸਤੇ ਰਕਮ ਜਾਰੀ ਕੀਤੇ ਜਾਣ ਦੇ ਐਲਾਨ ਦਾ ਸਵਾਗਤ ਕਰਦਿਆਂ ਮੇਅਰ ਗੌਂਡੇਕ ਨੇ ਕਿਹਾ ਕਿ ਸ਼ਹਿਰ ਵਾਸਤੇ ਇਹ ਚੰਗੀ ਖ਼ਬਰ ਹੈ। ਨਾਲ ਹੀ ਕਲੀਨ ਐਨਰਜੀ ਵਿੱਚ ਇਨਵੈਸਟਮੈਂਟ ਦੇ ਐਲਾਨ ਦਾ ਵੀ ਸਵਾਗਤ ਕੀਤਾ ਗਿਆ ਹੈ। ਐਡਮੰਟਨ ਮੇਅਰ ਅਮਰਜੀਤ ਸੋਹੀ ਨੇ ਰਾਜਧਾਨੀ ਸ਼ਹਿਰ ਨਾਲ ਦੂਜੇ ਦਰਜੇ ਦਾ ਸਲੂਕ ਕੀਤੇ ਜਾਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਕੈਨੀ ਸਰਕਾਰ ਦਾ ਬਜਟ ਸ਼ਹਿਰ ਵਾਸੀਆਂ ਲਈ ਮੂੰਹ 'ਤੇ ਚਪੇੜ ਹੈ। ਉਹਨਾਂ ਕਿਹਾ ਕਿ ਐਡਮੰਟਨ ਨੂੰ ਐਨਡੀਪੀ ਵਿਧਾਇਕ ਚੁਣਨ ਲਈ ਸਜ਼ਾ ਦਿੱਤੀ ਗਈ ਲੱਗਦੀ ਹੈ।

# ਬੀਤੇ ਅੱਠ ਸਾਲਾਂ ਵਿੱਚ ਪਹਿਲੀ ਬਾਰ ਅਲਬਰਟਾ ਸੂਬੇ ਦਾ ਸੰਤੁਲਿਤ ਬਜਟ ਪੇਸ਼

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਜੇਸਨ ਕੈਨੀ ਸਰਕਾਰ ਵੱਲੋਂ ਸਾਲ 2022-23 ਦਾ ਆਪਣਾ ਬਜਟ ਨਾ ਕੇਵਲ ਸੰਤੁਲਿਤ ਕਰ ਲਿਆ ਗਿਆ ਹੈ ਸਗੋਂ ਇਸ ਵਿੱਚ 511 ਮਿਲੀਅਨ ਡਾਲਰ ਦਾ ਵਾਧਾ ਵੀ ਦਰਸਾਇਆ ਗਿਆ ਹੈ। ਅੱਠ ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਐਲਬਰਟਾ ਦਾ ਬਜਟ ਸੰਤੁਲਿਤ ਹੋ ਗਿਆ ਹੈ। ਵਿਧਾਨਸਭਾ ਵਿੱਚ ਸੂਬੇ ਦੇ ਫਾਇਨੈਂਸ ਮਨਿਸਟਰ ਟ੍ਰੈਵਿਸ ਟੇਵਜ਼ ਨੇ ਬਜਟ ਪੇਸ਼ ਕਰਦਿਆਂ ਆਸ ਪ੍ਰਗਟ ਕੀਤੀ ਕਿ ਅਗਲੇ 3 ਸਾਲ ਵੀ ਬਜਟ ਵਾਧੇ ਦਾ ਰਹੇਗਾ। ਖ਼ਰਚਿਆਂ ਦਾ ਅੰਦਾਜ਼ਾ 62*1 ਬਿਲੀਅਨ ਡਾਲਰ ਰੱਖਿਆ ਗਿਆ ਹੈ ਜਦੋਂ ਆਮਦਨੀ 62*6 ਬਿਲੀਅਨ ਡਾਲਰ ਰਹੇਗੀ। ਇਸ ਦਾ ਛੇਵਾਂ ਹਿੱਸਾ ਕੱਚੇ ਤੇਲ ਦੀ ਰੌਇਲਟੀਜ਼ ਤੋਂ ਆਉਣ ਦੀ ਸੰਭਾਵਨਾ ਦਰਸਾਈ ਗਈ ਹੈ। ਬਜਟ ਵਿੱਚ ਕੱਚੇ ਤੇਲ ਦੀ ਕੀਮਤ ਦਾ ਅੰਦਾਜ਼ਾ 70 ਡਾਲਰ ਪ੍ਰਤੀ ਬੈਰਲ ਰੱਖਿਆ ਗਿਆ ਹੈ। ਸਰਕਾਰ ਨੇ ਖ਼ਰਚਿਆਂ ਵਿੱਚ 4*3% ਦੀ ਕਮੀ ਦਾ ਐਲਾਨ ਕੀਤਾ ਹੈ। ਸਰਕਾਰ ਨੇ ਐਲਾਨ ਕੀਤਾ ਹੈ ਕਿ ਜੇ ਨੈਚੁਰਲ ਗੈਸ ਦੀਆਂ ਕੀਮਤਾਂ ਇਸ ਸਾਲ ਅਕਤੂਬਰ ਤੋਂ ਅਗਲੇ ਸਾਲ ਮਾਰਚ ਤੱਕ ਸਾਢੇ 6 ਡਾਲਰ ਪ੍ਰਤੀ ਗੀਗਾਜੂਲ ਵਸੂਲ ਕੀਤੀਆਂ ਜਾਂਦੀਆਂ ਹਨ ਤਾਂ 2500 ਗੀਗਾਜੂਲ ਤੱਕ ਦੀ ਨੈਚੁਰਲ ਗੈਸ ਖਪਤ ਕਰਨ ਵਾਲੇ ਗ੍ਰਾਹਕਾਂ ਨੂੰ ਰਿਬੇਟ ਦਿੱਤੀ ਜਾਵੇਗੀ। ਸਰਕਾਰ ਦਾ ਕਹਿਣਾ ਹੈ ਕਿ ਇਸ ਰਿਬੇਟ ਵਿੱਚ ਬਹੁਤੇ ਘਰ, ਛੋਟੀਆਂ ਅਪਾਰਟਮੈਂਟ ਇਮਾਰਤਾਂ, ਛੋਟੇ ਉਯੋਗਿਕ ਅਤੇ ਵਪਾਰਕ ਅਦਾਰੇ ਕਵਰ ਕੀਤੇ ਜਾਣਗੇ। ਸਰਕਾਰ ਨੇ ਪਾਰਕ ਬੁਕਿੰਗ ਫੀਸ 5 ਡਾਲਰ ਤੋਂ ਵਧਾ ਕੇ 10 ਡਾਲਰ ਕਰ ਦਿੱਤੀ ਹੈ। ਸੂਬੇ ਵਿੱਚ 107 ਨਵੇਂ ਅਧਿਆਪਕ, ਐਲਬਰਟਾ ਐਨਰਜੀ ਰੈਗੁਲਟਰ ਵਿੱਚ 78, ਹੈਲਥ ਸਰਵਿਸਿਜ਼ ਵਿੱਚ 850 ਨਵੇਂ ਕਰਮਚਾਰੀ ਭਰਤੀ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਆਉਂਦੀ ਪਹਿਲੀ ਮਾਰਚ ਤੋਂ ਸੂਬੇ ਵਿੱਚ ਧੂੰਆ ਰਹਿਤ ਤੰਬਾਕੂ ਉਤਪਾਦਾਂ ਵਾਸਤੇ ਵੱਖਰਾ ਟੈਕਸ ਲਗਾਇਆ ਜਾਵੇਗਾ।

# ਯੁਕਰੇਨ ਦਾ ਪਰਮਾਣੂੰ ਪਲਾਂਟ ਰੂਸੀ ਫੌਜਾਂ ਦੇ ਕਬਜੇ ਹੇਠ ਆਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੂਸੀ ਫੌਜਾਂ ਨੇ ਯੁਕ੍ਰੇਨ ਉੱਪਰ ਹਮਲੇ ਦੇ ਦੂਜੇ ਦਿਨ ਚੈਰਨੋਬਲ ਪਰਮਾਣੂ ਪਾਵਰ ਪਲਾਂਟ ਦਾ ਕੰਟਰੋਲ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ। ਰਾਸ਼ਟਰਪਤੀ ਦੇ ਸਲਾਹਕਾਰ ਮਾਈਖਾਈਲੋ ਪੋਡੋਲੀਕ ਨੇ ਕਿਹਾ ਕਿ ਇਹ ਹਮਲਾ ਯੂਰਪ ਵਿੱਚ ਸਭ ਤੋਂ ਗੰਭੀਰ ਖ਼ਤਰਿਆਂ ਵਿੱਚੋਂ ਇੱਕ ਹੈ। ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਕਈ ਧਮਾਕਿਆਂ ਦੀਆਂ ਖਬਰਾਂ ਆ ਰਹੀਆਂ ਹਨ। ਰੂਸ ਨੇ ਕਈ ਯੁਕ੍ਰੇਨੀਅਨ ਸ਼ਹਿਰ ਆਪਣੇ ਕਬਜ਼ੇ ਹੇਠ ਕਰ ਲਏ ਹਨ। ਅਮੈਰਿਕਨ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ਼ਾਰਾ ਕੀਤਾ ਹੈ ਕਿ ਰੂਸ ਜਲਦੀ ਹੀ ਯੁਕ੍ਰੇਨ ਦੀ ਰਾਜਧਾਨੀ ਉੱਪਰ ਕਬਜ਼ਾ ਕਰ ਸਕਦਾ ਹੈ। ਯੂਕਰੇਨ ਦੇ ਰਾਸ਼ਟਰਪਤੀ ਮੁਤਾਬਕ ਹਮਲੇ ਦੇ ਪਹਿਲੇ ਦਿਨ 137 ਲੋਕਾਂ ਦੀ ਮੌਤ ਹੋ ਗਈ ਜਿਨ੍ਹਾਂ ਵਿੱਚ ਫੌਜੀ ਤੇ ਆਮ ਲੋਕ ਸ਼ਾਮਲ ਹਨ। ਯੁਕ੍ਰੇਨ ਨੇ ਦਾਵਾ ਕੀਤਾ ਹੈ ਕਿ ਰੂਸ ਦੇ 800 ਫੌਜੀ ਮਾਰ ਦਿੱਤੇ ਗਏ ਹਨ ਤੇ ਦੁਸ਼ਮਨ ਫੌਜ ਦੇ 30 ਟੈਂਕ ਅਤੇ 13 ਜੰਗੀ ਹਵਾਈ ਜਹਾਜ਼ ਤਬਾਹ ਹੋਏ ਹਨ। ਰੂਸੀ ਰਾਸਟਰਪਤੀ ਵਲਾਦਿਮਿਰ ਪੂਤਿਨ ਨੇ ਯੁਕ੍ਰੇਨ ਦੇ ਰਾਸ਼ਟਰਪਤੀ ਨਾਲ ਗੱਲ ਕਰਨ ਤੋਂ ਨਾਂਹ ਕਰ ਦਿੱਤੀ ਹੈ ਜਿਸ 'ਤੇ ਦਖ਼ਲ ਦਿੰਦਿਆਂ ਫ੍ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਨੇ ਪੂਤਿਨ ਨਾਲ ਗੱਲਬਾਤ ਕੀਤੀ ਹੈ। ਰੂਸ ਸਰਕਾਰ ਨੇ ਕਿਹਾ ਹੈ ਕਿ ਉਸ ਨੇ 203 ਹਮਲੇ ਕਰਕੇ 11 ਹਵਾਈ ਪੱਟੀਆਂ ਸਮੇਤ 83 ਫੌਜੀ ਟਾਰਗੈਟ ਨਸ਼ਟ ਕਰ ਦਿੱਤੇ ਹਨ। ਪਰਮਾਣੂ ਪਲਾਂਟ ਕਬਜ਼ੇ ਵਿੱਚ ਕਰ ਲੈਣ ਮਗਰੋਂ ਰੂਸ ਦੀ ਤਾਕਤ ਕਿਤੇ ਜ਼ਿਆਦਾ ਵਧ ਗਈ ਹੈ। ਪਰਮਾਣੂ ਪਲਾਂਟ ਦੇ ਕਬਜ਼ੇ ਵਿੱਚ ਆ ਜਾਣ ਕਰਕੇ ਪੱਛਮੀ ਮੁਲਕ ਇਸ ਜੰਗ ਤੋਂ ਦੂਰ ਹੋ ਗਏ ਹਨ ਤੇ ਯੁਕ੍ਰੇਨ ਇਕੱਲਾ ਰਹਿ ਗਿਆ ਹੈ। ਅਮੈਰਿਕਾ ਸਣੇ ਕਈ ਮੁਲਕਾਂ 'ਤੇ ਰੂਸ ਉੱਪਰ ਹੋਰ ਸਖ਼ਤ ਆਰਥਕ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ।

# ਬੀਜਿੰਗ ਵਿੱਚ ਸਰਦ ਰੁੱਤ ਦੀਆਂ ਓਲੰਪਿਕ ਖੇਡਾਂ ਖਤਮ ਹੋਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਹੋਈਆਂ ਸਰਦ ਰੁੱਤ ?ਲੰਪਿਕ ਖੇਡਾਂ ਨੂੰ ਬਰਡਜ਼ ਨੈਸਟ ਸਟੇਡੀਅਮ ਵਿਚ ਰੰਗਾਰੰਗ ਸਮਾਪਤੀ ਸਮਾਗਮ ਤੋਂ ਬਾਅਦ ਅਧਿਕਾਰਕ ਮਸ਼ਾਲ ਬੁਝਾਉਣ ਨਾਲ ਖ਼ਤਮ ਹੋ ਗਈਆਂ। ਕੋਰੋਨਾ ਵਾਇਰਸ ਮਹਾਮਾਰੀ ਵਿਚਾਲੇ ਕਰਵਾਈਆਂ ਗਈਆਂ ਇਹ ਦੂਜੀਆਂ ਓਲੰਪਿਕ ਖੇਡਾਂ ਸਨ। ਕੋਰੋਨਾ ਕਾਰਨ ਖਿਡਾਰੀ, ਮੀਡੀਆ ਤੇ ਕਾਰਕੁਨ, ਬਾਇ?-ਬਬਲ ਦੀਆਂ ਪਾਬੰਦੀਆਂ ਵਿਚ ਰਹੇ। ਬੀਜਿੰਗ ਖੇਡਾਂ ਵਿਚ 16 ਗੋਲਡ ਸਮੇਤ ਕੁੱਲ 37 ਮੈਡਲਾਂ ਨਾਲ ਨੌਰਵੇ ਪਹਿਲੇ ਸਥਾਨ 'ਤੇ ਰਿਹਾ ਜਦਕਿ ਜਰਮਨੀ 12 ਗੋਲਡ ਮੈਡਲਾਂ ਨਾਲ ਦੂਜੇ ਤੇ ਮੇਜ਼ਬਾਨ ਚੀਨ 9 ਗੋਲਡ ਲੈ ਕੇ ਤੀਜੇ ਸਥਾਨ 'ਤੇ ਰਿਹਾ। ਕੈਨੇਡਾ ਨੂੰ 4 ਗੋਲਡ, 8 ਸਿਲਵਰ ਅਤੇ 14 ਬ੍ਰੌਂਜ਼ ਮੈਡਲਜ਼ ਸਮੇਤ ਕੁੱਲ 26 ਮੈਡਲ ਮਿਲੇ। ਕੁੱਲ ਮੈਡਲਾਂ ਦੀ ਗਿਣਤੀ ਵਿੱਚ ਜਰਮਨੀ ਨੂੰ 37 ਅਤੇ ਅਮੈਰਿਕਾ ਨੂੰ 24 ਮੈਡਲ ਪ੍ਰਾਪਤ ਹੋਏ। ਭਾਰਤ ਵੱਲੋਂ ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣ ਵਾਲੇ ਇੱਕੋ ਇਕ ਖਿਡਾਰੀ ਐਲਪਾਇਨ ਸਕੀਅਰ ਆਰਿਫ਼ ਖ਼ਾਨ ਮਰਦਾਂ ਦੇ ਸਲੈਮ ਮੁਕਾਬਲੇ ਵਿਚ ਰੇਸ ਪੂਰੀ ਨਹੀਂ ਕਰ ਸਕੇ। ਕੈਨੇਡਾ, ਅਮੈਰਿਕਾ ਅਤੇ ਭਾਰਤ ਨੇ ਅਧਿਕਾਰਤ ਤੌਰ 'ਤੇ ਇਨ੍ਹਾਂ ਖੇਡਾਂ ਦੇ ਸਿਆਸੀ ਬਾਇਕਾਟ ਦਾ ਐਲਾਨ ਕੀਤਾ ਸੀ। ਉਦਘਾਟਨੀ ਤੇ ਸਮਾਪਤੀ ਸਮਾਗਮ ਲਈ ਇਹਨਾਂ ਦੇਸ਼ਾਂ ਨੇ ਆਪਣਾ ਕੋਈ ਦੂਤ ਨਹੀਂ ਭੇਜਿਆ।

# ਲੁੱਟਾਂ ਖੋਹਾਂ ਅਤੇ ਸੈਕਸੂਅਲ ਅਸਾਲਟ ਕਰਨ ਵਾਲੇ ਨੂੰ ਹੁਣ ਪੁਲਿਸ ਭਾਲਦੀ ਫਿਰਦੀ ਐ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਲੁੱਟਮਾਰ ਕਰਨ ਦੀਆਂ ਅਤੇ ਸੈਕਸੁਅਲ ਅਸੌਲਟਸ ਕਰਨ ਦੀਆਂ ਕਈ ਵਾਰਦਾਤਾਂ ਵਿੱਚ ਸ਼ਾਮਿਲ ਰਹੇ ਇੱਕ ਵਿਅਕਤੀ ਦੀ ਭਾਲ ਲਈ ਕੈਲਗਰੀ ਪੁਲਿਸ ਵੱਲੋਂ ਜਨਤਾ ਤੋਂ ਸਹਿਯੋਗ ਮੰਗਿਆ ਜਾ ਰਿਹਾ ਹੈ। 10 ਜਨਵਰੀ ਤੋਂ 30 ਜਨਵਰੀ ਦਰਮਿਆਨ ਅਜਿਹੀਆਂ 6 ਘਟਨਾਵਾਂ ਹੋਈਆਂ ਰਿਪੋਰਟ ਕੀਤੀਆਂ ਗਈਆਂ ਹਨ। ਇਹਨਾਂ ਵਿਚ 7 ਵਿਅਕਤੀਆਂ 'ਤੇ ਹਮਲੇ ਹੋਏ ਤੇ ਕਈ ਨੇ ਇਸ ਦੀ ਸੂਚਨਾ ਹੀ ਪੁਲਿਸ ਨੂੰ ਨਹੀਂ ਦਿੱਤੀ। ਗੰਨ ਪੁਆਇੰਟ 'ਤੇ ਇਹ ਵਿਅਕਤੀ ਨਾਮਾਲੂਮ ਨਕਦੀ ਲੈ ਕੇ ਫ਼ਰਾਰ ਹੈ ਤੇ ਹਰ ਘਟਨਾ ਵਿੱਚ ਇਸ ਨੇ ਔਰਤ ਕਰਮਚਾਰੀਆਂ 'ਤੇ ਸੈਕਸੁਅਲ ਅਸੌਲਟਸ ਕੀਤੇ। ਇਹ ਵਿਅਕਤੀ ਗੋਰੇ ਮੂਲ ਦਾ 30 ਤੋਂ 50 ਸਾਲ ਦੀ ਉਮਰ ਦਾ, 6 ਫੁੱਟ ਕੱਦ ਅਤੇ 240 ਪੌਂਡ ਵਜ਼ਨੀ ਹੋ ਸਕਦਾ ਹੈ। ਉਸ ਕੋਲ 2011 ਤੋਂ ਲੈ ਕੇ 2020 ਤੱਕ ਦੇ ਮਾਡਲ ਦੀ ਕਾਲੀ ਡੌਜ ਕੈਰਾਵੈਨ ਐਸ ਐਕਸ ਟੀ ਵੀ ਹੈ। ਜੇ ਇਸ ਵਿਅਕਤੀ ਬਾਰੇ ਕਿਸੇ ਕੋਲ ਵੀ ਕੋਈ ਜਾਣਕਾਰੀ ਹੈ ਤਾਂ ਪੁਲਿਸ ਨੂੰ 403-286-1234 'ਤੇ ਸੂਚਿਤ ਕੀਤਾ ਜਾ ਸਕਦਾ ਹੈ।

# ਵੈਕਸੀਨ ਪਰੂਫ ਮੰਗਣ ਵਾਲਿਆਂ ਨੂੰ ਸਾਡੇ ਇਲਾਕੇ ਵਿੱਚ ਅਸੀਂ ਕੰਮ ਹੀ ਨਹੀਂ ਕਰਨ ਦੇਣਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਸਭ ਤੋਂ ਵੱਡੀ ਅਤੇ ਉੱਤਰੀ ਖੇਤਰ ਵਿੱਚ ਸਥਿਤ ਮੇਕੈਂਜ਼ੀ ਕਾਊਂਟੀ ਨੇ ਫੈਸਲਾ ਕੀਤਾ ਹੈ ਕਿ ਜਿਹੜਾ ਬਿਜ਼ਨਸ ਅਦਾਰਾ ਵੈਕਸਿਨੇਸ਼ਨ ਦੇ ਲਾਜ਼ਿਮ ਕੀਤੇ ਜਾਣ ਸੰਬੰਧੀ ਨੀਤੀ ਲਾਗੂ ਕਰੇਗਾ, ਉਸ ਨੂੰ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ। ਜਿਸ ਅਦਾਰੇ ਵਿੱਚ ਕਰਮਚਾਰੀਆਂ, ਠੇਕੇਦਾਰਾਂ, ਸਬ-ਕੌਂਟ੍ਰੈਕਟਰਜ਼ ਅਤੇ ਗ੍ਰਾਹਕਾਂ ਨੂੰ ਵੈਕਸਿਨੇਸ਼ਨ ਸਬੂਤ ਦਿਖਾਉਣ ਨੂੰ ਕਿਹਾ ਜਾਵੇਗਾ, ਉਸ ਨੂੰ ਹਾਇਰ ਨਹੀਂ ਕੀਤਾ ਜਾਵੇਗਾ। ਬੀਤੀ 16 ਫ਼ਰਬਰੀ ਵਾਲੇ ਦਿਨ ਕਾਊਂਟੀ ਕੌਂਸਲ ਨੇ ਇਸ ਮੋਸ਼ਨ ਨੂੰ ਪ੍ਰਵਾਨ ਕਰ ਲਿਆ ਹੈ। ਕਾਊਂਟੀ ਕੌਂਸਲ ਦਾ ਕਹਿਣਾ ਹੈ ਕਿ ਵੈਕਸਿਨੇਸ਼ਨ ਸਬੂਤ ਮੰਗਣਾ ਕਿਸੇ ਵਿਅਕਤੀ ਦੀ ਨਿਜਤਾ 'ਤੇ ਹਮਲਾ ਹੈ ਤੇ ਨਿਜੀ ਅਧਿਕਾਰਾਂ ਦਾ ਘਾਣ ਨਹੀਂ ਹੋਣ ਦਿੱਤਾ ਜਾਵੇਗਾ। ਇਸ ਕਾਉਂਟੀ ਵਿੱਚ ਰਹਿਣ ਵਾਲੇ 9500 ਵਿਅਕਤੀਆਂ 32% ਨੇ ਵੈਕਸਿਨ ਦੀ ਇੱਕ ਅਤੇ 38% ਨੇ ਦੋਵੇਂ ਡੋਜ਼ਿਜ਼ ਲਗਵਾਈਆਂ ਹਨ।

# ਵੈਕਸੀਨ ਨਾ ਲਗਵਾਉਣ ਵਾਲਿਆਂ ਵੱਲੋਂ ਕੀਤੇ ਜਾ ਰਹੇ ਮਜਾਹਰਿਆਂ ਤੋਂ ਹੁਣ ਆਮ ਲੋਕ ਵੀ ਤੰਗ ਆ ਗਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਸੰਬੰਧੀ ਲੱਗੀਆਂ ਸਿਹਤ ਪਾਬੰਦੀਆਂ ਦਾ ਵਿਰੋਧ ਕਰਨ ਵਾਲਿਆਂ ਵੱਲੋਂ ਹਰ ਹਫ਼ਤੇ ਡਾਉਨ-ਟਾਉਨ ਕੈਲਗਰੀ ਦੇ ਬੈਲਟ-ਲਾਇਨ ਇਲਾਕੇ ਵਿੱਚ ਮੁਜ਼ਾਹਰੇ ਕਰਨ ਤੋਂ ਤੰਗ ਆਏ, ਇਥੇ ਰਹਿਣ ਵਾਲੇ ਲੋਕਾਂ ਨੇ ਭਾਰੀ ਇਤਰਾਜ਼ ਕੀਤਾ ਹੈ। ਲੋਕਾਂ ਦਾ ਕਹਿਣਾ ਹੈ ਕਿ ਹਰ ਹਫ਼ਤੇ ਵੀਕ-ਐਂਡ 'ਤੇ ਉਹ ਆਪਣੇ ਪਰਿਵਾਰਾਂ ਨਾਲ ਘਰਾਂ 'ਚ ਬੈਠੇ ਹੁੰਦੇ ਨੇ ਤੇ ਵਿਰੋਧ ਮੁਜ਼ਾਹਰੇ ਕਰਨ ਵਾਲੇ ਉਹਨਾਂ ਦੀ ਨਿਜੀ ਜ਼ਿੰਦਗੀ ਖ਼ਰਾਬ ਕਰਨ ਲਈ ਹਰ ਹਫ਼ਤੇ ਆ ਜਾਂਦੇ ਹਨ। 19 ਫ਼ਰਬਰੀ ਵਾਲੇ ਦਿਨ ਵੀ ਇਸ ਥਾਂ 3 ਤੋਂ 4 ਹਜ਼ਾਰ ਲੋਕ ਮੁਜ਼ਾਹਰੇ ਕਰਨ ਲਈ ਇਕੱਠੇ ਹੋ ਗਏ ਤੇ ਘੰਟਿਆਂ ਬੱਧੀ ਰੌਲਾ ਰੱਪਾ ਪੈਂਦਾ ਰਿਹਾ। ਕਈ ਬਿਜ਼ਨਸ ਮਾਲਕਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਵੀ ਪਰੇਸ਼ਾਂਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਇਸ ਦਾ ਅਸਰ ਉਹਨਾਂ ਦੇ ਕਾਰੋਬਾਰਾਂ 'ਤੇ ਪੈਣ ਲੱਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਮੁਜ਼ਾਹਰਾਕਾਰੀ ਆਪਣੀ ਅਜ਼ਾਦੀ ਦੀ ਮੰਗ ਕਰਦਿਆਂ ਦੂਜਿਆਂ ਨੂੰ ਘਰਾਂ ਵਿੱਚ ਬੰਦ ਰਹਿਣ ਲਈ ਮਜਬੂਰ ਕਰ ਰਹੇ ਹਨ ਤੇ ਸਰਕਾਰ ਚੁੱਪ ਹੈ।

# ਹਥਿਆਰ ਨਾ ਸੁੱਟਣ ਦੀ ਜ਼ਿਦ ਉੱਪਰ ਅੜਿਆ ਸੂਡਾਨੀ ਮੂਲ ਦਾ ਵਿਅਕਤੀ ਪੁਲਿਸ ਗੋਲੀ ਨਾਲ ਹਲਾਕ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਵਿਅਕਤੀ ਉੱਪਰ ਹਮਲਾ ਕਰਨ, ਕਈ ਹੋਰ ਨੂੰ ਧਮਕੀਆਂ ਦੇਣ, ਪੁਲਿਸ ਡੌਗ ਉੱਪਰ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦੇਣ ਅਤੇ ਬਾਰ ਬਾਰ ਕਹੇ ਜਾਣ ਦੇ ਬਾਵਜੂਦ ਹਥਿਆਰ ਨਾ ਸੁੱਟਣ ਦੀ ਜ਼ਿਦ 'ਤੇ ਅੜੇ, ਸੁਡਾਨੀ ਮੂਲ ਦੇ ਇੱਕ ਵਿਅਕਤੀ ਦੀ ਪੁਲਿਸ ਅਧਿਕਾਰੀ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ ਹੈ। ਘਟਨਾ ਦੀ ਜਾਂਚ ਐਲਬਰਟਾ ਇੰਸਿਡੈਂਟ ਰੈਸਪੌਂਸ ਟੀਮ - ਏਸਰਟ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਲੈਟਿਓਰ ਟੁਐਲ ਨਾਮ ਦੇ ਇਸ ਵਿਅਕਤੀ ਬਾਰੇ ਕਿਹਾ ਜਾ ਰਿਹਾ ਹੈ ਕਿ ਉਹ ਮੈਂਟਲ ਹੈਲਥ ਇਸ਼ੂਜ਼ ਨਾਲ ਜੂਝ ਰਿਹਾ ਸੀ। ਪੁਲਿਸ ਨੂੰ 45 ਸਟ੍ਰੀਟ ਅਤੇ 17 ਐਵੇਨਿਉ ਸਾਊਥ ਈਸਟ ਨੇੜੇ ਸੱਦਿਆ ਗਿਆ ਸੀ। ਦੱਸਿਆ ਗਿਆ ਸੀ ਕਿ ਕਾਲੇ ਮੂਲ ਦਾ ਇਕ ਵਿਅਕਤੀ ਹਥਿਆਰ ਲੈ ਕੇ ਖ਼ਤਰਾ ਬਣਿਆ ਹੋਇਆ ਸੀ। ਅੱਖੀਂ ਵੇਖਣ ਵਾਲੇ ਇੱਕ ਵਿਅਕਤੀ ਦਾ ਕਹਿਣਾ ਹੈ ਕਿ ਜਦੋਂ ਉਹ ਹਥਿਆਰ ਲੈ ਕੇ ਪੁਲਿਸ ਵੱਲ ਵਧਣ ਲੱਗਿਆ ਤਾਂ ਉਸ ਵੱਲ ਚਾਰ ਗੋਲੀਆਂ ਚਲਾਈਆਂ ਗਈਆਂ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਤੋਂ ਪਹਿਲਾਂ ਉਸ ਨੇ ਇੱਕ ਵਿਅਕਤੀ ਉੱਪਰ ਹਮਲਾ ਕੀਤਾ ਦੱਸਿਆ ਜਾਂਦਾ ਹੈ ਤੇ ਉਸ ਨੇ ਪੁਲਿਸ ਡੌਗ ਨੂੰ ਗੋਲੀ ਮਾਰ ਦਿੱਤੀ। ਪੁਲਿਸ ਡੌਗ ਦੀ ਜਾਨ ਬਚ ਗਈ ਹੈ। ਮਾਮਲੇ ਦੀ ਜਾਂਚ ਪੁਲਿਸ ਵੌਚ-ਡੌਗ ਦੇ ਹਵਾਲੇ ਕਰ ਦਿੱਤੀ ਗਈ ਹੈ।

# ਬਾਰਡਰ ਉੱਪਰ ਮੁਜਾਹਰਾਕਾਰੀਆਂ ਨੂੰ ਉਕਸਾਉਣ ਵਾਲੇ ਪਾਦਰੀ ਨੂੰ ਜੱਜ ਨੇ ਰਿਹਾਅ ਕਰਨ ਤੋਂ ਕੀਤੀ ਕੋਰੀ ਨਾਂਹ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਵਿਵਾਦਗ੍ਰਸਤ ਚਰਚ ਪੈਸਟਰ, ਆਰਟਰ ਪਾਉਲਾਉਸਕੀ ਨੂੰ ਲੈਥਬਰਿਜ ਦੇ ਇੱਕ ਜੱਜ ਨੇ ਰਿਹਾ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇਸ ਪ੍ਰੀਚਰ 'ਤੇ ਦੋਸ਼ ਹੈ ਕਿ ਉਹ ਕੂਟਸ ਬਾਰਡਰ 'ਤੇ ਹਿੰਸਕ ਕਾਰਵਾਈ ਉਕਸਾ ਰਿਹਾ ਸੀ। ਉਸ ਦੇ ਖਿਲਾਫ਼ 5000 ਡਾਲਰ ਤੋਂ ਵੱਧ ਨੁਕਸਾਨ ਕਰਨ ਵਾਲੀ ਸ਼ਰਾਰਤ ਵਿੱਚ ਸ਼ਾਮਿਲ ਹੋਣ, ਐਲਬਰਟਾ ਦੇ ਕ੍ਰਿਟਿਕਲ ਇਨਫ਼ਰਾ-ਸਟ੍ਰਕਚਰ ਡਿਫੈਂਸ ਐਕਟ ਦੇ ਤਹਿਤ ਇਸੈਂਸ਼ਿਅਲ ਇਨਫ਼ਰਾਸਟ੍ਰਕਚਰ ਦੇ ਔਪਰੇਸ਼ਨ ਵਿੱਚ ਵਿਘਨ ਪਾਉਣ ਦਾ ਚਾਰਜ ਲਗਾਇਆ ਗਿਆ ਹੈ। ਪ੍ਰੋਵਿੰਸ਼ਿਅਲ ਕੋਰਟ ਦੇ ਜੱਜ ਐਰਿਨ ਔਲਸੈਨ ਨੇ ਉਸ ਨੂੰ ਰਿਹਾ ਕਰਨ ਦੀ ਆਗਿਆ ਇਸ ਕਰਕੇ ਨਹੀਂ ਦਿੱਤੀ ਕਿ ਉਸ ਨੇ ਕੋਰਟ ਦੇ ਹੁਕਮਾਂ ਦਾ ਪਾਲਨ ਨਹੀਂ ਕਰਨਾ ਸੀ। ਪੈਸਟਰ ਪਾਉਲਾਉਸਕੀ ਨੇ 7 ਫ਼ਰਬਰੀ ਵਾਲੇ ਦਿਨ ਕੂਟਸ ਵਿੱਚ 20 ਮਿੰਟ ਲੰਬੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਮੁਜ਼ਾਹਰਾਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਹੜਤਾਲ ਖ਼ਤਮ ਕਰਨ ਅਤੇ ਉੱਥੋਂ ਚਲੇ ਜਾਣ ਦਾ ਆਰ ਸੀ ਐਮ ਪੀ ਨਾਲ ਕੀਤੇ ਵਾਅਦੇ ਤੋਂ ਮੁੱਕਰ ਜਾਣ। ਇਸ ਤੋਂ ਪਹਿਲਾਂ ਵੀ ਉਹ ਕਈ ਵਾਰ ਗ਼ਿਰਫ਼ਤਾਰ ਹੋ ਚੁੱਕਿਆ ਹੈ ਤੇ ਅੰਦਰ-ਬਾਹਰ ਹੁੰਦਾ ਰਿਹਾ ਹੈ।

# ਕਾਰ ਚਾਲਕ ਉੱਪਰ ਗੋਲੀਆਂ ਚਲਾਉਣ ਵਾਲੇ ਦੇ ਗ੍ਰਿਫਤਾਰੀ ਵਾਰੰਟ ਜਾਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਟੋਨੀ ਟ੍ਰੇਲ ਨੌਰਥ ਵੈਸਟ ਉੱਪਰ ਰੋਡ ਰੇਜ ਦੀ ਇੱਕ ਘਟਨਾ ਵਿੱਚ ਇੱਕ ਵਿਅਕਤੀ ਉੱਪਰ ਗੋਲੀ ਚਲਾਏ ਜਾਣ ਦੀ ਖ਼ਬਰ ਹੈ। ਸਵੇਰੇ ਸਵਾ ਅੱਠ ਵਜੇ ਦੇ ਕਰੀਬ ਸਟੋਨੀ ਟ੍ਰੇਲ ਉੱਪਰ ਨੋਜ਼ ਹੋਲ ਡ੍ਰਾਇਵ ਨੇੜੇ ਗੱਡੀ ਵਿੱਚ ਜਾ ਰਹੇ ਇੱਕ ਵਿਅਕਤੀ ਨੇ ਪੁਲਿਸ ਨੂੰ ਕਾਲ ਕਰਕੇ ਦੱਸਿਆ ਕਿ ਦੋ ਗੱਡੀਆਂ ਦੇ ਚਾਲਕਾਂ ਵੱਲੋਂ ਇੱਕ ਦੂਜੇ 'ਤੇ ਸੜਕੀ ਗੁੱਸਾ ਕੱਢਿਆ ਜਾ ਰਿਹਾ ਸੀ। ਚਿੱਟੇ ਰੰਗ ਦੀ ਸ਼ੈਵਰਲੇ ਵੈਨ ਅਤੇ ਪੁਰਾਣੇ ਮਾਡਲ ਦੀ ਕਾਲੀ ਹੁੰਡਾਇ ਸੈਂਟਾ ਫੇ ਗੱਡੀਆਂ ਸਟੋਨੀ ਟ੍ਰੇਲ ਤੋਂ ਨੋਜ਼ ਹਿਲ ਡ੍ਰਾਇਵ 'ਤੇ ਗਈਆਂ 'ਤੇ ਅੱਗੇ ਲਾਲ ਬੱਤੀ 'ਤੇ ਰੁਕ ਗਈਆਂ। ਦੋਵੇਂ ਡ੍ਰਾਇਵਰ ਇੱਕ ਦੂਜੇ ਨਾਲ ਬਹਿਸਣ ਲੱਗ ਪਏ ਤੇ ਹੁੰਡਾਇ ਗੱਡੀ ਵਾਲੇ ਨੇ ਗੋਲੀ ਚਲਾ ਦਿੱਤੀ। ਵੈਨ ਚਾਲਕ ਨੇ ਗੱਡੀ ਭਜਾ ਲਈ ਤੇ ਹੁੰਡਾਇ ਵਾਲਾ ਪਿੱਛਾ ਕਰਨ ਲੱਗ ਪਿਆ ਤੇ ਉਸ ਨੇ ਦੂਜੀ ਗੋਲੀ ਚਲਾਈ ਜਿਸ ਨਾਲ ਵੈਨ ਦਾ ਸ਼ੀਸ਼ਾ ਟੁੱਟ ਗਿਆ ਤੇ ਚਾਲਕ ਨੂੰ ਸੱਟ ਵੀ ਲੱਗੀ। ਹੁੰਡਾਇ ਵਾਲਾ ਚਾਲਕ ਗੱਡੀ ਛੱਡ ਕੇ ਪੈਦਲ ਹੀ ਦੌੜ ਗਿਆ। ਸ਼ੱਕੀ ਹਮਲਾਵਰ ਦੀ ਪਛਾਣ ਕਰ ਲਈ ਗਈ ਹੈ ਤੇ 22 ਸਾਲਾ ਐਂਟਨੀ ਗ੍ਰੈਗੌਰੀ ਫੇਵੈਂਲ ਦੇ ਖਿਲਾਫ਼ ਚਾਰਜ ਲਗਾਉਣ ਪਿਛੋਂ ਗ਼ਿਰਫ਼ਤਾਰੀ ਦਾ ਵਾਰੰਟ ਜਾਰੀ ਕਰ ਦਿੱਤਾ ਗਿਆ ਹੈ।












# 20 ਸਾਲ ਕੌਂਸਲਰ ਰਹੀ ਡਰੂ ਫੈਰੈਲ ਹੁਣ ਐਮ ਐਲ ਏ ਬਣਨ ਲਈ ਚੋਣ ਲੜੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਾਰਡ 7 ਤੋਂ 20 ਸਾਲ ਤੱਕ ਕੌਂਸਲਰ ਰਹੀ ਡਰੂ ਫੈਰੈਲ ਨੇ ਆਉਂਦੀਆਂ ਵਿਧਾਨਸਭਾ ਚੋਣਾਂ ਵਾਸਤੇ ਕੈਲਗਰੀ-ਬਉ ਰਾਇਡਿੰਗ ਤੋਂ ਐਲਬਰਟਾ ਐਨਡੀਪੀ ਦੀ ਉਮੀਦਵਾਰ ਬਣਨ ਵਾਸਤੇ ਨੌਮਿਨੇਸ਼ਨ ਲੜਣ ਦਾ ਐਲਾਨ ਕੀਤਾ ਹੈ। ਸਾਲ 2001 ਵਿੱਚ ਪਹਿਲੀ ਵਾਰ ਸਿਟੀ ਕੌਂਸਲ ਵਾਸਤੇ ਚੁਣੀ ਗਈ ਫੈਰੈਲ ਨੇ ਪਿਛਲੇ ਸਾਲ ਮਿਉਨਿਸਿਪਲ ਇਲੈਕਸ਼ਨ ਨਾ ਲੜਣ ਦਾ ਐਲਾਨ ਕੀਤਾ ਸੀ। ਉਹਨਾਂ ਕਿਹਾ ਕਿ ਉਹਨਾਂ ਕੋਲ ਕਈ ਪਾਰਟੀਆਂ ਵੱਲੋਂ ਪਹੁੰਚ ਕੀਤੀ ਗਈ ਸੀ ਤੇ ਹੁਣ ਉਹਨਾਂ ਮਨ ਬਣਾ ਲਿਆ ਹੈ। ਫੈਰੈਲ ਨੇ ਕਿਹਾ ਕਿ 2015 ਦੀ ਐਨਡੀਪੀ ਅਤੇ 2019 ਦੀ ਯੂਸੀਪੀ ਸਰਕਾਰਾਂ ਦੇ ਫ਼ਰਕ ਨੂੰ ਵੇਖਣ ਤੋਂ ਬਾਦ ਐਨਡੀਪੀ ਵੱਲ ਜਾਣ ਦਾ ਮਨ ਬਣਾਇਆ ਹੈ। ਇਸ ਰਾਇਡਿੰਗ ਤੋਂ ਐਡਵਾਂਸਡ ਐਜੁਕੇਸ਼ਨ ਮਨਿਸਟਰ ਡਾ। ਡਿਮੈਟਰੀਅਸ ਨਿਕੋਲਾਇਡੀਜ਼ ਯੂਸੀਪੀ ਦੇ ਵਿਧਾਇਕ ਹਨ।

# ਜੀਪ ਪਲਟਣ ਨਾਲ ਡਰਾਇਵਰ ਦੇ ਨਾਲ ਬੈਠੀ ਔਰਤ ਦਮ ਤੋੜ ਗਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਹਾਇਵੇਅ-1 ਅਤੇ ਗਾਰਡਨ ਰੋਡ ਉੱਪਰ ਹੋਏ ਇੱਕ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਜਾਣ ਅਤੇ 3 ਹੋਰਨਾਂ ਦੇ ਜ਼ਖ਼ਮੀ ਹੋ ਜਾਣ ਦੀ ਸੂਚਨਾ ਹੈ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਇੱਕ ਜੀਪ ਛੱਤ ਪਰਨੇ ਪਈ ਸੀ ਤੇ ਦੋ ਹੋਰ ਗੱਡੀਆਂ ਨੁਕਸਾਨੀਆਂ ਹੋਈਆਂ ਸਨ। ਜੀਪ ਦੇ ਡ੍ਰਾਇਵਰ ਨੂੰ ਮਾਮੂਲੀ ਸੱਟਾ ਲੱਗੀਆਂ ਹਨ। ਜੀਪ ਵਿੱਚ ਬੈਠੀ ਇੱਕ ਔਰਤ ਦੇ ਮਾਰੇ ਜਾਣ ਦੀ ਖ਼ਬਰ ਹੈ। ਇੱਕ ਔਰਤ ਸਮੇਤ 3 ਹੋਰ ਵਿਅਕਤੀਆਂ ਨੂੰ ਫੁਟਹਿਲਜ਼ ਹੌਸਪਿਟਲ ਲੈ ਜਾਇਆ ਗਿਆ ਹੈ ਜਿੱਥੇ ਉਹਨਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜੀਪ ਸੈਂਟਰ ਲਾਇਨ ਪਾਰ ਕਰਕੇ ਸਾਹਮਣਿ?ਆ ਰਹੇ ਟ੍ਰੈਫਿਕ ਵਾਲੇ ਪਾਸੇ ਚਲੀ ਗਈ ਤੇ ਹਾਦਸਾ ਵਾਪਰ ਗਿਆ। ਜਾਂਚ ਕੀਤੀ ਜਾ ਰਹੀ ਹੈ।

# ਟਰੂਡੋ ਸਰਕਾਰ ਨੇ ਐਮਰਜੈਂਸੀ ਐਕਟ ਵਾਪਿਸ ਲਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਫੈਡਰਲ ਸਰਕਾਰ ਵੱਲੋਂ ਲਾਗੂ ਐਮਰਜੰਸੀਜ਼ ਐਕਟ ਨੂੰ ਵਾਪਸ ਲੈ ਲਿਆ ਗਿਆ ਹੈ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਇਸ ਗੱਲ ਦਾ ਐਲਾਨ ਕਰਦਿਆਂ ਕਿਹਾ ਕਿ ਔਟਵਾ ਅਤੇ ਹੋਰਨਾਂ ਥਾਵਾਂ 'ਤੇ 'ਟ੍ਰਕਰਜ਼ ਕੌਨਵੌਇ' ਵੱਲੋਂ ਲਗਾਏ ਗਏ ਜਾਮ ਅਤੇ ਧਰਨੇ ਖ਼ਤਮ ਕਰ ਦਿੱਤੇ ਗਏ ਹਨ ਤੇ ਹੁਣ ਇਸ ਕਾਨੂੰਨ ਨੂੰ ਜਾਰੀ ਰੱਖਣ ਦੀ ਲੋੜ ਨਹੀਂ। ਦੇਸ਼ ਵਿੱਚ ਪਹਿਲੀ ਵਾਰ ਇਸ ਕਾਨੂੰਨ ਦੀ ਵਰਤੋਂ ਕੀਤੀ ਗਈ ਹੈ ਤੇ 9 ਦਿਨ ਦੇਸ਼ ਵਿੱਚ ਐਮਰਜੰਸੀ ਲਾਗੂ ਰਹੀ। ਇੱਕ ਦਿਨ ਪਹਿਲਾਂ ਹੀ ਸੰਸਦ ਨੇ ਇਸ ਐਕਟ ਨੂੰ ਲਾਗੂ ਕੀਤੇ ਜਾਣ ਲਈ ਪ੍ਰਵਾਨਗੀ ਦਿੱਤੀ ਸੀ। ਇਸ ਐਕਟ ਨੂੰ ਲਾਗੂ ਕਰਨ ਕਰਕੇ ਟਰੂਡੋ ਸਰਕਾਰ ਦੀ ਬਹੁਤ ਆਲੋਚਨਾ ਹੋਈ ਹੈ ਤੇ ਇਸ ਨੂੰ ਕੈਨੇਡੀਅਨ ਲੋਕਤੰਤਰ 'ਤੇ ਧੱਬਾ ਮੰਨਿਆ ਜਾ ਰਿਹਾ ਹੈ। ਵਿਰੋਧੀਆਂ ਦਾ ਕਹਿਣਾ ਹੈ ਕਿ ਇਸ ਐਕਟ ਨੂੰ ਲਾਗੂ ਕਰਨ ਦੀ ਥਾਂ ਕਈ ਹੋਰ ਕਦਮ ਚੁੱਕੇ ਜਾ ਸਕਦੇ ਸਨ।

# ਭਾਵੇ ਐਮਰਜੰਸੀ ਹਟਾ ਲਈ ਗਈ ਹੈ ਪਰ ਅਸੀਂ ਇਸ ਦਾ ਜਿਉਡਿਸ਼ਲ ਰਿਵਿਊ ਕਰਵਾਵਾਂਗੇ-ਕੈਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਨੇ ਭਾਵੇਂ ਦੇਸ਼ ਵਿੱਚ ਲਾਗੂ ਐਮਰਜੰਸੀਜ਼ ਐਕਟ ਵਾਪਸ ਲੈ ਲਿਆ ਹੈ ਪਰ ਐਲਬਰਟਾ ਸਰਕਾਰ ਇਸ ਦਾ ਜਿਉਡਿਸ਼ਲ ਰਿਵਿਊ ਹਰ ਹਾਲ ਕਰਵਾਵੇਗੀ। ਵਿਧਾਨਸਭਾ ਵਿੱਚ ਇਸ ਐਕਟ ਨੂੰ ਲਾਗੂ ਕਰਨ ਦੇ ਫੈਸਲੇ ਦੀ ਸਖ਼ਤ ਆਲੋਚਨਾ ਕਰਦਿਆਂ ਜੇਸਨ ਕੈਨੀ ਨੇ ਕਿਹਾ ਕਿ ਇਸ ਕਾਨੂੰਨ ਨੂੰ ਲਾਗੂ ਕਰਨ ਦੀ ਜ਼ਰਾ ਵੀ ਲੋੜ ਨਹੀਂ ਸੀ ਤੇ ਇਹ ਬੇਲੋੜੀ, ਅਣ-ਉਚਿਤ ਅਤੇ ਕਿਤੇ ਜ਼ਿਆਦਾ ਵੱਡੀ ਕਾਰਵਾਈ ਸੀ। ਉਹਨਾਂ ਕਿਹਾ ਕਿ ਇਸ ਦਾ ਨਿਆਂਇਕ ਰਿਵਿਊ ਜ਼ਰੂਰ ਕਰਵਾਇਆ ਜਾਵੇਗਾ। ਦ ਕੈਨੇਡੀਅਨ ਸਿਵਿਲ ਲਿਬਰਟੀਜ਼ ਐਸੋਸਿਏਸ਼ਨ ਨੇ ਵੀ ਫੈਡਰਲ ਸਰਕਾਰ ਦੇ ਇਸ ਫੈਸਲੇ ਨੂੰ ਅਦਾਲਤ ਵਿੱਚ ਚੈਲੇਂਜ ਕਰਨ ਦਾ ਫੈਸਲਾ ਕੀਤਾ ਹੈ।

# ਅਲਬਰਟਾ ਸਰਕਾਰ ਵੱਲੋਂ ਰੈਡ ਡੀਅਰ ਦੇ ਹਸਪਤਾਲ ਦੀ ਮੱਦਦ ਲਈ 18 ਲੱਖ ਡਾਲਰ ਜਾਰੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੁਸੀਬਤਾਂ ਅਤੇ ਮੁਸ਼ਕਿਲਾਂ ਨਾਲ ਜੂਝ ਰਹੇ ਰੈਡ ਡੀਅਰ ਹਸਪਤਾਲ ਨੂੰ ਅਪਗ੍ਰੇਡ ਕਰਨ ਵਾਸਤੇ ਐਲਬਰਟਾ ਦੀ ਜੇਸਨ ਕੈਨੀ ਸਰਕਾਰ ਵੱਲੋਂ 18 ਲੱਖ ਡਾਲਰ ਦੀ ਰਕਮ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਹਸਪਤਾਲ ਵਿੱਚ ਹਰ ਸਾਲ ਲਗਪਗ 5 ਲੱਖ ਲੋਕਾਂ ਦਾ ਇਲਾਜ ਕੀਤਾ ਜਾਂਦਾ ਹੈ ਪਰ ਇਸ ਹਾਲਤ ਖ਼ਰਾਬ ਹੋ ਚੁੱਕੀ ਹੈ। ਬੈਡਾਂ ਦੀ ਕਮੀ ਹੈ ਤੇ ਸਟਾਫ਼ ਵੀ ਪੂਰਾ ਨਾ ਹੋਣ ਕਰਕੇ ਕਈ ਵਾਰ ਮਰੀਜ਼ਾਂ ਨੂੰ ਦੂਜੀ ਥਾਂ ਸ਼ਿਫ਼ਟ ਕਰਨਾ ਪੈਂਦਾ ਰਿਹਾ ਹੈ। ਪ੍ਰੀਮੀਅਰ ਜੇਸਨ ਕੈਨੀ ਦਾ ਕਹਿਣਾ ਹੈ ਬਜਟ ਵਿੱਚ ਇਸ ਹਸਪਤਾਲ ਦਾ ਮੂੰਹ-ਮੁਹਾਂਦਰਾ ਸੁਧਾਰਨ ਵਾਸਤੇ ਰਕਮ ਰੱਖੀ ਗਈ ਹੈ। 193 ਮਿਲੀਅਨ ਡਾਲਰ ਅਗਲੇ 3 ਸਾਲਾਂ ਵਿੱਚ ਖ਼ਰਚ ਕੀਤੇ ਜਾਣਗੇ। ਇਹਨਾਂ ਵਿੱਚੋਂ 100 ਮਿਲੀਅਨ ਡਾਲਰ ਸਾਲ 2020 ਵਿੱਚ ਐਲਾਨ ਕੀਤੇ ਗਏ ਸਨ। ਬੈਡਾਂ ਦੀ ਗਿਣਤੀ 270 ਤੋਂ ਵਧਾ ਕੇ 570 ਕੀਤੀ ਜਾ ਰਹੀ ਹੈ। ਪੂਰਾ ਪ੍ਰੋਜੈਕਟ ਸਾਲ 2030 ਤੱਕ ਮੁਕੰਮਲ ਹੋਵੇਗਾ।


Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇਂ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
83 Martindale Blvd NE Calgary, AB T3J 3M7
P: 403-453-9000 / C:403-477-5142
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।

## ਸੰਪਾਦਕੀ



ਜ਼ਿਆਦਤੀ ਦੇਖ ਕੇ ਖ਼ਾਮੋਸ਼ ਰਹਿਣਾ ਜ਼ਿਆਦਤੀ ਤੋਂ ਘੱਟ ਨਹੀਂ। -ਨਸੀਮ ਨਿਕੋਲਸ ਤਾਲਿਬ

# ਪ੍ਰਮਾਣੂ ਜੰਗ ਦਾ ਡਰ

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਹੁਣ ਪ੍ਰਮਾਣੂ ਹਥਿਆਰਾਂ ਵਾਲੀ ਕਮਾਨ ਨੂੰ ਤਿਆਰ ਰਹਿਣ ਦਾ ਨਿਰਦੇਸ਼ ਦੇ ਕੇ ਆਪਣਾ ਇਰਾਦਾ ਸਾਫ ਕਰ ਦਿੱਤਾ ਹੈ ਕਿ ਉਸ ਨੂੰ ਹੁਣ ਕਿਸੇ ਦਾ ਡਰ ਨਹੀਂ ਹੈ। ਇਸ ਤੋਂ ਦੁਨੀਆਂ ਦੇ ਜ਼ਿਆਦਾਤਰ ਦੇਸ਼ ਹੈਰਾਨ ਰਹਿ ਗਏ ਹਨ। ਖਾਸ ਤੌਰ ਉਤੇ ਅਮਰੀਕਾ ਅਤੇ ਯੂਰਪੀ ਸੰਘ ਦੇ ਉਨ੍ਹਾਂ ਦੇਸ਼ਾਂ ਦੀ ਨੀਂਦ ਉਡਣਾ ਲਾਜ਼ਮੀ ਹੈ ਜੋ ਯੂਕਰੇਨ ਦੇ ਨਾਲ ਖੜ੍ਹੇ ਹਨ ਅਤੇ ਉਸ ਨੂੰ ਰੂਸ ਨਾਲ ਮੁਕਾਬਲਾ ਕਰਨ ਲਈ ਹਥਿਆਰ ਦੇ ਰਹੇ ਹਨ। ਇਸ ਤੋਂ ਹੁਣ ਇਹ ਖਤਰਾ ਪੈਦਾ ਹੋ ਗਿਆ ਹੈ ਕਿ ਹਾਲਾਤ ਹੁਣ ਕਦੇ ਨਵਾਂ ਮੋੜ ਲੈ ਲੈਣ ਅਤੇ ਪੁਤਿਨ ਪ੍ਰਮਾਣੂ ਹਮਲੇ ਦਾ ਦਾਅ ਨਾ ਚੱਲ ਦੇਵੇ। ਹਾਲਾਂਕਿ ਪ੍ਰਮਾਣੂ ਹਮਲਾ ਇੰਨਾ ਆਸਾਨ ਨਹੀਂ ਹੈ, ਪਰ ਰੂਸ ਨੇ ਅਮਰੀਕਾ, ਪੱਛਮੀ ਦੇਸ਼ਾਂ ਅਤੇ ਨਾਟੋ ਦੀਆਂ ਧਮਕੀਆਂ ਦੇ ਬਾਅਦ ਜਿਸ ਤਰ੍ਹਾਂ ਦਾ ਹਮਲਾਵਰ ਰੁਖ ਅਖਤਿਆਰ ਕੀਤਾ ਹੈ, ਉਸ ਤੋਂ ਖਤਰਾ ਹੋਰ ਵੱਧ ਗਿਆ ਹੈ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਤੱਕ ਤਾਂ ਲੱਗ ਰਿਹਾ ਸੀ ਕਿ ਜੇਕਰ ਲੜਾਈ ਛਿੜ ਵੀ ਗਈ ਤਾਂ ਜ਼ਿਆਦਾ ਦਿਨ ਤੱਕ ਚੱਲਣ ਨਹੀਂ ਹੈ। ਪਰ ਰੂਸ ਦੇ ਧਾਵਾ ਬੋਲ ਦੇਣ ਦੇ ਬਾਅਦ ਪਿਛਲੇ ਪੰਜ-ਛੇ ਦਿਨ ਦੇ ਹਾਲਾਤ ਜਿਸ ਤੇਜ਼ੀ ਨਾਲ ਵਿਗੜੇ ਹਨ, ਉਸ ਨੂੰ ਦੇਖਦੇ ਹੋਏ ਕੋਈ ਵੀ ਕਿਆਸ ਲੱਗਾ ਸਕਦਾ ਆਸਾਨ ਨਹੀਂ ਹੈ। ਵਰਨਣਯੋਗ ਹੈ ਕਿ ਅਮਰੀਕਾ ਅਤੇ ਯੂਰਪੀ ਦੇਸ਼ਾਂ ਨੇ ਮੌਜੂਦਾ ਜੰਗ ਦੇ ਲਈ ਰੂਸ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਉਤੇ ਵੱਡੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ। ਇਸ ਤੋਂ ਰੂਸ ਬੁਖਲਾਇਆ ਹੋਇਆ ਹੈ। ਨਾਟੋ ਨੇ ਯੂਕਰੇਨ ਵਿੱਚ ਹਾਲੇ ਤੱਕ ਆਪਣੀ ਫੌਜ ਭਾਵੇਂ ਨਾ ਉਤਾਰੀ ਹੋਵੇ ਪਰ ਯੂਕਰੇਨ ਨੂੰ ਦੂਜੇ ਪੱਛਮੀ ਦੇਸ਼ ਹਥਿਆਰ ਤਾਂ ਦੇ ਹੀ ਰਹੇ ਹਨ ਤਾਂ ਕਿ ਉਹ ਝੁਕੇ ਨਾ ਅਤੇ ਰੂਸ ਦਾ ਮੂੰਹਤੋੜ ਜਵਾਬ ਦੇਵੇ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦਿਮਿਰ ਜੇਲੇਂਸਕੀ ਨੇ ਵੀ ਆਪਣੇ ਹਰ ਨਾਗਰਿਕ ਨੂੰ ਰੂਸ ਦੇ ਖਿਲਾਫ ਹਥਿਆਰ ਚੁੱਕਣ ਅਤੇ ਆਖਿਰੀ ਸਾਹ ਤੱਕ ਲੜਨ ਦੀ ਅਪੀਲ ਕੀਤੀ ਹੈ। ਭਾਵੇਂ ਹੀ ਯੂਕਰੇਨ ਦੀ ਫੌਜੀ ਤਾਕਤ ਰੂਸ ਦੇ ਮੁਕਾਬਲੇ ਘਟ ਹੀ ਹੋਵੇ, ਪਰ ਉਸ ਦਾ ਮਨੋਬਲ ਕਿਧਰੇ ਜ਼ਿਆਦਾ ਦਿਸ ਰਿਹਾ ਹੈ। ਨਿਸ਼ਚਿਤ ਹੀ ਇਹ ਪੁਤਿਨ ਦੇ ਲਈ ਇੱਕ ਵੱਡਾ ਸੰਦੇਸ਼ ਵੀ ਹੈ। ਸੰਭਵ ਹੈ ਕਿ ਪ੍ਰਮਾਣੂ ਹਮਲੇ ਦੀ ਧਮਕੀ ਨੂੰ ਯੂਕਰੇਨ ਨੂੰ ਦਬਾਅ ਵਿੱਚ ਲਿਆਉਣ ਲਈ ਦਿੱਤੀ ਹੋਵੇ। ਹਾਲਾਂਕਿ ਰੂਸ ਯੂਕਰੇਨ ਉਤੇ ਰਸਾਇਣਕ ਹਥਿਆਰਾਂ ਦੇ ਇਸਤੇਮਾਲ ਦਾ ਦੋਸ਼ ਲਗਾ ਰਿਹਾ ਹੈ। ਪਰ ਜੋ ਵੀ ਹੋਵੇ, ਪ੍ਰਮਾਣੂ ਹਮਲੇ ਦੀ ਧਮਕੀ ਦੇ ਕੇ ਰੂਸ ਨੇ ਦੱਸ ਦਿੱਤਾ ਹੈ ਕਿ ਯੂਕਰੇਨ ਨੂੰ ਲੈ ਕੇ ਹੁਣ ਉਹ ਜੋ ਵੀ ਕਰੇਗਾ ਆਪਣੀਆਂ ਸ਼ਰਤਾਂ ਉਤੇ ਪੂਰਾ ਕਰੇਗਾ। ਪ੍ਰਮਾਣੂ ਹਥਿਆਰਾਂ ਦੇ ਇਸਤੇਮਾਲ ਦੀ ਸਨਕ ਦਾ ਨਤੀਜਾ ਦੁਨੀਆਂ ਭੁਗਤ ਚੁੱਕੀ ਹੈ। ਵਰਨਣਯੋਗ ਹੈ ਕਿ ਦੂਜੇ ਵਿਸ਼ਵ ਯੁੱਧ ਵਿੱਚ ਅਮਰੀਕਾ ਨੇ ਜਾਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਉਤੇ ਪ੍ਰਮਾਣੂ ਬੰਬ ਡੇਗ ਕੇ ਦੁਨੀਆਂ ਨੂੰ ਇਸ ਦੇ ਅੰਜ਼ਾਮ ਦੇ ਬਾਰੇ ਦੱਸ ਦਿੱਤਾ ਸੀ। ਉਸ ਤਬਾਹੀ ਦੀਆਂ ਯਾਦਾਂ ਅੱਜ ਵੀ ਰੌਂਗਟੇ ਖੜ੍ਹੇ ਕਰ ਦਿੰਦੀਆਂ ਹਨ ਅਤੇ ਉਦੋਂ ਤਾਂ ਉਹ ਪਹਿਲਾ ਪ੍ਰਮਾਣੂ ਬੰਬ ਸੀ। ਪਿਛਲੇ 75 ਸਾਲ ਵਿੱਚ ਦੁਨੀਆ ਦੇ ਕੁੱਝ ਦੇਸ਼ਾਂ ਨੇ ਜਿਸ ਤਰ੍ਹਾਂ ਦੇ ਪ੍ਰਮਾਣੂ ਹਥਿਆਰ ਬਣਾ ਲਏ ਹਨ, ਉਨ੍ਹਾਂ ਤੋਂ ਹੋਣ ਵਾਲੇ ਵਿਨਾਸ਼ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਸਮੇਂ ਰੂਸ ਦੇ ਕੋਲ 5 ਹਜ਼ਾਰ 9 ਸੌ 77 ਪ੍ਰਮਾਣੂ ਹਥਿਆਰ ਹਨ ਅਤੇ ਅਮਰੀਕਾ ਦੇ ਕੋਲ ਉਸ ਤੋਂ ਥੋੜ੍ਹੇ ਘਟ ਭਾਵ 5 ਹਜ਼ਾਰ 2 ਸੌ 48 ਹਨ। ਚੀਨ ਆਪਣੇ ਕੋਲ ਸਾਢੇ ਤਿੰਨ ਹਜਾਰ ਪ੍ਰਮਾਣੂ ਹਥਿਆਰ ਹੋਣ ਦਾ ਦਾਅਵਾ ਕਰਦਾ ਹੈ। ਫਰਾਂਸ, ਬ੍ਰਿਟੇਨ, ਭਾਰਤ, ਪਾਕਿਸਤਾਨ ਜਿਹੇ ਦੇਸ਼ ਵੀ ਪ੍ਰਮਾਣੂ ਸ਼ਕਤੀ ਸੰਪਨ ਦੇਸ਼ ਹੋ ਗਏ ਹਨ। ਉਤਰ ਕੋਰੀਆ ਦਾ ਸ਼ਕਤੀ ਪ੍ਰਦਰਸ਼ਨ ਵੀ ਘਟ ਡਰਾਉਣ ਵਾਲਾ ਨਹੀਂ ਹੈ। ਜਿਸ ਦੇ ਕੋਲ ਜਿੰਨੇ ਜ਼ਿਆਦਾ ਪ੍ਰਮਾਣੂ ਹਥਿਆਰ ਹਨ, ਉਹ ਆਪਣੇ ਆਪ ਨੂੰ ਓਨਾ ਹੀ ਸੁਰੱਖਿਅਤ ਮੰਨ ਰਿਹਾ ਹੈ। ਪਰ ਅਜਿਹਾ ਕੀ ਹੈ? ਹਥਿਆਰਾਂ ਦੀ ਧਮਕੀ ਦੀ ਇਹ ਦੌੜ ਹੀ ਤਾਂ ਹੈ ਜਿਸ ਕਾਰਨ ਪੁਤਿਨ ਜਾਂ ਕਿੰਮ ਜੋਂਗ ਉਨ ਜਿਹੇ ਸ਼ਾਸਕ ਜਾਂ ਅਮਰੀਕਾ ਜਿਹੇ ਦੇਸ਼ ਦੁਨੀਆਂ ਨੂੰ ਧਮਕਾ ਰਹੇ ਹਨ।

**ਸੁਖਜਿੰਦਰ ਸਮਰਾ**
ਮੋ. 95835-92000


403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਚਿੰਤਾ ਦੀਆਂ ਲਕੀਰਾਂ ਪੰਜਾਬ ਦੇ ਮੱਥੇ 'ਤੇ



ਗੁਰਮੀਤ ਸਿੰਘ ਪਲਾਹੀ

**ਵਿਧਾਨ ਸਭਾ ਚੋਣਾਂ ਹੋਈਆਂ ਬੀਤੀਆਂ ਹਨ। ਅੰਦਾਜ਼ੇ ਲੱਗ ਰਹੇ ਹਨ ਕਿ ਕਿਸੇ ਵੀ ਧਿਰ ਨੂੰ ਬਹੁਮਤ ਹਾਸਲ ਨਹੀਂ ਹੋਏਗਾ? ਕੋਈ ਵੀ ਧਿਰ ਪੰਜਾਬ 'ਚ ਸਰਕਾਰ ਨਹੀਂ ਬਣਾ ਸਕੇਗੀ। ਹੁਣੇ ਤੋਂ ਹੀ ਜੋੜ-ਤੋੜ ਜਾਰੀ ਹੋ ਗਿਆ ਹੈ। ਡਾਹਢਾ ਕੇਂਦਰੀ ਹਾਕਮ, ਜਿਹਨਾ ਨੇ ਪਹਿਲਾਂ ਹੀ ਪੰਜਾਬ 'ਚ ਨੇਤਾਵਾਂ ਦੀ ਵੱਡੀ ਖਰੀਦੋ-ਫ਼ਰੋਖਤ ਕੀਤੀ, ਉਹ ਹੁਣੇ ਤੋਂ ਹੀ ਹੋਰ ਪਾਰਟੀਆਂ ਨੂੰ ਆਪਣੇ ਪਾਲੇ ਕਰਕੇ ਪੰਜਾਬ ਨੂੰ ਹਥਿਆਉਣ ਦੇ ਰਾਹ ਹੈ। ਇਸ 'ਕਾਰਨਾਮੇ' ਲਈ ਉਹ "ਆਇਆ ਰਾਮ, ਗਿਆ ਰਾਮ" ਦੀ ਰਾਜਨੀਤੀ ਨੂੰ ਉਤਸ਼ਾਹਤ ਕਰੇਗਾ।**

ਪੰਜਾਬ 'ਚ ਵਿਧਾਨ ਸਭਾ ਲਈ ਵੋਟਾਂ ਪੈ ਕੇ ਹਟੀਆਂ ਹਨ। ਪੰਜਾਬ ਦੇ ਸਰਕਾਰੀ ਹਲਕਿਆਂ ਦੀ ਘਬਰਾਹਟ ਹੈ ਕਿ ਪਿਛਲੀਆਂ 2017 ਦੀਆਂ ਵਿਧਾਨ ਸਭਾ ਚੋਣਾਂ ਨਾਲੋਂ, ਇਸ ਵਾਰ 2022 'ਚ, 5.41 ਫ਼ੀਸਦੀ ਘੱਟ ਵੋਟ ਪੋਲ ਹੋਏ ਹਨ। ਸਿਆਸੀ ਧਿਰਾਂ ਦੀ ਘਬਰਾਹਟ ਹੈ ਕਿ ਸ਼ਹਿਰੀ ਖੇਤਰਾਂ ਵਿੱਚ ਘੱਟ ਵੋਟਾਂ ਪੋਲ ਹੋਈਆਂ ਹਨ ਅਤੇ ਪੇਂਡੂ ਖੇਤਰਾਂ ਵਿੱਚ ਖ਼ਾਸ ਕਰਕੇ ਮਾਲਵਾ ਖਿੱਤੇ 'ਚ ਵੱਧ ਵੋਟਰਾਂ ਨੇ ਵੋਟ ਪਾਈ ਹੈ। ਹੋਰ ਚਿੰਤਾਵਾਂ ਦੇ ਨਾਲ ਪੰਜਾਬ ਹਿਤੈਸ਼ੀ ਚਿੰਤਕਾਂ ਦੀ ਚਿੰਤਾ ਵਧੀ ਹੈ ਕਿ ਪੰਜਾਬ ਚੋਣਾਂ 'ਚ ਨਸ਼ਿਆਂ ਖ਼ਾਸ ਕਰਕੇ ਮੁਫ਼ਤ ਸ਼ਰਾਬ ਵੰਡ ਵੱਡੀ ਪੱਧਰ 'ਤੇ ਕੀਤੀ ਗਈ ਹੈ ਅਤੇ ਹੋਰ ਸੈਂਥੈਟਿਕ ਨਸ਼ੇ ਵੀ ਸ਼ਰੇਆਮ ਵੰਡੇ ਗਏ ਹਨ ਭਾਵੇਂ ਕਿ ਚੋਣ ਕਮਿਸ਼ਨ ਦੇ ਅਧਿਕਾਰੀ ਵੱਡੀ ਮਾਤਰਾ 'ਚ ਸ਼ਰਾਬ,ਪੈਸਾ, ਜ਼ਬਤ ਕਰਨ ਦਾ ਦਾਅਵਾ ਕਰਦੇ ਹਨ।ਇਸ ਤੋਂ ਵੀ ਵੱਡੀ ਚਿੰਤਾ ਇਹ ਵੀ ਵਧੀ ਹੈ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਆਪਣੇ ਉਮੀਦਵਾਰ,ਵੱਡੇ ਧਨਾਢ ਅਤੇ ਉਹ ਲੋਕ ਜਿਹੜੇ ਖੱਬੀਖਾਂਨ ਹਨ ਅਤੇ ਜਿਹਨਾ ਵਿਰੁੱਧ ਅਦਾਲਤਾਂ ਵਿੱਚ ਅਪਰਾਧਿਕ ਮਾਮਲੇ ਦਰਜ਼ ਹਨ, ਨੂੰ ਬਨਾਉਣ ਲਈ ਤਰਜ਼ੀਹ ਦਿੱਤੀ ਹੈ। ਕੁਲ ਮਿਲਾਕੇ ਵੱਖੋ-ਵੱਖਰੀਆਂ ਪਾਰਟੀਆਂ ਦੇ 1304 ਉਮੀਦਵਾਰ ਚੋਣ ਮੈਦਾਨ ਵਿੱਚ ਸਨ ਅਤੇ 315 ਉਮੀਦਵਾਰਾਂ (ਜੋ ਕੁਲ ਦਾ 25 ਫ਼ੀਸਦੀ ਹੈ) ਉਤੇ ਅਪਰਾਧਿਕ ਮਾਮਲੇ ਜਿਹਨਾ ਵਿੱਚ ਕਤਲ, ਬਲਾਤਕਾਰ, ਕੁੱਟਮਾਰ, ਧੋਖਾਧੜੀ ਆਦਿ ਦੇ ਕੇਸ ਦਰਜ਼ ਹਨ। ਸਾਲ 2017 'ਚ ਇਹਨਾ ਦੀ ਗਿਣਤੀ 9 ਫ਼ੀਸਦੀ ਸੀ। ਇਹਨਾ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਵਿੱਚ ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ 65, ਆਮ ਆਦਮੀ ਪਾਰਟੀ ਦੇ 58, ਭਾਰਤੀ ਜਨਤਾ ਪਾਰਟੀ ਦੇ 27, ਕਾਂਗਰਸ ਦੇ 16, ਸੰਯੁਕਤ ਅਕਾਲੀ ਦਲ ਦੇ ਚਾਰ, ਬੀਐਸਪੀ ਦੇ ਤਿੰਨ ਅਤੇ ਪੰਜਾਬ ਲੋਕ ਦਲ ਦੇ ਤਿੰਨ ਉਮੀਦਵਾਰ ਹਨ। ਇਹਨਾ ਵਿੱਚ 218 ਉਤੇ ਬਹੁਤ ਗੰਭੀਰ ਦੋਸ਼ ਹਨ।

ਚਿੰਤਾ ਇਸ ਗੱਲ ਦੀ ਵੀ ਵੱਧ ਹੈ ਕਿ ਵਿਧਾਨ ਸਭਾ ਉਮੀਦਵਾਰਾਂ ਵਿੱਚ 521 ਕਰੋੜਪਤੀ ਹਨ, ਜਿਹਨਾ ਵਿੱਚ 89 ਸ਼੍ਰੋਮਣੀ ਅਕਾਲੀ ਦਲ , 107 ਕਾਂਗਰਸ, 81 ਆਮ ਆਦਮੀ ਪਾਰਟੀ, 60 ਬਹੁਜਨ ਸਮਾਜ ਪਾਰਟੀ, 16 ਬੀਐਸਪੀ ਅਤੇ 11 ਸੰਯੁਕਤ ਅਕਾਲੀ ਦਲ ਅਤੇ ਪੰਜਾਬ ਲੋਕ ਕਾਂਗਰਸ ਨਾਲ ਸਬੰਧਤ ਹਨ। ਇਸ ਤੋਂ ਵੀ ਵੱਡੀ ਚਿੰਤਾ ਵਾਲੀ ਗੱਲ ਪੰਜਾਬੀਆਂ ਦੇ ਮੱਥੇ ਉਤੇ ਤੀਊੜੀਆਂ ਪਾਉਂਦੀ ਹੈ ਕਿ 49 ਉਮੀਦਵਾਰ ਪੂਰੀ ਤਰ੍ਹਾਂ ਅਨਪੜ੍ਹ ਹਨ। 21 ਸਿਰਫ ਅੱਖਰ ਗਿਆਨ ਰੱਖਦੇ ਹਨ, 75 ਸਿਰਫ਼ ਪੰਜਵੀਂ ਪਾਸ, 118 ਅੱਠਵੀ ਪਾਸ, 263 ਦਸਵੀਂ ਪਾਸ ਅਤੇ 239 ਬਾਹਰਵੀਂ ਪਾਸ ਹਨ। ਬਾਵਜੂਦ ਇਸ ਗੱਲ ਦੇ ਕਿ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਔਰਤਾਂ ਨੂੰ ਵੱਧ ਅਧਿਕਾਰ, ਵੱਧ ਸੀਟਾਂ ਦੇਣ ਦਾ ਦਾਅਵਾ ਕਰਦੀਆਂ ਹਨ,ਪਰ ਕੁਲ ਮਿਲਾਕੇ 117 ਸੀਟਾਂ ਤੇ 1304 ਉਮੀਦਵਾਰਾਂ ਵਿਚੋਂ ਸਿਰਫ਼ 93 ਔਰਤਾਂ ਚੋਣ ਲੜ ਰਹੀਆਂ ਹਨ, (ਕੁਲ ਦਾ ਸਿਰਫ਼ 7.13 ਫ਼ੀਸਦੀ) ਜਿਹਨਾ ਵਿੱਚ ਵੀ 29 ਆਜ਼ਾਦ ਉਮੀਦਵਾਰ ਹਨ ਹਾਲਾਂਕਿ ਪੰਜਾਬ 'ਚ ਕੁੱਲ 2,14,99,804 ਵੋਟਰਾਂ ਵਿੱਚੋਂ 47.44 ਫ਼ੀਸਦੀ ਔਰਤ ਵੋਟਰਾਂ ਹਨ। ਪ੍ਰੇਸ਼ਾਨੀ ਵਾਲੀ ਗੱਲ ਇਹ ਵੀ ਹੈ ਕਿ ਮੁੱਖ ਪਾਰਟੀਆਂ ਨੇ ਸਿਰਫ਼ 37 ਅਤੇ ਛੋਟੀਆਂ ਪਾਰਟੀਆਂ ਨੇ 28 ਔਰਤਾਂ ਨੂੰ ਉਮੀਦਵਾਰ ਬਣਾਇਆ ਹੈ। ਇਹਨਾ ਵਿੱਚ ਕਾਂਗਰਸ ਨੇ 11, ਆਪ ਨੇ 12, ਸ਼੍ਰੋਮਣੀ ਅਕਾਲੀ ਦਲ-ਬਸਪਾ ਨੇ 6, ਅਤੇ ਬੀ ਜੇ ਪੀ ਗੱਠਜੋੜ 8 ਸੀਟਾਂ 'ਤੇ ਔਰਤ ਉਮੀਦਵਾਰਾਂ ਨੂੰ ਮੌਕਾ ਦਿੱਤਾ ।ਪੰਜਾਬ ਦੇ ਚਿੰਤਾਵਾਨ ਲੋਕ ਸਿਆਸੀ ਧਿਰਾਂ ਤੋਂ ਮੰਗ ਕਰਦੇ ਰਹੇ ਨੇ, ਉਹ ਮੁੱਦਿਆਂ ਦੀ ਸਿਆਸਤ ਕਰਨ। ਪੰਜਾਬ ਦੀਆਂ ਸਮੱਸਿਆਵਾਂ ਨੂੰ




ਹੱਲ ਕਰਨ ਲਈ ਵਚਨ ਦੇਣ ।ਪਰ ਲਗਭਗ ਸਾਰੀਆਂ ਸਿਆਸੀ ਧਿਰਾਂ ਨੇ ਆਖਰੀ ਦਿਨਾਂ 'ਚ ਆਪਣੇ ਚੋਣ ਮਨੋਰਥ ਪੱਤਰ ਜਾਰੀ ਕੀਤੇ । ਬਹੁਤੀਆਂ ਪਾਰਟੀਆਂ ਨੇ ਲੋਕਾਂ ਨੂੰ ਰਿਐਤਾਂ ਦੇਣ ਦੀ ਰਾਜਨੀਤੀ ਕੀਤੀ, ਲੋਕ ਲੁਭਾਊ ਨਾਅਰੇ ਲਾਏ ।ਲੋਕਾਂ ਨੂੰ ਵੋਟਾਂ ਲਈ ਭਰਮਾਉਣ ਵਾਸਤੇ ਅਤੇ ਉਹਨਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਸਾਮ-ਦਾਮ-ਦੰਡ ਦੀ ਵਰਤੋਂ ਕੀਤੀ। ਇਸ ਤੋਂ ਵੀ ਵੱਡੀ ਗੱਲ ਪੰਜਾਬ 'ਚ ਇਹ ਵੇਖਣ ਨੂੰ ਮਿਲੀ ਕਿ ਪੰਜਾਬ ਦੀਆਂ ਮੁੱਖ ਪਾਰਟੀਆਂ ਨੇ ਦੂਜੀਆਂ ਪਾਰਟੀਆਂ 'ਚੋਂ "ਥੋਕ ਦੇ ਭਾਅ" ਨੇਤਾ ਲੋਕ ਪੁੱਟੇ, ਆਪਣੀਆਂ ਪਾਰਟੀਆਂ 'ਚ ਸ਼ਾਮਲ ਕੀਤੇ। ਧਰਮ, ਜਾਤ ਬਰਾਦਰੀ ਦੇ ਨਾਮ ਤੇ ਸਿਆਸਤ ਕੀਤੀ ਅਤੇ ਵੱਡੇ ਨੇਤਾਵਾਂ ਇੱਕ ਦੂਜੇ ਦੇ ਪੋਤੜੇ ਫੋਲੇ, ਬਾਹਵਾਂ ਟੁੰਗੀਆਂ, ਲਲਕਾਰੇ ਮਾਰੇ, ਸੋਸ਼ਲ ਮੀਡੀਆ ਦੀ ਬੇਹੱਦ ਵਰਤੋਂ ਕੀਤੀ। ਇਵੇਂ ਜਾਪਿਆ ਜਿਵੇਂ ਸੂਬਾ ਪੰਜਾਬ ਬੀਮਾਰ ਲੋਕਤੰਤਰ ਦੀ ਇੱਕ ਤਸਵੀਰ ਪੇਸ਼ ਕਰ ਰਿਹਾ ਹੋਵੇ।

ਵਿਧਾਨ ਸਭਾ ਚੋਣਾਂ ਹੋਈਆਂ ਬੀਤੀਆਂ ਹਨ। ਅੰਦਾਜ਼ੇ ਲੱਗ ਰਹੇ ਹਨ ਕਿ ਕਿਸੇ ਵੀ ਧਿਰ ਨੂੰ ਬਹੁਮਤ ਹਾਸਲ ਨਹੀਂ ਹੋਏਗਾ? ਕੋਈ ਵੀ ਧਿਰ ਪੰਜਾਬ 'ਚ ਸਰਕਾਰ ਨਹੀਂ ਬਣਾ ਸਕੇਗੀ। ਹੁਣੇ ਤੋਂ ਹੀ ਜੋੜ-ਤੋੜ ਜਾਰੀ ਹੋ ਗਿਆ ਹੈ। ਡਾਹਢਾ ਕੇਂਦਰੀ ਹਾਕਮ, ਜਿਹਨਾ ਨੇ ਪਹਿਲਾਂ ਹੀ ਪੰਜਾਬ 'ਚ ਨੇਤਾਵਾਂ ਦੀ ਵੱਡੀ ਖਰੀਦੋ-ਫ਼ਰੋਖਤ ਕੀਤੀ, ਉਹ ਹੁਣੇ ਤੋਂ ਹੀ ਹੋਰ ਪਾਰਟੀਆਂ ਨੂੰ ਆਪਣੇ ਪਾਲੇ ਕਰਕੇ ਪੰਜਾਬ ਨੂੰ ਹਥਿਆਉਣ ਦੇ ਰਾਹ ਹੈ। ਇਸ 'ਕਾਰਨਾਮੇ' ਲਈ ਉਹ "ਆਇਆ ਰਾਮ, ਗਿਆ ਰਾਮ" ਦੀ ਰਾਜਨੀਤੀ ਨੂੰ ਉਤਸ਼ਾਹਤ ਕਰੇਗਾ। ਅਤੇ ਹਰ ਹੀਲੇ ਆਪਣਾ ਰਾਜ-ਭਾਗ ਸਥਾਪਿਤ ਕਰਕੇ "ਪੰਜਾਬ" ਨੂੰ ਕਾਬੂ ਕਰਨ ਦਾ ਯਤਨ ਕਰੇਗਾ। ਕੀ ਇਹ ਪੰਜਾਬੀਆਂ ਲਈ ਖ਼ਾਸ ਕਰਕੇ ਪੰਜਾਬ ਹਿਤੈਸ਼ੀ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ? ਸ਼ਾਇਦ ਪੰਜਾਬ ਨੇ 15 ਵਿਧਾਨ ਸਭਾ ਚੋਣਾਂ ਤੇ ਦੇਸ਼ ਦੀਆਂ ਲੋਕ ਸਭਾ ਚੋਣਾਂ 'ਚ ਇਹੋ ਜਿਹਾ ਚੋਣ ਦੰਗਲ ਨਹੀਂ ਦੇਖਿਆ ਹੋਏਗਾ। ਲੋਕ ਭੌਚੱਕੇ ਰਹਿ ਗਏ ਕਿ ਪੰਜਾਬ 'ਚ ਇਹ ਕੀ ਹੋ ਰਿਹਾ ਹੈ? ਪੰਜ ਕੋਨੇ ਮੁਕਾਬਲੇ ਸ਼ੁਰੂ ਹੋਏ, ਵੱਖੋ-ਵੱਖਰੇ ਹਲਕਿਆਂ 'ਚ ਤਿੰਨ ਕੋਨੇ ਮੁਕਾਬਲਿਆਂ ਤੱਕ ਸਿਮਟ ਗਏ। ਖੱਬੀਆਂ ਧਿਰਾਂ ਅਤੇ ਸੰਯੁਕਤ ਸਮਾਜ ਮੋਰਚੇ ਨੇ ਆਪਣਾ ਪੱਖ ਰੱਖਣ ਅਤੇ ਪੰਜਾਬ ਦੇ ਲੋਕਾਂ ਦੀ ਗੱਲ ਕੀਤੀ, ਉਹਨਾ ਦੀਆਂ ਸਮੱਸਿਆਵਾਂ ਨੂੰ ਚਿਤਾਰਿਆ, ਮੁੱਦਿਆਂ ਦੀ ਗੱਲ ਕੀਤੀ, ਕਿਸਾਨਾਂ ਮਜ਼ਦੂਰਾਂ ਦੀ ਗੱਲ ਕੀਤੀ, ਕੁਝ ਹੋਰ ਸਮਾਜੀ ਧਿਰਾਂ ਨੇ ਵਾਤਾਵਰਨ, ਸਿਖਿਆ, ਸਿਹਤ, ਰੁਜ਼ਗਾਰ, ਪ੍ਰਵਾਸ ਪੰਜਾਬ ਦੇ ਪਾਣੀ, ਪੰਜਾਬੀ ਬੋਲੀ ਦੀ ਗੱਲ ਕੀਤੀ। ਪਰ ਚਿੰਤਾ ਇਸ ਗੱਲ ਦੀ ਰਹੀ ਕਿ ਰਾਸ਼ਟਰੀ ਨੇਤਾਵਾਂ ਨੇ ਜੋ ਲਗਾਤਾਰ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਤ ਕਰਨ ਲਈ ਪੰਜਾਬ ਫੇਰੀਆਂ ਪਾਉਂਦੇ ਰਹੇ, ਇਹ ਵਾਇਦਾ ਹੀ ਨਾ ਕਰ ਸਕੇ ਕਿ ਪੰਜਾਬੀ ਨੌਜਵਾਨਾਂ ਨੂੰ ਕਿਹੜੇ ਰਾਹ ਪਾਉਣਾ ਹੈ? ਪੰਜਾਬ ਦੇ ਕਰਜ਼ੇ ਦਾ, ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਦੇ ਕਰਜ਼ੇ ਦਾ ਕੀ ਕਰਨਾ ਹੈ? ਖੁਰੀ ਹੋਈ ਪੰਜਾਬ ਦੀ ਆਰਥਿਕਤਾ ਨੂੰ ਕਿਵੇਂ ਠੁੰਮਣਾ ਦੇਣਾ ਹੈ। ਉਹਨਾ ਸਿਰ ਚੜ੍ਹਿਆ 5 ਲੱਖ ਕਰੋੜ ਦਾ ਕਰਜ਼ਾ ਕਿਵੇਂ ਲਾਹੁਣਾ ਹੈ? ਪੰਜਾਬ ਦੀ ਘਾਟੇ ਦੀ ਖਾਤੇ ਦੀ ਖੇਤੀ ਦਾ ਕੀ ਹੱਲ ਕਰਨਾ ਹੈ? ਪੰਜਾਬ 'ਚ ਕਿਹੜੇ ਉਦਯੋਗ ਲਗਾਉਣੇ ਹਨ? ਚਿੰਤਾ ਦੀਆਂ ਲਕੀਰਾਂ ਪੰਜਾਬ ਦੇ ਮੱਥੇ ਤੇ ਡੂੰਘੀਆਂ ਹੋ ਰਹੀਆਂ ਹਨ। ਪੰਜਾਬ ਦੇ ਮੱਥੇ ਉਤੇ ਨਸ਼ੇ ਦਾ ਇੱਕ ਵੱਟ ਹੈ, ਪੰਜਾਬ ਦੇ 20 ਲੱਖ ਤੋਂ ਵੱਧ ਲੋਕ ਨਸ਼ੇ ਦੀ ਵਰਤੋਂ ਕਰਦੇ ਹਨ ਅਤੇ 15 ਲੱਖ ਤੋਂ ਵੱਧ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਹੋਰ ਨਸ਼ੇ ਕਰਨ ਵਾਲਿਆਂ ਦੀ ਗਿਣਤੀ ਕੁਲ ਮਿਲਾਕੇ ਪੰਜਾਬ ਦੀ ਕੁਲ ਆਬਾਦੀ ਦਾ 15.4 ਫ਼ੀਸਦੀ ਹੈ, ਜਿਹਨਾ 'ਚ ਮੁੱਖ ਤੌਰ 'ਤੇ ਪੰਜਾਬ ਦੇ ਪੁਰਖ ਸ਼ਾਮਲ ਹਨ,ਉਹ ਕੋਈ ਨਾ ਕੋਈ ਨਸ਼ਾ ਕਰਦੇ ਹਨ। ਨਸ਼ਿਆਂ ਵਿੱਚ ਫਾਰਮਾਕੋਲੋਜੀ ਦੇ ਫਾਰਮੂਲਿਆਂ ਤੋਂ ਇਲਾਵਾ ਓਪੀਔਡਜ ਕੈਨਾਬਿਨੋਓਇਡਜ, ਸੈਡੇਟਿਵ-ਇਨਹੇਲੈਂਟ-ਸਟਿਊਲੈਟਸ ਦਾ ਪ੍ਰਯੋਗ ਕਰਨ ਵਾਲੇ (ਭਾਵ ਚਿੱਟਾ ਅਤੇ ਹੋਰ ਨਸ਼ੇ) ਕਰਨ ਵਾਲਿਆਂ ਦੀ ਗਿਣਤੀ 1.7 ਫ਼ੀਸਦੀ ਹੈ। ਇਹ ਰਿਪੋਰਟ ਪੀਜੀਆਈ ਦੇ ਕਮਿਊਨਿਟੀ ਮੈਡੀਕਲ ਵਿਭਾਗ ਵਲੋਂ ਗਵਰਨਰ ਪੰਜਾਬ ਨੂੰ ਹੁਣੇ ਜਿਹੇ ਪੇਸ਼ ਕੀਤੀ ਗਈ ਹੈ। ਦੂਜਾ ਵੱਟ ਬੇਰੁਜ਼ਗਾਰੀ ਦਾ ਹੈ।ਪੰਜਾਬ 'ਚ ਬੇਰੁਜ਼ਗਾਰੀ ਦੀ ਦਰ ਭਾਰਤ ਭਰ 'ਚ ਸਭ ਤੋਂ ਵੱਧ ਹੈ। ਬੇਰੁਜ਼ਗਾਰੀ ਵਸੋਂ ਦੀ ਦਰ 7.3 ਫ਼ੀਸਦੀ ਹੈ। ।ਤੀਜਾ ਵੱਟ ਪ੍ਰਵਾਸ ਦਾ ਹੈ।ਪਿਛਲੇ ਭਾਰਤੀ ਲੋਕ ਸਭਾ ਸੈਸ਼ਨ ਵਿੱਚ ਦੱਸਿਆ ਗਿਆ ਕਿ ਸਾਲ 2016 ਤੋਂ 26 ਮਾਰਚ 2021 ਤੱਕ 4.7 ਲੱਖ ਪੰਜਾਬ ਦੇ ਵਸਨੀਕ ਦੇਸ਼ ਛੱਡਕੇ ਵਿਦੇਸ਼ਾਂ ਨੂੰ ਚਲੇ ਗਏ। ਹਰ ਸਾਲ ਡੇਢ ਲੱਖ ਤੋਂ ਦੋ ਲੱਖ ਪੰਜਾਬੀ ਵਿਦਿਆਰਥੀ ਆਇਲਿਟਸ ਕਰਕੇ ਕੈਨੇਡਾ, ਅਮਰੀਕਾ, ਬਰਤਾਨੀਆ ਪੰਜਾਬ ਤੋਂ ਜਾ ਰਹੇ ਹਨ। ਪੰਜਾਬ ਇਸ ਵੇਲੇ ਆਰਥਿਕ ਪੱਖੋ ਕੰਮਜ਼ੋਰ ਸੂਬਾ ਬਣਿਆ ਹੈ। ਦੇਸ਼ 'ਚ ਇਹ ਆਰਥਿਕ ਪੱਖੋ 16 ਵੇਂ ਥਾਂ 'ਤੇ ਹੈ। ਪੰਜਾਬ ਦਾ ਮੱਥਾ ਵੱਟਾਂ ਅਤੇ ਡੂੰਘੀਆਂ ਲਕੀਰਾਂ ਨਾਲ ਭਰਿਆ ਪਿਆ ਹੈ। ਇਹ ਵੱਟ ਅਤੇ ਲਕੀਰਾਂ ਝੁਰੜੀਆਂ ਬਣ ਰਹੀਆਂ ਹਨ। ਇਹੋ ਪੰਜਾਬ ਹਿਤੈਸ਼ੀਆਂ ਲਈ ਵੱਡੀ ਚਿੰਤਾ ਹੈ। ਕੀ ਨਵੀਂ ਸਰਕਾਰ ਪੰਜਾਬ ਦੀਆਂ ਚਿੰਤਾਵਾਂ ਨੂੰ ਆਪਣੀ ਚਿੰਤਾ ਬਣਾਏਗੀ?

# ਚਿੰਤਨ ਤੇ ਚਿੰਤਾ



ਡਾ. ਲਾਭ ਸਿੰਘ ਖੀਵਾ

ਪੰਜਾਬ ਦਾ ਚੋਣ-ਦੰਗਲ-2022 ਆਪਣੇ ਪੂਰਵਲੇ ਦੰਗਲਾਂ ਤੋ. ਨਿਆਰਾ ਤੇ ਬੇਮੁਹਾਰਾ ਬਣਿਆ ਰਿਹਾ ਹੈ। ਲੱਖ ਵਾਰ ਸੋਚਣ 'ਤੇ ਵੀ ਇਸਦੇ ਸਿਆਸੀ ਦਾਅਪੇਚਾਂ ਦੀ ਜਟਿਲਤਾ ਨੂੰ ਸੌਖਿਆਂ ਸਮਝਿਆ/ਸੋਚਿਆ ਨਹੀ. ਜਾ ਸਕਿਆ। ਆਪਣੇ ਇਤਿਹਾਸਕ ਖਾਸੇ ਮੁਤਾਬਕ ਇਸ ਚੋਣ-ਦੰਗਲ ਤੋ. ਪਹਿਲਾਂ ਇਹ ਲੰਮਾ ਸਮਾਂ ਦੋ ਧਿਰਾਂ ਦਰਮਿਆਨ ਰਿਹਾ ਹੈ। ਫਿਰ 2017 ਤੋ. ਤਿਕੋਣਾ ਬਣ ਗਿਆ ਤੇ ਹੁਣ ਪੰਜ-ਕੋਣਾਂ। ਇਸ ਅਖਾੜੇ ਵਿਚ ਸਿਰਫ ਪਹਿਲਵਾਨਾਂ ਦੇ ਚਿਹਰੇ ਹੀ ਭਿੜ ਰਹੇ ਹਨ, ਪਹਿਲਵਾਨਾਂ ਦੇ ਪਿੰਡ/ਇਲਾਕਾ/ਕਲੱਬ ਗੌਣ ਹਨ।


'ਇਸ ਵਾਰ ਕੇਜਰੀਵਾਲ', 'ਘਰ-ਘਰ ਚੱਲੀ ਇਹੋ ਗੱਲ, ਚੰਨੀ ਕਰੇਗਾ ਮਸਲੇ ਹੱਲ', ਬਾਦਲ ਪਰਿਵਾਰ ਦਾ ਸੁਖਬੀਰ ਸਿੰਘ ਬਾਦਲ, ਭਾਜਪਾ + ਪੰਜਾਬ ਲੋਕ ਕਾਂਗਰਸ + ਅਕਾਲੀ ਦਲ (ਸੰਯੁਕਤ) ਗਠਜੋੜ ਦਾ ਮੋਦੀ ਤੇ ਸੰਯੁਕਤ ਸਮਾਜ ਮੋਰਚਾ ਦਾ ਰਾਜੇਵਾਲ ਵਰਗੇ ਚਿਹਰੇ ਦੰਗਲ ਦੀ ਜਿੱਤ-ਹਾਰ ਲਈ ਦਾਅ ਉਤੇ ਲੱਗੇ ਹੋਏ ਹਨ। ਇਨ੍ਹਾਂ ਚਿਹਰਿਆਂ ਨੂੰ ਚੋਣ ਲੜਾ ਰਹੀਆਂ ਪਾਰਟੀਆਂ ਇਸ ਪੱਖੋ. ਆਜ਼ਾਦ ਤੇ ਬੇਮੁਹਾਰੀਆਂ ਹਨ ਕਿ ਮੁੱਦਿਆਂ/ਵਿਚਾਰਧਾਰਾ ਦੀ ਸਿਆਸਤ ਨਾਲੋ. ਚਿਹਰਿਆਂ ਦੀ ਵਿਅਕਤੀਗਤ ਦਿੱਖ ਲਈ ਵੋਟਾਂ ਮੰਗੀਆਂ ਜਾਣ।ਢੱਠੇ ਖੂਹ ਵਿਚ ਜਾਵੇ ਪਾਰਟੀ-ਮੈਨੀਫੈਸਟੋ। ਇਹੀ ਕਾਰਨ ਹੈ ਕਿ ਜਮਹੂਰੀਅਤ ਦੇ ਸਥਾਪਤ ਨਿਯਮਾਂ ਨੂੰ ਨਕਾਰ ਕੇ ਪਾਰਟੀ ਦੇ ਸੁਪਰੀਮੋ ਵਲੋ. ਵੋਟਰਾਂ ਅੱਗੇ ਪਹਿਲਾਂ ਹੀ ਉਨ੍ਹਾਂ ਦਾ ਮਨੋਨੀਤ ਮੁੱਖ-ਮੰਤਰੀ ਐਲਾਨ ਕਰ ਦਿੱਤਾ। ਚੋਣ-ਦੰਗਲ-2022 ਦੇ ਬੇਅਸੂਲੇ ਤੇ ਬੇਗ਼ੈਰਤ ਸਿਆਸੀ ਮਾਹੌਲ ਨੇ ਪਾਰਟੀਆਂ ਨੂੰ ਆਪੋ-ਆਪਣਾ ਮੁੱਖ-ਮੰਤਰੀ ਟਿੱਕ ਕਰਨ ਲਈ ਮਜਬੂਰ ਕਰ ਦਿੱਤਾ। ਸੂਬੇ ਦੇ ਪਾਰਟੀ-ਪ੍ਰਧਾਨ ਨੂੰ ਛੱਡਕੇ ਵੀ ਵੋਟਾਂ ਬਟੋਰਨ ਲਈ ਜਾਤ-ਆਧਾਰਤ ਮੁੱਖ-ਮੰਤਰੀ ਦਾ ਦਾਅ ਖੇਡਿਆ ਗਿਆ। ਰੀਸੋ-ਰੀਸ ਕੇ.ਦਰ 'ਚ ਬੈਠੇ ਪਾਰਟੀ-ਆਕਾ ਨੂੰ ਪੰਜਾਬਵਾਸੀ ਮੁੱਖ-ਮੰਤਰੀ ਗਰਦਾਨਣਾ ਪਿਆ। ਕਈ ਪਾਰਟੀਆਂ ਦੇ ਆਗੂ ਬਤੌਰ ਮੁੱਖ-ਮੰਤਰੀ ਚਿਹਰੇ ਵਜੋ. ਹੀ ਚੋਣ-ਅਖਾੜੇ ਵਿਚ ਕੁੱਦੇ ਸਨ। ਚੋਣ-ਰਣਨੀਤੀ ਪੱਖੋ. ਭਾਜਪਾ ਨੂੰ ਵੀ ਆਪਣੇ ਗਠਜੋੜ ਦਾ ਮੁੱਖੀ ਘੋਸ਼ਿਤ ਕਰਨਾ ਪਿਆ। ਹੁਣ ਪੰਜ ਚਿਹਰੇ ਮੁੱਖ-ਮੰਤਰੀ ਛਾਪ ਦਾ ਲੰਗੋਟ ਕੱਸੀ ਚੋਣ-ਮੈਦਾਨ ਵਿਚ ਹਨ। ਸਰਵਸ੍ਰੀ ਚਰਨਜੀਤ ਚੰਨੀ, ਭਗਵੰਤ ਮਾਨ, ਸੁਖਬੀਰ ਬਾਦਲ, ਬਲਬੀਰ ਸਿੰਘ ਰਾਜੇਵਾਲ ਅਤੇ ਕੈਪਟਨ ਅਮਰਿੰਦਰ ਸਿੰਘ ਪ੍ਰਮੁੱਖ ਚਿਹਰੇ ਆਪੋ-ਆਪਣੇ ਲੰਗੋਟ ਦੀ ਲਾਜ ਰੱਖਣ ਲਈ ਇਕ ਦੂਜੇ ਦੇ ਪਿੰਡੇ ਉਤੇ ਇਲਜ਼ਾਮਾਂ ਦਾ ਰੇਤਾ ਸੁੱਟ ਕੇ ਕੁਸ਼ਤੀ ਕਰ ਰਹੇ ਹਨ।

ਪੰਜਾਬ ਦੇ ਚੋਣ-ਦੰਗਲ ਸੰਬੰਧੀ ਇਕ ਨੁਕਤਾ ਦਿੱਲੀ-ਕਿਸਾਨ ਅੰਦੋਲਨ ਵੀ ਚਿੰਤਨ ਦਾ ਵਿਸ਼ਾ ਹੈ। ਆਮ ਕਰਕੇ ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਦਾ ਬਿਰਤਾਂਤ ਜੋ ਇਸ ਅੰਦੋਲਨ ਨੇ ਸਿਰਜਿਆ ਸੀ, ਉਸਦਾ ਪ੍ਰਛਾਵਾਂ ਇਸ ਦੰਗਲ ਵਿਚੋ. ਗਾਇਬ ਰਿਹਾ ਹੈ। ਇਹ ਚਿੰਤਨ ਦਾ ਵਿਸ਼ਾ ਤਾਂ ਹੈ ਹੀ ਪਰ ਚਿੰਤਾ ਦਾ ਵੀ ਹੈ। ਇਹ ਚਿੰਤਾ ਰਾਜੇਵਾਲ ਤੇ ਚੜੂਨੀ ਉਤੇ ਉਂਗਲ ਕਰ ਸਕਦੀ ਹੈ ਪਰ ਯੂਪੀ ਦੇ ਚੋਣ-ਨਤੀਜੇ ਇਸ ਚਿੰਤਾ ਨੂੰ ਗੂੜ੍ਹਾ ਜਾਂ ਬੇਅਸਰ ਵੀ ਕਰ ਸਕਦੇ ਹਨ।

ਇਸ ਚੋਣ-ਦੰਗਲ ਵਿਚੋ. ਇਕ ਹੋਰ ਚਿੰਤਾ ਇਹ ਵੀ ਉੱਭਰਦੀ ਹੈ ਕਿ ਵਿਅਕਤੀਗਤ ਚਿਹਰਿਆਂ ਦੀ ਰਾਜਨੀਤੀ ਦੇਸ਼ ਨੂੰ ਪ੍ਰਧਾਨਗੀ-ਰਾਜ-ਪ੍ਰਣਾਲੀ ਵੱਲ ਧੱਕ ਰਹੀ ਹੈ। ਸੰਵਿਧਾਨ ਵਿਚ ਸੋਧ ਕਰਕੇ ਅਮਰੀਕਾ ਵਾਂਗ ਸਿਰਫ ਦੇਸ਼ ਦਾ ਪ੍ਰਧਾਨ ਹੀ ਚੋਣ-ਪ੍ਰਣਾਲੀ ਦਾ ਕੇ.ਦਰ-ਬਿੰਦੂ ਬਣ ਜਾਵੇ। ਅੰਤਰ-ਰਾਸ਼ਟਰੀ ਪੱਧਰ ਉਤੇ ਰੂਸ, ਚੀਨ, ਕੋਰੀਆ ਆਦਿ ਦੇਸ਼ ਇਸ ਪ੍ਰਣਾਲੀ ਦੇ ਅਨੁਯਾਈ ਹਨ। ਮੌਜੂਦਾ ਕੇ.ਦਰੀ ਸਰਕਾਰ ਵੀ ਇਸ ਪ੍ਰਣਾਲੀ ਵੱਲ ਰੁਚਿਤ ਹੈ। ਚੋਣ-ਦੰਗਲ-2022 ਦੇ ਨਤੀਜਿਆਂ ਤੋਂ ਬਾਅਦ ਵੀ ਚਿੰਤਨ ਤੇ ਚਿੰਤਾ ਦੇ ਢੇਰ ਮਜ਼ਮੂਨ ਹਨ।

ਇਕ ਮਜ਼ਮੂਨ ਇਹ ਹੈ ਕਿ ਪੰਜਾਬ ਹਰੀ ਕਰਾਂਤੀ ਸਮੇ. ਵੀ ਪ੍ਰਯੋਗਸ਼ਾਲਾ ਬਣਿਆ ਸੀ ਤੇ ਇਸ ਚੋਣ-ਦੰਗਲ ਵਿਚ ਵੀ ਇਹ ਭੂਮਿਕਾ ਅਦਾ ਕਰੇਗਾ। ਜੇਕਰ ਸੰਭਾਵਿਤ ਚੋਣ-ਨਤੀਜੇ ਤ੍ਰਿਸੰਕੂ (.ਚਅਪ) ਵਾਲੇ ਆਉ.ਦੇ ਹਨ ਤਾਂ ਕੇ.ਦਰੀ ਸਰਕਾਰ ਦੀ ਘੁਸਪੈਠ ਨੂੰ ਸਪੇਸ ਮਿਲੇਗਾ। ਕੁੱਝ ਸਮੇ. ਲਈ ਗਵਰਨਰੀ ਹਕੂਮਤ ਵੀ ਆ ਸਕਦੀ ਹੈ ਤੇ ਫਿਰ ਖ਼ਰੀਦੋ-ਫਰੋਖ਼ਤ (.ਰਗਤਕ ੳਗ਼ਦਜਅਪ) ਦਾ ਬੋਲਬਾਲਾ ਵੀ ਆਪਣਾ ਜਲਵਾ ਵਿਖਾ ਸਕਦਾ ਹੈ।

ਇਕ ਹੋਰ ਚਰਚਿਤ ਮਜ਼ਮੂਨ ਇਹ ਹੋਵੇਗਾ ਕਿ ਜੇਕਰ ਰਵਾਇਤੀ ਪਾਰਟੀਆਂ ਨੂੰ ਨਕਾਰ ਕੇ ਪਰਿਵਰਤਨ ਦੇ ਨਾਂਅ ਉੱਤੇ ਕੋਈ ਵੀ ਸਿਆਸੀ ਜਮਾਤ ਸੂਬੇ ਦੀ ਹਾਕਮ ਬਣ ਜਾਂਦੀ ਹੈ, ਤਾਂ ਉਹ ਵੀ ਸਾਲ-ਦੋ-ਸਾਲ ਬਾਅਦ ਕੰਨੋ. ਫੜ ਕੇ ਸੱਤਾ ਦੇ ਗਲਿਆਰਿਆਂ ਤੋ. ਬਾਹਰ ਕੀਤੀਆਂ ਰਵਾਇਤੀ ਪਾਰਟੀਆਂ ਵਰਗੀ ਹੀ ਸਿੱਧ ਹੋਵੇਗੀ। ਇਕ-ਦੋ ਪ੍ਰਮੁੱਖ ਮਹਿਕਮਿਆਂ ਵਿਚ ਸੁਧਾਰ ਲਿਆ ਕੇ ਚੰਗੀ ਹਾਕਮਗਿਰੀ (ਭਰਡਕਗਅ ਦਾ ਗਲ ਤਮਗਾ ਪਾਉਣ ਨਾਲ ਪੰਜਾਬ ਦੀ ਖੇਤੀ, ਪਾਣੀ, ਨਸ਼ਾ-ਤਸ਼ਕਰੀ, ਰਿਸ਼ਵਤਖੋਰੀ, ਖਣਨ ਮਾਫੀਆ ਆਦਿ ਦੇ ਮਸਲੇ ਹੱਲ ਨਹੀ. ਹੋਣੇ। ਆਪਣੀ ਪਾਰਟੀ ਦੇ ਹੀ ਕੇ.ਦਰਵਾਦੀ ਦਖ਼ਲ ਨੇ ਸਿਆਸੀ ਸਥਿਰਤਾ ਕਾਇਮ ਨਹੀ. ਰਹਿਣ ਦੇਣੀ। 2024 ਦੀਆਂ ਸੰਸਦੀ ਚੋਣਾਂ ਤੱਕ ਕੇ.ਦਰੀ ਸਰਕਾਰ ਵੀ ਪੰਜਾਬ ਸਰਕਾਰ ਦੇ ਨਵੇ. ਘਰ ਨੂੰ ਸੁੱਖੀ-ਸਾਂਦੀ ਨਹੀ. ਵੱਸਣ ਦੇਵੇਗੀ। ਬੀਤੇ ਤਿੰਨ-ਚਾਰ ਦਹਾਕਿਆਂ ਤੋ. ਕੇ.ਦਰ-ਰਾਜਾਂ ਦੇ ਸੰਘੀ ਰਿਸ਼ਤਿਆਂ ਵਿਚ ਆਈ ਕਸ਼ੀਦਗੀ ਇਹੋ ਕੁੱਝ ਦਰਸਾਉਂਦੀ ਹੈ। ਇਸ ਕਸ਼ੀਦਗੀ ਨੂੰ ਕੇਂਦਰ ਆਪਣੇ ਹੱਕ ਵਿਚ ਭੁਗਤਾਉਣ ਲਈ ਕਦੇ ਭਾਰਤੀ ਸੰਵਿਧਾਨ ਦੀਆਂ ਚੋਰ-ਮੋਰੀਆਂ ਦਾ ਸਹਾਰਾ ਲੈ ਲੈ.ਦਾ ਹੈ ਤੇ ਕਦੇ ਧੱਕਾ ਵੀ ਕਰ ਜਾਂਦਾ ਹੈ। ਭਾਰਤ ਦੀਆਂ ਖੇਤਰੀ ਸਿਆਸੀ ਪਾਰਟੀਆਂ 1989-90 ਵਾਂਗ ਤਕੜੀਆਂ ਤੇ ਇਕੱਠੀਆਂ ਨਹੀ. ਹਨ। 'ਪੰਜਾਬ ਲੋਕ ਕਾਂਗਰਸ' ਤੇ 'ਅਕਾਲੀ ਦਲ (ਸੰਯੁਕਤ)' ਤਾਂ ਖੁਦ ਕੇਂਦਰ ਦੀ ਪੂਛ ਨਾਲ ਪੰਜਾਬ ਬੰਨ੍ਹ ਕੇ ਹੀ ਸੂਬੇ ਦਾ ਭਲਾ ਸੋਚਦਾ ਹੈ। ਸਰਕਾਰ ਚਲਾਉਣ ਦਾ ਹੋਕਾ ਦਿੰਦਾ ਹੈ। ਅਜਿਹੀ ਕੇ.ਦਰੀ ਅਤੇ ਸੂਬਾਈ ਪਾਰਟੀਆਂ ਦੀ ਸਿਆਸੀ ਦ੍ਰਿਸ਼ਾਵਲੀ ਸਾਨੂੰ ਘੋਰ ਚਿੰਤਾਵਾਨ ਬਣਾਉ.ਦੀ ਹੈ। ਮੌਜੂਦਾ ਚੋਣਾਈ ਧੁਰਲੀ ਪੰਜਾਬੀਆਂ ਨੂੰ 1997 ਤੋ. ਫਸੀ ਜਿੱਲ੍ਹਣ ਵਿਚੋ. ਨਿਕਲਣ ਦੀ ਆਸ ਬਣਾਉ.ਦੀ ਨਹੀ. ਲੱਗਦੀ ਹੈ।




ਦਰਅਸਲ, 10 ਮਾਰਚ 2022 ਨੂੰ ਆਉ.ਦੇ ਨਤੀਜਿਆਂ ਵਿਚੋ. ਸੰਭਾਵਿਤ ਕੋਈ ਵੀ ਜੇਤੂ ਬਣ ਕੇ ਆਉ.ਦੀ ਸਿਆਸੀ ਜਮਾਤ ਕੋਲ ਪਾਪੂਲਰ/ਲੋਕ ਲਭਾਊ ਵਾਅਦੇ ਤੇ ਦਾਅਵੇ ਸਨ ਜਾਂ ਗਰੰਟੀਆਂ ਤੇ ਭ੍ਰਾਂਤੀਆਂ ਸਨ। ਕੋਈ ਮੁੱਦਿਆਂ-ਆਧਾਰਿਤ ਨੀਤੀ ਨਹੀ. ਹੈ। ਜਿਹੜੇ ਅਜਿਹੀ ਨੀਤੀ ਦੇ ਦਾਅਵੇ ਭਰਦੇ ਹਨ, ਉਹ ਇਕਮੁੱਠ ਨਹੀ. ਹਨ। ਇਨ੍ਹਾਂ ਵਿਚੋ. ਕੁੱਝ ਚੋਣ-ਪ੍ਰਣਾਲੀ ਵਿਚ ਵਿਸ਼ਵਾਸ ਹੀ ਨਹੀ. ਰੱਖਦੇ, ਸਿੱਟੇ ਵਜੋ. ਵੋਟਰਾਂ ਦਾ ਭੀੜ-ਤੰਤਰ ਖਿੰਡ-ਪੁੰਡਕੇ ਅਲੱਗ-ਅਲੱਗ ਪਾਰਟੀਆਂ ਦਾ ਖਾਜਾ ਬਣ ਜਾਂਦਾ ਹੈ।

ਮੁੱਦਿਆਂ ਦੀ ਰਾਜਨੀਤੀ ਦਾ ਨਾਅਰਾ ਲਾਉਣ ਵਾਲੀਆਂ ਰਵਾਇਤੀ ਖੱਬੀਆਂ ਪਾਰਟੀਆਂ ਵੀ ਫੁੱਟ ਦਾ ਸ਼ਿਕਾਰ ਹਨ। ਜਿਸ ਕਰਕੇ, ਨੇਤਾਵਾਂ ਦਾ ਅੰਦੋਲਨਾਂ ਵਿਚ ਸਾਥ ਦੇ ਕੇ ਵੀ ਵੋਟਰ ਸੁਚੱਜੀ, ਇਕਮੁੱਠ ਤੇ ਵਿਸ਼ਵਾਸ ਕਰਨਯੋਗ ਲੀਡਰਸ਼ਿਪ ਤੋ. ਵਾਂਝੇ ਰਹਿੰਦੇ ਹਨ। ਇਹ ਤ੍ਰਾਸਦੀ ਉਤੇ ਚਿੰਤਨ ਕਰਦਿਆਂ ਹੋਰ ਪੰਜ ਸਾਲ ਲਾਉਣੇ ਪੈਣੇ ਹਨ। ਇਹੀ ਚਿੰਤਾ ਦਾ ਜਟਿਲ ਤੇ ਭਾਰੀ-ਭਰਕਮ ਮਜ਼ਮੂਨ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਜ਼ਿੰਦਗੀ ਨੂੰ ਵਿਅੰਗ ਨਾਲ ਰੰਗੀਨ ਬਣਾਉਣ ਵਾਲੇ ਗ਼ਜ਼ਲਗੋ: ਹਰਬੰਸ ਸਿੰਘ ਤਸੱਵਰ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਲੋਕ ਸੰਪਰਕ ਵਿਭਾਗ ਦੇ ਸੇਵਾ ਮੁਕਤ ਅਧਿਕਾਰੀ ਹਰਬੰਸ ਸਿੰਘ ਤਸੱਵਰ ਉਰਦੂ ਅਤੇ ਪੰਜਾਬੀ ਦੇ ਜਾਣੇ ਪਛਾਣੇ ਵਿਅੰਗਕਾਰ ਹਨ। ਉਹ ਰੰਗੀਨ ਤਬੀਅਤ ਦੇ ਮਲਕ ਹਨ, ਇਸ ਲਈ ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਨੂੰ ਵਿਅੰਗ ਦੇ ਸਹਾਰੇ ਰੰਗੀਨ ਬਣਾਇਆ ਹੈ। ਉਹ ਹਰ ਗੱਲ ਹੀ ਵਿਅੰਗਮਈ ਢੰਗ ਨਾਲ ਕਰਦੇ ਹਨ। ਕਈ ਵਾਰ ਸਰੋਤੇ ਉਨ੍ਹਾਂ ਦੇ ਵਿਅੰਗ ਦੀ ਸੰਜ਼ੀਦਗੀ ਤੱਕ ਪਹੁੰਚ ਹੀ ਨਹੀਂ ਸਕਦੇ। ਇਉਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਵਿਅੰਗ ਕਈ ਲੋਕ ਕਾਫੀ ਸਮੇਂ ਤੋਂ ਬਾਅਦ ਸਮਝਦੇ ਹਨ। ਉਹ ਹਰ ਮੁਸ਼ਕਲ ਸਮੇਂ ਆਪਣੇ ਵਿਅੰਗ ਨਾਲ ਹਾਲਾਤ ਨੂੰ ਸੁਖਾਵਾਂ ਬਣਾ ਲੈਂਦੇ ਹਨ। ਉਨ੍ਹਾਂ ਨੂੰ ਜਦੋਂ ਵੀ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ, ਉਸ ਉਸ ਨੂੰ ਵੀ ਸਹਿਜਤਾ ਅਤੇ ਫ਼ਰਾਕਦਿਲੀ ਨਾਲ ਲੈਂਦੇ ਹੋਏ ਵਿਅੰਗਮਈ ਚੋਟ ਮਾਰਕੇ ਸੁਲਝਾ ਲੈਂਦੇ ਹਨ। ਉਨ੍ਹਾਂ ਦੇ ਵਿਅਕਤਿਵ ਨੂੰ ਸਮਝਣਾ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ। ਲੋਕ ਸੰਪਰਕ ਵਿਭਾਗ ਦਾ ਹਰ ਕੰਮ ਹੀ ਸੰਜੀਦਾ ਅਤੇ ਤੁਰੰਤ ਕਰਨ ਵਾਲਾ ਹੁੰਦਾ ਹੈ। ਆਮ ਤੌਰ ਤੇ ਲੋਕ ਸੰਪਰਕ ਦੇ ਅਧਿਕਾਰੀ ਅਤੇ ਕਰਮਚਾਰੀ ਲਗਪਗ ਹਮੇਸ਼ਾ ਹੀ ਦਿਮਾਗੀ ਦਬਾਓ ਅਧੀਨ ਰਹਿੰਦੇ ਹਨ। ਕਈ ਵਾਰ ਉਨ੍ਹਾਂ ਨੂੰ ਅਜਿਹੇ ਕੰਮ ਕਰਨ ਪੈਂਦੇ ਹਨ, ਜਿਨ੍ਹਾਂ ਨੂੰ ਕਰਨਾ ਅਸੰਭਵ ਜਾਂ ਅਤ ਮੁਸ਼ਕਲ ਹੁੰਦਾ ਹੈ। ਉਨ੍ਹਾਂ ਨੂੰ ਭਾਵੇਂ ਸਾਰੀ ਦਿਹਾੜੀ ਕੋਈ ਕੰਮ ਨਾ ਹੋਵੇ ਪ੍ਰੰਤੂ ਜਦੋਂ ਪੰਜ ਵਜੇ ਦਫ਼ਤਰ ਬੰਦ ਹੋ ਰਹੇ ਹੁੰਦੇ ਹਨ ਤਾਂ ਉਨ੍ਹਾਂ ਨੂੰ ਕੰਮ ਕਰਨ ਲਈ ਆ ਜਾਂਦਾ ਹੈ। ਕੰਮ ਵੀ ਤੁਰਤ ਫੁਰਤ ਕਰਨਾ ਹੁੰਦਾ ਹੈ। ਇਸ ਦਾ ਕੋਈ ਓਵਰ ਟਾਈਮ ਅਤੇ ਬਦਲੇ ਵਿੱਚ ਛੁੱਟੀ ਵੀ ਨਹੀਂ ਮਿਲਦੀ। ਜਿਸ ਕਰਕੇ ਉਹ ਹਮੇਸ਼ਾ ਘੁਟਨ ਮਹਿਸੂਸ ਕਰਦੇ ਰਹਿੰਦੇ ਹਨ। ਭਾਵ ਉਨ੍ਹਾਂ ਦੀ ਨੌਕਰੀ ਸੁਖਾਵੀਂ ਨਹੀਂ ਹੁੰਦੀ। ਪ੍ਰੰਤੂ ਹਰਬੰਸ ਸਿੰਘ ਤਸੱਵਰ ਨੇ ਕਦੀ ਵੀ ਦਿਮਾਗ 'ਤੇ ਨਾ ਬੋਝ ਪਾਇਆ ਹੈ ਅਤੇ ਨਾ ਹੀ ਔਖਿਆਈ ਮਹਿਸੂਸ ਕੀਤੀ ਹੈ। ਉਹ ਹਰ ਕੰਮ ਨੂੰ ਸਹਿਜਤਾ ਨਾਲ ਲੈਂਦੇ ਰਹੇ ਹਨ। ਸੇਵਾ ਮੁਕਤੀ ਤੋਂ ਬਾਅਦ ਵੀ ਸਹਿਜਤਾ ਨਾਲ ਹੀ ਜੀਵਨ ਬਸਰ ਕਰ ਰਹੇ ਹਨ। ਕਦੀ ਵੀ ਉਨ੍ਹਾਂ ਕਾਹਲ ਵਿੱਚ ਕੋਈ ਕੰਮ ਨਹੀਂ ਕੀਤਾ। ਜਦੋਂ ਕਿ ਨੌਜਵਾਨ ਵਿਆਹ ਵੀ



ਚੜ੍ਹਦੀ ਉਮਰ ਵਿੱਚ ਹੀ ਕਰਵਾਉਣ ਦੇ ਇੱਛਕ ਹੁੰਦੇ ਹਨ ਪ੍ਰੰਤੂ ਹਰਬੰਸ ਸਿੰਘ ਤਸੱਵਰ ਨੇ ਆਪਣੀ ਮਰਜੀ ਨਾਲ ਸਹਿਜਤਾ ਨਾਲ ਹੀ ਪਰਿਵਾਰਿਕ ਜੀਵਨ ਸ਼ੁਰੂ ਕੀਤਾ ਹੈ। ਉਨ੍ਹਾਂ ਵਿਆਹ ਵੀ ਬਹੁਤ ਸਾਦਗੀ ਨਾਲ ਕੀਤਾ ਹੈ।

ਉਹ ਪੰਜਾਬੀ ਅਤੇ ਅੰਗਰੇਜ਼ੀ ਦੇ ਗ਼ਜ਼ਲਗੋ ਅਤੇ ਆਲੋਚਕ ਵੀ ਹਨ। ਉਨ੍ਹਾਂ ਨੇ 4 ਪੁਸਤਕਾਂ ਵੀ ਪ੍ਰਕਾਸ਼ਤ ਕਰਵਾਈਆਂ ਹਨ, ਜਿਨ੍ਹਾਂ ਵਿਚ 'ਸਰ ਪਰ ਮੇਰੇ ਛਾਉਂ ਨਾ ਧੁਪ' ਜਿਸ ਵਿੱਚ ਉਰਦੂ ਗ਼ਜ਼ਲ-ਗ਼ਜ਼ਲੇਂ-ਦੀਵਾਨ ਉਰਦੂ ਵਿਚ ਲਿਖੀ ਸੀ ਅਤੇ ਬਾਅਦ ਵਿਚ ਗੁਰਮੁੱਖੀ ਲਿਪੀ ਵਿੱਚ ਪ੍ਰਕਾਸ਼ਤ ਕਰਵਾਈ ਹੈ। ਦੂਜੀ ਪੁਸਤਕ ਗ਼ਜ਼ਲ ਅਰੂਜ਼ ਡਿਜ਼ਿਟਲ ਹੈ, ਜਿਸ ਵਿਚ ਗ਼ਜ਼ਲ ਲਿਖਣ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਹੈ, ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਹਰਬੰਸ ਸਿੰਘ ਦਾ ਜਨਮ 15 ਅਪ੍ਰੈਲ 1938 ਨੂੰ ਅਣਵੰਡੇ ਭਾਰਤ ਵਿੱਚ ਸ੍ਰੀ ਪੰਜਾ



ਸਾਹਿਬ ਹਸਨ ਅਬਦਾਲ ਵਿਖੇ ਕਰਮ ਸਿੰਘ ਪਾਪੀ ਅਤੇ ਮਾਤਾ ਪ੍ਰੇਮ ਕੌਰ ਦੇ ਘਰ ਹੋਇਆ ਸੀ। ਕਰਮ ਸਿੰਘ ਪਾਪੀ ਆਪਣੇ ਵੱਡੇ ਭਰਾ ਲਾਲਾ ਅਰਜਨ ਦਾਸ ਦੇ ਨਾਲ ਪੰਜਾ ਸਾਹਿਬ ਵਿਖੇ ਪਨਸਾਰੀ ਦੀ ਦੁਕਾਨ ਵੀ ਕਰਦੇ ਰਹੇ ਸਨ। ਉਹ ਅਰੋੜਾ ਵੰਸ਼ ਵਿੱਚੋਂ ਹਨ ਪ੍ਰੰਤੂ ਉਨ੍ਹਾਂ ਕਦੀ ਆਪਣੇ ਨਾਮ ਨਾਲ ਅਰੋੜਾ ਨਹੀਂ ਲਿਖਿਆ ਕਿਉਂਕਿ ਉਹ ਸਮਾਜਿਕ ਤਾਣੇ ਬਾਣੇ ਵਿੱਚ ਵਰਗੀਕਰਨ ਕਰਨ ਦੇ ਵਿਰੁੱਧ ਹਨ। ਸਿਕੰਦਰ ਦੇ ਹਿੰਦ 'ਤੇ ਹਮਲੇ ਤੋਂ ਬਾਅਦ ਉਨ੍ਹਾਂ ਦੇ ਬਜ਼ੁਰਗ ਤਕਸਿਲਾ ਦੇ ਨਜ਼ਦੀਕ ਆ ਕੇ ਰਹਿਣ ਲੱਗ ਗਏ ਸਨ। ਉਹ ਯੂਨਾਨੀ ਹਿਕਮਤ ਦਾ ਕੰਮ ਕਰਦੇ ਸਨ। ਉਨ੍ਹਾਂ ਦੇ ਪਿਤਾ ਕਰਮ ਸਿੰਘ ਪਾਪੀ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਅਤੇ ਅਨੋਖੀ ਕਿਸਮ ਦੇ ਇਨਸਾਨ ਸਨ। ਸੱਚੇ ਸੁੱਚੇ ਕੰਮ ਕਰਨ ਵਿੱਚ ਵਿਸ਼ਵਾਸ਼ ਰਖਦੇ ਸਨ। ਸਬਰ ਸੰਤੋਖ ਅਤੇ ਸਾਦਗੀ ਦੇ ਪ੍ਰਤੀਕ ਸਨ, ਜਿਸ ਕਰਕੇ ਹਰਬੰਸ ਸਿੰਘ ਤਸੱਵਰ ਵੀ ਆਪਣੀ ਵਿਰਾਸਤ 'ਤੇ ਪਹਿਰਾ ਦਿੰਦੇ ਹੋਏ ਸੰਤੁਸ਼ਟੀ ਨਾਲ ਜੀਵਨ ਬਸਰ ਕਰ ਰਹੇ ਹਨ। ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਵੈਰ ਦੀ ਨੀਤੀ ਤੇ ਚਲਦੇ ਹਨ। ਕਰਮ ਸਿੰਘ ਪਾਪੀ ਕਵਿਤਾ ਲਿਖਦੇ ਅਤੇ ਚਿਤਰਕਾਰੀ ਕਰਦੇ ਸਨ, ਇਸ ਲਈ ਹਰਬੰਸ ਸਿੰਘ ਤਸੱਵਰ ਨੂੰ ਸਾਹਿਤਕ ਗੁੜ੍ਹਤੀ ਆਪਣੀ ਪਰਿਵਾਰਿਕ ਵਿਰਾਸਤ ਵਿੱਚੋਂ ਹੀ ਮਿਲੀ ਸੀ। ਹਰਬੰਸ ਸਿੰਘ ਦੇ ਪਿਤਾ ਸੂਫ਼ੀਆਨਾ ਵਿਚਾਰਧਾਰਾ ਵਿੱਚ ਗੜੁੰਦ ਸਨ, ਜਿਸ ਕਰਕੇ ਹਰਬੰਸ ਸਿੰਘ ਦੇ ਵਿਅਕਤਿਵ ਉਪਰ ਵੀ ਸੂਫ਼ੀਆਨਾ ਅਤੇ ਸੰਤੁਸ਼ਟੀ ਦੀ ਰੰਗਤ ਚੜ੍ਹੀ ਹੋਈ ਹੈ। ਉਨ੍ਹਾਂ ਦਾ ਫਕਰ ਕਿਸਮ ਦਾ ਸੁਭਾਅ ਵੀ ਵਿਰਾਸਤ ਦੀ ਦੇਣ ਹੈ। ਇਸੇ ਤਰ੍ਹਾਂ ਉਨ੍ਹਾਂ ਦੀ ਮਾਤਾ ਪ੍ਰੇਮ ਕੌਰ ਸੁਰੀਲੀ ਆਵਾਜ਼ ਵਿੱਚ ਪਾਠ ਕਰਦੇ ਸਨ। ਹਰਬੰਸ ਸਿੰਘ ਦੇ ਨਾਨਾ ਮੇਹਰ ਸਿੰਘ ਅਤੇ ਨਾਨਕ ਸਿੰਘ ਨਾਵਲਿਸਟ ਇਕੱਠੇ ਕੀਰਤਨ ਕਰਿਆ ਕਰਦੇ ਸਨ, ਜਿਸ ਕਰਕੇ ਹਰਬੰਸ ਸਿੰਘ ਵੀ ਰੱਬ ਦੀ ਰਜਾ ਵਿੱਚ ਵਿਸ਼ਵਾਸ਼ ਰੱਖਣ ਵਾਲੇ ਇਨਸਾਨ ਹਨ। ਦੇਸ਼ ਦੀ ਵੰਡ ਸਮੇਂ ਉਹ ਮਹਿਜ 9 ਸਾਲ ਦੇ ਸਨ।

ਪਹਿਲਾਂ ਉਨ੍ਹਾਂ ਦਾ ਪਰਿਵਾਰ ਤਰਨਤਾਰਨ ਵਿੱਚ ਆ ਕੇ ਰਹਿਣ ਲੱਗ ਪਿਆ ਪ੍ਰੰਤੂ ਥੋੜ੍ਹੇ ਸਮੇਂ ਬਾਅਦ ਪਟਿਆਲਾ ਆ ਗਏ। ਪਟਿਆਲਾ ਦੇ ਸਾਹਿਤਕ, ਸਭਿਆਚਾਰਕ ਅਤੇ ਬਾਗਾਂ ਦੇ ਵਾਤਾਵਰਨ ਨੇ ਉਨ੍ਹਾਂ ਦੇ ਕੋਮਲ ਮਨ 'ਤੇ ਗਹਿਰਾ ਪ੍ਰਭਾਵ ਪਾਇਆ, ਜਿਸ ਕਰਕੇ ਉਹ ਕੋਮਲ ਕਲਾਵਾਂ ਦੇ ਕਾਇਲ ਹੋ ਗਏ। ਪਟਿਆਲਾ ਸ਼ਹਿਰ ਦੀ ਇਮਾਰਤਸਾਜੀ ਵੀ ਉਨ੍ਹਾਂ ਦੇ ਸਾਹਿਤਕ ਮਨ ਨੂੰ ਮੋਂਹਦੀ ਸੀ। ਕਿਲਾ ਮੁਬਾਰਕ, ਮੋਤੀ ਬਾਗ ਅਤੇ ਸ਼ੀਸ਼ ਮਹਿਲ ਦੀਆਂ ਕਲਾ ਕ੍ਰਿਤਾਂ ਨੇ ਉਨ੍ਹਾਂ ਨੂੰ ਬੇਹਦ ਪ੍ਰਭਾਵਤ ਕੀਤਾ। ਜਿਸ ਕਰਕੇ ਉਨ੍ਹਾਂ ਨੂੰ ਕਲਾ ਨਾਲ ਅੰਤਾਂ ਦਾ ਮੋਹ ਹੋ ਗਿਆ। ਹਰਬੰਸ ਸਿੰਘ ਤਸੱਵਰ ਨੇ ਐਮ ਏ ਉਰਦੂ, ਪੰਜਾਬੀ ਅਤੇ ਅੰਗਰੇਜ਼ੀ ਪਾਸ ਕੀਤੀਆਂ ਹੋਈਆਂ ਹਨ। ਉਨ੍ਹਾਂ ਆਪਣੀ ਪੀ ਐਚ ਡੀ ਨਾਵਲ ਨਿਗਾਰ ਕੁਰਅਤੁਲ ਐਨ ਹੈਦਰ 'ਤੇ ਕੀਤੀ ਸੀ।


ਹਰਬੰਸ ਸਿੰਘ ਤਸੱਵਰ ਮੌਜੀ ਸੁਭਾਅ ਦੇ ਇਨਸਾਨ ਹਨ। ਸਮਾਜ ਵਿੱਚ ਕੀ ਵਾਪਰ ਰਿਹਾ ਹੈ, ਉਸਦੀ ਪਰਵਾਹ ਨਹੀਂ ਸਗੋਂ ਆਪਣੇ ਖਿਆਲਾਂ ਵਿੱਚ ਹੀ ਮਸਤ ਰਹਿੰਦੇ ਹਨ। ਦੁਨੀਆਂਦਾਰੀ ਤੋਂ ਵੀ ਬੇਖ਼ਬਰ ਹਨ, ਹਰ ਵਕਤ ਸਾਹਿਤਕ ਰੰਗੀਨੀਆਂ ਦੇ ਸਪਨੇ ਲੈਂਦੇ ਰਹਿੰਦੇ ਹਨ। ਕਈ ਵਾਰ ਤਾਂ ਇਉਂ ਲਗਦਾ ਹੈ ਕਿ ਉਹ ਸੰਸਾਰਕ ਜ਼ਿੰਦਗੀ ਤੋਂ ਕੋਹਾਂ ਦੂਰ ਮਸਤ ਮਲੰਗ ਹਨ। ਉਨ੍ਹਾਂ ਦਾ ਵਿਆਹ ਬੀਬੀ ਚਰਨ ਪਾਲ ਕੌਰ ਨਾਲ ਹੋਇਆ, ਜੋ ਆਰੀਆ ਸਮਾਜ ਕਾਲਜ ਨਵਾਂ ਸ਼ਹਿਰ ਵਿੱਚ ਲੈਕਚਰਾਰ ਸਨ। ਉਸ ਤੋਂ ਬਾਅਦ ਉਹ ਉਸੇ ਕਾਲਜ ਦੇ ਪ੍ਰਿੰਸੀਪਲ ਅਤੇ ਕਾਲਜ ਦੀ ਮੈਨੇਜਮੈਂਟ ਕਮੇਟੀ ਦੇ ਸਕੱਤਰ ਵੀ ਰਹੇ ਹਨ।

ਇਸ ਸਮੇਂ ਵੀ ਉਹ ਕਾਲਜ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਨ। ਚਰਨ ਪਾਲ ਕੌਰ ਨੇ ਆਪਣੇ ਕਿੱਤੇ ਦੀ ਸ਼ਾਨ ਅਤੇ ਮਰਿਆਦਾ ਨੂੰ ਕਾਇਮ ਹੀ ਨਹੀਂ ਰੱਖਿਆ ਸਗੋਂ ਬਿਹਤਰੀਨ ਅਧਿਆਪਕ ਮੰਨੇ ਜਾਂਦੇ ਹਨ। ਅੰਗਰੇਜ਼ੀ ਭਾਸ਼ਾ ਦੇ ਮਾਹਿਰ ਗਿਣੇ ਜਾਂਦੇ ਹਨ। ਉਹ ਸਮਾਜ ਸੇਵਕ ਵੀ ਹਨ। ਹਰਬੰਸ ਸਿੰਘ ਤਸੱਵਰ ਪਟਿਆਲਾ ਤੋਂ ਚੰਡੀਗੜ੍ਹ ਆ ਗਏ। ਚੰਡੀਗੜ੍ਹ ਉਹ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦੇ ਵੀ ਰਹੇ ਅਤੇ ਥੋੜ੍ਹੇ ਸਮੇਂ ਪੜ੍ਹਾਉਂਦੇ ਵੀ ਰਹੇ। ਫਿਰ ਉਹ ਲੋਕ ਸੰਪਰਕ ਵਿਭਾਗ ਵਿੱਚ ਅਨੁਵਾਦਕ ਉਰਦੂ ਭਰਤੀ ਹੋ ਗਏ। ਤਰੱਕੀਆਂ ਕਰਦੇ ਹੋਏ ਅਧਿਕਾਰੀ ਬਣ ਗਏ। ਉਹ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਦੇ ਉਰਦੂ ਦੇ ਰਸਾਲੇ ਪਾਸਵਾਨ ਦੇ ਸੰਪਾਦਕ ਵੀ ਰਹੇ। ਉਨ੍ਹਾਂ ਦਾ ਇਹ ਇਕ ਸ਼ੇਅਰ ਤਸੱਵਰ ਦੀ ਜ਼ਿੰਦਗੀ ਦੀ ਸੰਤੁਸ਼ਟੀ ਦਾ ਸਿਰਨਾਮਾ ਸਾਬਤ ਹੋ ਰਿਹਾ ਹੈ:

ਰਾਤ ਕੇ ਦਸ ਸੇ ਸੁਬਹ ਕੇ ਦਸ ਤਕ,
ਕੋਈ ਨਾ ਆਹਟ ਕੋਈ ਨਾ ਦਸਤਕ,
ਇਸ ਰਫਤਾਰ ਕੇ ਯੁਗ ਮੇਂ ਤਸੱਵਰ,
ਆਪਣੀ ਦੌੜ ਹੈ ਲੋਕਲ ਬਸ ਤਕ।

ਹਰਬੰਸ ਸਿੰਘ ਤਸੱਵਰ ਨਮਰਤਾ, ਸਾਦਗੀ, ਸ਼ਹਿਨਸ਼ੀਲਤਾ ਅਤੇ ਰੱਬੀ ਰਜਾ ਵਿੱਚ ਆਪਣੀ ਅਰਧੰਗਣੀ ਚਰਨ ਪਾਲ ਕੌਰ ਨਾਲ ਮੋਹਾਲੀ ਵਿਖੇ ਆਪਣਾ ਜੀਵਨ ਸਹਿਜਤਾ ਨਾਲ ਬਸਰ ਕਰ ਰਹੇ ਹਨ। ਅਜੋਕੇ ਘੁਟਨ ਦੇ ਵਾਤਾਵਰਨ ਵਿੱਚ ਉਨ੍ਹਾਂ ਦਾ ਜੀਵਨ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਨਾਦਾਇਕ ਹੋ ਸਕਦਾ ਹੈ।

# ਹੱਕ ਅਸੀਂ ਲੈਣੇ ਹਨ, ਪਰ ਫਰਜ਼ ਨਹੀਂ ਨਿਭਾਉਣੇ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

1996-97 ਵਿੱਚ ਮੈਂ ਕਿਸੇ ਥਾਣੇ ਦਾ ਐਸ.ਐਚ.ਉ. ਲੱਗਾ ਹੋਇਆ ਸੀ। ਉਹਨਾਂ ਦਿਨਾਂ ਵਿੱਚ ਨਵੀਂ ਪੀੜ੍ਹੀ ਦੀ ਸੋਚ ਵਿੱਚ ਅਜੇ ਹੁਣ ਜਿੰਨਾਂ ਨਿਘਾਰ ਨਹੀਂ ਸੀ ਆਇਆ। ਇੰਟਰਨੈੱਟ, ਮੋਬਾਇਲ ਅਤੇ ਸੋਸ਼ਲ ਮੀਡੀਆ ਨੇ ਅਜੇ ਪੰਜਾਬ 'ਤੇ ਹਮਲਾ ਨਹੀਂ ਸੀ ਕੀਤਾ। ਉਦੋਂ ਬੱਚੇ ਮਾਪਿਆਂ ਤੋਂ ਡਰਦੇ ਹੁੰਦੇ ਸਨ ਤੇ ਕਦੇ ਵਰ੍ਹੇ ਛਿਮਾਹੀ ਹੀ ਕਿਸੇ ਲੜਕੇ ਲੜਕੀ ਦੇ ਭੱਜਣ ਦੀ ਰਿਪੋਰਟ ਥਾਣੇ ਦਰਜ਼ ਹੁੰਦੀ ਸੀ। ਜੂਨ ਦੇ ਮਹੀਨੇ ਦੀ ਇੱਕ ਅੱਗ ਵਰ੍ਹਾਉਂਦੀ ਦੁਪਹਿਰ ਮੈਂ ਥਾਣੇ ਬੈਠਾ ਸੀ ਕਿ 19-20 ਸਾਲ ਦੀ ਇੱਕ ਅੱਪ ਟੂ ਡੇਟ ਲੜਕੀ ਨੂੰ ਮੁੰਸ਼ੀ ਮੇਰੇ ਦਫਤਰ ਲੈ ਆਇਆ। ਉਸ ਨਾਲ ਇੱਕ ਭੈੜੀ ਜਿਹੀ ਸ਼ਕਲ ਵਾਲਾ ਨੱਸ਼ਈ ਜਿਹਾ ਲੜਕਾ ਸੀ। ਜਿਸ ਦਾ ਕਦੇ ਥਾਣੇ ਕਚਹਿਰੀ ਨਾਲ ਵਾਹ ਨਾ ਪਿਆ ਹੋਵੇ, ਉਹ ਪੁਲਿਸ ਵਾਲੇ ਨਾਲ ਗੱਲ ਕਰਨ ਲੱਗਾ ਝਕਦਾ ਹੈ। ਪਰ ਉਹ ਲੜਕੀ ਬਿਨਾਂ ਕਿਸੇ ਝਿਜਕ ਦੇ ਕੁਰਸੀ 'ਤੇ ਨਿੱਠ ਕੇ ਬੈਠ ਗਈ। ਜਦੋਂ ਮੈਂ ਉਸ ਨੂੰ ਆਉਣ ਦਾ ਕਾਰਨ ਪੁੱਛਿਆ ਤਾਂ ਉਹ ਬਿਨਾਂ ਕਿਸੇ ਸੰਗ ਸ਼ਰਮ ਦੇ ਬੋਲੀ ਕਿ ਉਹ ਆਪਣੇ ਮਾਂ ਬਾਪ ਦੇ ਖਿਲਾਫ ਰਿਪੋਰਟ ਦਰਜ਼ ਕਰਾਉਣ ਆਈ ਹੈ। ਮੈਂ ਤ੍ਰਭਕ ਕੇ ਲੜਕੀ ਵੱਲ ਤੱਕਿਆ। ਉਹ ਵੇਖਣ ਚਾਖਣ ਨੂੰ ਕਿਸੇ ਚੰਗੇ ਖਾਨਦਾਨ ਦੀ ਲੱਗਦੀ ਸੀ। ਉਸ ਨੇ ਅੱਗੇ ਦੱਸਿਆ ਕਿ ਉਹ ਬੀ.ਏ. ਫਾਈਨਲ ਦੀ ਸਟੂਡੈਂਟ ਹੈ ਤੇ ਬਾਲਗ ਹੋ ਚੁੱਕੀ ਹੈ। ਪਰ ਮਾਂ ਬਾਪ ਉਸ ਦੀ ਅਜ਼ਾਦੀ ਵਿੱਚ ਦਖਲ ਅੰਦਾਜ਼ੀ ਕਰਦੇ ਹਨ। ਉਸ ਦੇ ਨਾਲ ਆਏ ਲਫੰਡਰ ਨੇ ਅਰਜ਼ੀ ਮੈਨੂੰ ਪਕੜਾਈ ਤਾਂ ਮੈਂ ਪੁੱਛਿਆ ਕਿ ਤੂੰ ਕੌਣ ਹੈਂ? ਉਸ ਦੇ ਬੋਲਣ ਤੋਂ ਪਹਿਲਾਂ ਹੀ ਲੜਕੀ ਬੋਲ ਪਈ ਕਿ ਉਹ ਉਸ ਦਾ ਦੋਸਤ ਹੈ। ਉਸ ਸਮੇਂ ਕਿਸੇ ਲੜਕੀ ਵੱਲੋਂ ਲੜਕੇ ਨੂੰ ਆਪਣਾ ਦੋਸਤ ਕਹਿਣਾ ਬਹੁਤ ਬੁਰੀ ਗੱਲ ਸਮਝੀ ਜਾਂਦੀ ਸੀ।

ਮੈਂ ਉਸ ਨੂੰ ਅਗਲੇ ਦਿਨ ਆਉਣ ਲਈ ਕਿਹਾ ਤੇ ਨਾਲ ਹੀ ਬੰਦਾ ਭੇਜ ਕੇ ਉਸ ਦੇ ਮਾਂ ਬਾਪ ਨੂੰ ਵੀ ਆਉਣ ਦਾ ਸਮਾਂ ਦੇ ਦਿੱਤਾ। ਮਿਥੇ ਸਮੇਂ 'ਤੇ ਦੋਵੇਂ ਧਿਰਾਂ ਥਾਣੇ ਆਈਆਂ ਤਾਂ ਪਤਾ ਲੱਗਾ ਕਿ ਲੜਕੀ ਦਾ ਬਾਪ ਕਿਸੇ ਸਰਕਾਰੀ ਮਹਿਕਮੇ ਵਿੱਚ ਉੱਚ ਅਫਸਰ ਹੈ ਤੇ ਮਾਂ ਟੀਚਰ। ਦੋਵਾਂ ਦੀ ਸ਼ਰਾਫਤ ਵੇਖ ਕੇ ਮੇਰਾ ਗੱਲ ਕਰਨ ਨੂੰ ਦਿਲ ਨਾ ਕਰੇ। ਮੈਂ ਉਹਨਾਂ ਨੂੰ ਅਰਜ਼ੀ ਵਿਖਾ ਕੇ ਬੁਲਾਉਣ ਦਾ ਕਾਰਨ ਦੱਸਿਆ। ਅਰਜ਼ੀ ਪੜ੍ਹ ਕੇ ਦੋਵਾਂ ਦੀਆਂ ਅੱਖਾਂ ਭਰ ਆਈਆਂ। ਲੜਕੀ ਉਸ ਦਿਨ ਵੀ ਆਪਣੇ ਦੋਸਤ ਨਾਲ ਆਈ ਸੀ। ਮੈਂ ਲੜਕੀ ਨੂੰ ਕਿਹਾ ਕਿ ਦੱਸ ਭਾਈ ਕੀ ਤਕਲੀਫ ਹੈ? ਉਹ ਪਟਰ ਪਟਰ ਪਹਿਲਾਂ ਵਾਲੀ ਹੀ ਮੁਹਾਰਨੀ ਦੁਹਰਾਉਣ ਲੱਗੀ ਕਿ ਉਹ ਹੁਣ ਬਾਲਗ ਹੋ ਚੁੱਕੀ ਹੈ। ਉਸ ਨੂੰ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣ ਅਤੇ ਕਿਤੇ ਵੀ ਆਉਣ ਜਾਣ ਦਾ ਹੱਕ ਹੈ। ਜਦੋਂ ਉਹ ਦੇਰ ਨਾਲ ਘਰ ਆਉਂਦੀ ਹੈ ਤਾਂ ਮਾਂ ਬਾਪ ਸੌ ਸੌ ਸਵਾਲ ਪੁੱਛਦੇ ਹਨ। ਇਹ ਮੈਨੂੰ ਤੰਗ ਨਾ ਕਰਨ ਬੱਸ। ਮਾਂ ਦਾ ਦਿਲ ਬਹੁਤ ਨਰਮ ਹੁੰਦਾ ਹੈ। ਪਹਿਲਾਂ ਤਾਂ ਉਸ ਦਾ ਚਿਹਰਾ ਗੁੱਸੇ ਨਾਲ ਲਾਲ ਹੋ ਗਿਆ ਪਰ ਫਿਰ ਸੰਭਲ ਗਈ। ਉਸ ਨੇ ਲੜਕੀ ਦੇ ਬਹੁਤ ਵਾਸਤੇ ਪਾਏ, ਜ਼ਮਾਨੇ ਦੀ ਊਚ ਨੀਚ ਸਮਝਾਈ ਤੇ ਆਂਢ ਗੁਆਂਢ ਵੱਲੋਂ ਪਿੱਠ ਪਿੱਛੇ ਲੜਕੀ ਦੇ ਚਰਿੱਤਰ ਬਾਰੇ ਕੀਤੀਆਂ ਜਾ ਰਹੀਆਂ ਟਿੱਪਣੀਆਂ ਬਾਰੇ ਦੱਸਿਆ। ਉਸ ਨੇ ਇਥੋਂ ਤੱਕ ਵੀ ਕਹਿ ਦਿੱਤਾ ਕਿ ਤੂੰ ਜਿੱਥੇ ਚਾਹੁੰਦੀ ਹੈਂ, ਤੇਰਾ ਹੁਣੇ ਵਿਆਹ ਕਰ ਦੇਂਦੇ ਹਾਂ। ਪਰ ਲੜਕੀ ਟੱਸ ਤੋਂ ਮੱਸ ਨਾ ਹੋਈ।

ਲੜਕੀ ਦਾ ਬਾਪ ਬਹੁਤ ਹੌਂਸਲੇ ਨਾਲ ਸਾਰੀ ਗੱਲ ਬਾਤ ਸੁਣ ਰਿਹਾ ਸੀ। ਲੱਗਦਾ ਸੀ ਕਿ ਉਹ ਪਹਿਲਾਂ ਘਰੇ ਵੀ ਸਿਰ ਨਾਲ ਠੀਕਰਾਂ ਭੰਨ ਚੁੱਕਿਆ ਹੈ। ਆਖਰ ਜਦੋਂ ਪਾਣੀ ਸਿਰ ਤੋਂ ਲੰਘ ਗਿਆ ਤਾਂ ਉਸ ਨੇ ਮੈਨੂੰ ਕਿਹਾ ਕਿ ਇਹਨੂੰ ਪੁੱਛੋ ਕਿ ਇਹ ਰਹਿੰਦੀ ਕਿੱਥੇ ਹੈ? ਲੜਕੀ ਨੇ ਜਵਾਬ ਦਿੱਤਾ ਕਿ ਘਰ ਹੀ ਰਹਿੰਦੀ ਹੈ ਤੇ ਉਥੋਂ ਹੀ ਰੋਜ਼ ਪੜ੍ਹਨ ਜਾਂਦੀ ਹੈ। ਬਾਪ ਦਾ ਸਬਰ ਜਵਾਬ ਦੇ ਗਿਆ। ਉਸ ਨੇ ਕਿਹਾ ਕਿ ਠੀਕ ਹੈ ਕਾਨੂੰਨ ਲੜਕੀ ਨੂੰ ਆਪਣੀ ਮਰਜ਼ੀ ਨਾਲ ਜ਼ਿੰਦਗੀ ਬਤੀਤ ਕਰਨ ਦਾ ਅਧਿਕਾਰ ਦੇਂਦਾ ਹੈ, ਪਰ ਮੇਰੇ ਵੀ ਕੁਝ ਅਧਿਕਾਰ ਹਨ। ਇਹ ਜਦੋਂ ਮਰਜ਼ੀ ਘਰੋਂ ਨਿਕਲ ਜਾਂਦੀ ਹੈ ਤੇ ਜਦੋਂ ਮਰਜ਼ੀ ਵਾਪਸ ਆਉਂਦੀ ਹੈ। ਟੋਕਣ 'ਤੇ ਸਾਡੇ ਨਾਲ ਝਗੜਾ ਕਰਦੀ ਹੈ। ਮੇਰੀ ਇੱਕ ਲੜਕੀ ਹੋਰ ਹੈ, ਉਸ 'ਤੇ ਵੀ ਇਸ ਦੀਆਂ ਹਰਕਤਾਂ ਦਾ ਬੁਰਾ ਪ੍ਰਭਾਵ ਪੈ ਰਿਹਾ ਹੈ। ਮੇਰਾ ਘਰ ਕੋਈ ਬਦਮਾਸ਼ਾਂ ਦਾ ਅੱਡਾ ਨਹੀਂ ਕਿ ਕੋਈ ਜਦੋਂ ਵੀ ਚਾਹੇ ਆਣ ਵੜੇ। ਇਹ ਰੋਟੀ, ਪਾਣੀ, ਕੱਪੜਾ, ਖਰਚਾ ਮੇਰੇ ਕੋਲ ਲੈਂਦੀ ਹੈ ਤੇ ਸਾਰਾ ਦਿਨ ਬਾਹਰ ਅਵਾਰਾਗਰਦੀ ਕਰਦੀ ਹੈ। ਜੇ ਇਹ ਅਜ਼ਾਦੀ ਚਾਹੁੰਦੀ ਹੈ ਤਾਂ ਹੁਣੇ ਮੇਰੇ ਘਰੋਂ ਨਿਕਲ ਜਾਵੇ ਤੇ ਜਿੱਥੇ ਮਰਜ਼ੀ ਰਹੇ। ਇਹ ਸਾਡੇ ਵੱਲੋਂ ਮਰ ਗਈ ਤੇ ਅਸੀਂ ਇਹਦੇ ਵੱਲੋਂ ਮਰ ਗਏ। ਮਮਤਾ ਦੀ ਮਾਰੀ ਮਾਂ ਕੋਲੋਂ ਫਿਰ ਨਾ ਰਿਹਾ ਗਿਆ। ਉਸ ਨੇ 'ਗਾਂਹ ਹੋ ਕੇ ਲੜਕੀ ਦੀ ਬਾਂਹ ਪਕੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਬੇਕਿਰਕੀ ਨਾਲ ਹੱਥ ਝਟਕ ਦਿੱਤਾ। ਉਹ ਰਾਜ਼ੀਨਾਮੇ 'ਤੇ ਦਸਤਖਤ ਕਰ ਕੇ ਬਹੁਤ ਆਕੜ ਜਿਹੀ ਨਾਲ ਖੁਸ਼ੀ ਖੁਸ਼ੀ ਆਪਣੇ ਦੋਸਤ ਲੜਕੇ ਨਾਲ ਥਾਣੇ ਤੋਂ ਨਿਕਲ ਗਈ। ਅੱਧੇ ਘੰਟੇ ਵਿੱਚ ਹੀ ਲੀੜਾ ਕੱਪੜਾ ਸਮੇਟ ਕੇ ਆਪਣੀ ਕਿਸੇ ਸਹੇਲੀ ਦੇ ਘਰ ਰਹਿਣ ਲਈ ਚਲੀ ਗਈ।

ਉਸ ਦੇ ਮਾਪੇ ਵੀ ਰੋਂਦੇ ਧੋਂਦੇ ਆਪਣੇ ਨਸੀਬਾਂ ਨੂੰ ਕੋਸਦੇ ਹੋਏ ਘਰ ਚਲੇ ਗਏ। ਇਸ ਘਟਨਾ ਨੂੰ ਅਜੇ ਦਸ ਬਾਰਾਂ ਦਿਨ ਹੀ ਗੁਜ਼ਰੇ ਸਨ ਕਿ ਉਹ ਲੜਕੀ ਦੁਬਾਰਾ ਥਾਣੇ ਆਣ ਪਹੁੰਚੀ। ਉਸ ਦੇ ਸਾਰੇ ਕਸ ਵਲ ਨਿਕਲੇ ਹੋਏ ਸਨ ਤੇ ਪਹਿਲਾਂ ਵਰਗੀ ਕੜਕ ਮੜਕ ਗਾਇਬ ਸੀ। ਢਾਬਿਆਂ ਦੀ ਰੋਟੀ ਖਾ ਖਾ ਕੇ ਮੂੰਹ ਉੱਤਰਿਆ ਹੋਇਆ ਸੀ ਤੇ ਕੱਪੜੇ ਵੀ ਮੈਲੇ ਕੁਚੈਲੇ ਪਾਏ ਹੋਏ ਸਨ। ਲੜਕੀ ਰੋਂਦੀ ਹੋਈ ਹੱਥ ਜੋੜ ਕੇ ਬੋਲੀ ਕਿ ਮੈਨੂੰ ਕਿਸੇ ਵੀ ਤਰਾਂ ਮੇਰੇ ਮਾਪਿਆਂ ਕੋਲ ਘਰ ਭੇਜ ਦਿਉ। ਮੈਂ ਤਨਜ਼ ਨਾਲ ਕਿਹਾ ਕਿ ਤੂੰ ਤਾਂ ਬਹੁਤ ਟੌਹਰ ਨਾਲ ਪਰਿਵਾਰ ਨੂੰ ਧੱਕਾ ਮਾਰ ਕੇ ਗਈ ਸੀ, ਹੁਣ ਕੀ ਹੋ ਗਿਆ? ਅੱਜ ਉਹ ਤੇਰਾ ਛਿੱਤਰ ਮੂੰਹਾਂ ਜਿਹਾ ਬੁਆਏ ਫ੍ਰੈਂਡ ਵੀ ਦਿਖਾਈ ਨਹੀਂ ਦੇਂਦਾ। ਉਹ ਡੁਸਕਦੀ ਹੋਈ ਬੋਲੀ, ਉ ਸਰ ਬੱਸ ਮੇਰੀ ਮੱਤ ਈ ਮਾਰੀ ਗਈ ਸੀ। ਆਪਣੇ ਮਾਪਿਆਂ ਤੋਂ ਬਿਨਾਂ ਕੋਈ ਨਹੀਂ ਜੇ ਝੱਲਦਾ। ਸਹੇਲੀ ਦੀ ਮਾਂ ਨੇ ਇਹ ਕਹਿ ਕੇ ਦੋ ਦਿਨਾਂ ਬਾਅਦ ਹੀ ਮੈਨੂੰ ਘਰੋਂ ਕੱਢ ਦਿੱਤਾ ਸੀ ਕਿ ਇੱਕ ਮੱਛੀ ਸਾਰਾ ਤਲਾਬ ਗੰਦਾ ਕਰਦੀ ਹੈ। ਤੂੰ ਸਾਡੀ ਕੁੜੀ ਨੂੰ ਵੀ ਖਰਾਬ ਕਰੇਂਗੀ। ਬੁਆਏ ਫ੍ਰੈਂਡ ਤਾਂ 4-5 ਦਿਨਾਂ ਬਾਅਦ ਘਰੋਂ ਪੈਸੇ ਲਿਆਉਣ ਦਾ ਬਹਾਨਾ ਮਾਰ ਕੇ ਐਸਾ ਗਾਇਬ ਹੋਇਆ ਮੁੜ ਲੱਭਾ ਈ ਨਹੀਂ।" ਤਰਸ ਖਾ ਕੇ ਮੈਂ ਦੁਬਾਰਾ ਉਸ ਦੇ ਘਰ ਵਾਲੇ ਬੁਲਾ ਲਏ। ਮਾਪੇ ਆਖਰ ਮਾਪੇ ਹੁੰਦੇ ਹਨ। ਉਹ ਲੜਕੀ ਵਾਪਸ ਆਉਣ ਦੀ ਖਬਰ ਸੁਣ ਕੇ ਨੰਗੇ ਪੈਰੀਂ ਭੱਜੇ ਆਏ ਤੇ ਥੋੜ੍ਹੀ ਜਿਹੀ ਝਾੜ ਝੰਬ ਤੋਂ ਬਾਅਦ ਨਾਲ ਲੈ ਗਏ। ਮੈਂ ਕਰੀਬ ਡੇਢ ਸਾਲ ਉਸ ਥਾਣੇ ਵਿੱਚ ਤਾਇਨਾਤ ਰਿਹਾ, ਪੱਥਰ ਚੱਟ ਕੇ ਵਾਪਸ ਆਈ ਉਹ ਲੜਕੀ ਮੁੜ ਕੰਨ ਵਿੱਚ ਪਾਈ ਨਾ ਰੜਕੀ।

# ਪਿੰਡਾਂ ਵਿੱਚ ਹੌਲੀ ਹੌਲੀ ਹੋ ਰਹੀ ਹੈ ਪੁਰਾਤਨ ਰੀਤੀ ਰਿਵਾਜਾਂ ਦੀ ਸ਼ੁਰੂਆਤ




ਜਸਵੀਰ ਸ਼ਰਮਾਂ ਦੱਦਾਹੂਰ
95691-49556
ਸ੍ਰੀ ਮੁਕਤਸਰ ਸਾਹਿਬ

ਜਿਵੇਂ ਕਿ ਆਪ ਸੱਭ ਚੰਗੀ ਤਰ੍ਹਾਂ ਜਾਣਦੇ ਹੋਂ ਕਿ ਮੈਂ ਅਕਸਰ ਹੀ ਪੁਰਾਤਨ ਵਿਰਸੇ ਪ੍ਰਤੀ ਲੇਖ ਕਵਿਤਾਵਾਂ ਆਦਿ ਲਿਖਦਾ ਰਹਿੰਦਾ ਹਾਂ, ਇਸੇ ਕੜੀ ਤਹਿਤ ਹੀ ਪਿਛੇ ਜਿਹੇ ਥੋੜੇ ਦਿਨ ਪਹਿਲਾਂ ਇੱਕ ਲੇਖ÷ਪਿੰਡਾਂ ਵਾਲਾ ਮਾਹੌਲ ਕਿਥੇ ਸ਼ਹਿਰਾਂ ਚ÷ਦਾਸ ਵੱਲੋਂ ਲਿਖਿਆ ਕਈ ਅਖਬਾਰਾਂ ਵਿੱਚ ਛਪਿਆ ਸੀ,ਓਸੇ ਦਾ ਇਹ ਦੂਸਰਾ ਭਾਗ ਕਹਿ ਸਕਦੇ ਹਾਂ।

ਓਥੋਂ ਹੀ ਗੱਲ ਸ਼ੁਰੂ ਕਰਦੇ ਹਾਂ ਕਿ ਦਾਰੇ ਵਾਲਾ ਪਿੰਡ (ਹਰਿਆਣਾ ਸਟੇਟ ਡਬਵਾਲੀ-ਐਲਨਾਬਾਦ ਰੋਡ) ਵਿੱਚ ਜਦੋਂ ਦਾਸ ਇੱਕ ਪੇਂਡੂ ਵਿਆਹ ਵਿੱਚ ਗਿਆ ਸੀ, ਤਾਂ ਓਥੇ ਪੁਰਾਤਨ ਰੀਤੀ ਰਿਵਾਜ਼ਾਂ ਮੁਤਾਬਕ ਘਰ ਘਰ ਤੋਂ ਮੰਜੇ ਬਿਸਤਰੇ ਇਕੱਠੇ ਕੀਤੇ ਗਏ ਸਨ। ਜਦੋਂ ਕਿ ਇਹ ਸਾਡੇ ਪੁਰਖਿਆਂ ਦੇ ਰਿਵਾਜ ਸਨ। ਹੁਣ ਅਡਵਾਂਸ ਕਹਿ ਲਈਏ ਜਾਂ ਫਿਰ ਅਗਾਂਹ ਵਧੂ ਜ਼ਮਾਨੇ ਵਿਚ ਕੀ ਪਿੰਡਾਂ ਤੇ ਕੀ ਸ਼ਹਿਰਾਂ ਵਿੱਚ ਟੈਂਟ ਹਾਊਸ ਤੋਂ ਵਿਆਹ ਸ਼ਾਦੀ ਵਿੱਚ ਗੱਦੇ ਚਾਦਰਾਂ, ਰਜਾਈਆਂ ਜਾਂ ਸਮੇਂ ਅਨੁਸਾਰ ਕੰਬਲ ਲਿਆਉਣ ਦਾ ਰਿਵਾਜ ਪ੍ਰਚਲਿਤ ਹੋ ਚੁੱਕਾ ਹੈ। ਸ਼ਹਿਰਾਂ ਵਿੱਚ ਤਾਂ ਵੈਸੇ ਹੀ ਘਰਾਂ ਦੀ ਜਗ੍ਹਾ ਬਹੁਤ ਘੱਟ ਹੁੰਦੀ ਹੈ,ਇਸ ਕਰਕੇ ਵੀ ਥੱਲੇ ਫਰਸ਼ ਤੇ ਗੱਦੇ ਸੁੱਟੋ ਚਾਦਰ ਵਿਛਾਓ ਰਜਾਈ ਕੰਬਲ ਲਓ ਤੇ ਸੌਂ ਜਾਓ। ਬਿਲਕੁਲ ਇਸੇ ਤਰ੍ਹਾਂ ਹੀ ਹੁਣ ਭਾਵ ਅਜੋਕੇ ਜ਼ਮਾਨੇ ਵਿਚ ਪਿੰਡਾਂ ਵਾਲੇ ਵੀ ਸ਼ਹਿਰਾਂ ਚੋਂ ਗੱਦੇ ਵਗੈਰਾ ਲੈ ਜਾਂਦੇ ਹਨ। ਕਿਉਂਕਿ ਮੰਜੇ ਬਿਸਤਰੇ ਇਕੱਠੇ ਕਰਨੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਬਹੁਤ ਔਖੇ ਲਗਦੇ ਹਨ।ਕਿਹੜਾ ਐਨਾ ਅਡੰਬਰ ਕਰੇ। ਬਹੁਤ ਜ਼ਿਆਦਾ ਪੈਸੇ ਵਾਲੀ ਹੋ ਚੁੱਕੀ ਹੈ ਅਜੋਕੀ ਦੁਨੀਆਂ, ਪੈਸੇ ਦਿਓ ਜਿਹੜੀ ਚੀਜ਼ ਮਰਜ਼ੀ ਘਰੇ ਮੰਗਵਾ ਲਓ। ਫਿਰ ਅੱਜਕਲ੍ਹ ਹੱਥੀਂ ਕੰਮ ਕਰਨ ਦਾ ਰਿਵਾਜ ਵੀ ਤਾਂ ਨਹੀਂ ਨਾ ਰਹਿ ਗਿਆ, ਹੁਕਮ ਚਲਾਉਣ ਦਾ ਸਮਾਂ ਆ ਚੁੱਕਾ ਹੈ। ਇਸੇ ਕਰਕੇ ਹੀ ਐਸੇ ਅਡੰਬਰਾਂ ਤੋਂ ਕੰਨੀ ਕਤਰਾਉਂਦੇ ਹਨ ਘਰਾਂ ਦੇ ਨੌਜਵਾਨ ਮੁੰਡੇ। ਪੈਲੇਸਾਂ ਵਿੱਚ ਵੀ ਵੇਟਰ ਹੁੰਦੇ ਹਨ ਤੇ ਘਰਾਂ ਵਿੱਚ ਵੀ ਜਿੰਨੇ ਮਰਜੀ ਵੇਟਰ ਮੰਗਵਾ ਲਓ ਸਿਰਫ਼ ਪੈਸਾ ਚਾਹੀਦਾ ਹੈ।



ਪਰ ਅਜੋਕੇ ਸਮੇਂ ਤੋਂ ਹਟਕੇ ਜੋ ਦਾਰੇ ਵਾਲਾ ਪਿੰਡ ਵਿੱਚ ਦਾਸ ਨੇ ਵੇਖਿਆ ਓਥੇ ਵਾਕਿਆ ਹੀ ਓਹ ਪੁਰਾਤਨ ਸਮੇਂ ਯਾਦ ਆ ਗਏ ਜਦੋਂ ਪੁਰਾਣਿਆਂ ਸਮਿਆਂ ਵਿੱਚ ਹੁੰਦੇ ਸਨ,ਘਰ ਘਰ ਤੋਂ ਮੰਜੇ ਬਿਸਤਰੇ ਇਕੱਠੇ ਕੀਤੇ ਗਦੈਲਿਆਂ ਰਜਾਈਆਂ ਸਰਾਣਿਆਂ ਤੇ ਨੰਬਰ ਲਾਏ,ਆਏ ਗਏ ਲਈ ਭਾਵ ਮੇਲ ਲਈ,ਲਿਆਂਦੇ ਤੇ ਲਿਆ ਕੇ ਅੱਡੋ ਅੱਡ ਕਮਰਿਆਂ ਵਿੱਚ ਡਾਹ ਕੇ ਵਿਛਾ ਦਿੱਤੇ।ਜਾਗੋ ਤੋਂ ਬਾਅਦ ਕੋਈ ਰਾਤ ਦੇ ਗਿਆਰਾਂ ਸਾਢੇ ਗਿਆਰਾਂ ਵਜੇ ਸਾਰੇ ਸੌਂ ਗਏ ?ਅਗਲੇ ਦਿਨ ਬਰਾਤ ਆਈ ਸਾਰਾ ਮੇਲ ਗੇਲ ਘਰਦੇ ਸਾਰਾ ਪਰਿਵਾਰ ਸੰਗਰੀਆ ਮੰਡੀ ਪੈਲੇਸ ਵਿੱਚ ਪਹੁੰਚ ਗਿਆ। ਸ਼ਾਮੀਂ ਕੁੜੀ ਨੂੰ ਤੋਰ ਕੇ ਫਿਰ ਸਾਰਾ ਮੇਲ ਗੇਲ ਤੇ ਪਰਿਵਾਰ ਘਰੇ ਵਾਪਸ ਆ ਗਏ।ਉਸ ਤੋਂ ਅਗਲੇ ਦਿਨ ਜਿਹੜੇ ਘਰਾਂ ਤੋਂ ਮੰਜੇ ਬਿਸਤਰੇ ਆਏ ਸਨ ਓਹ ਪਰਿਵਾਰ ਆਪੋ ਆਪਣੇ ਮੰਜੇ ਬਿਸਤਰੇ ਪਛਾਣ ਪਛਾਣ ਕੇ ਲੈ ਜਾ ਰਹੇ ਸਨ (ਇਹ ਫੋਟੋ ਓਸੇ ਸਮੇਂ ਦੀ ਹੈ ਜੋ ਇਸ ਲੇਖ ਵਿੱਚ ਲੱਗੀ ਹੈ) ਅੰਤਾਂ ਦੀ ਮਹਿੰਗਾਈ ਵਾਲੇ ਜ਼ਮਾਨੇ ਵਿੱਚ ਹਰ ਇਨਸਾਨ ਨੂੰ ਫੂਕ ਫੂਕ ਕੇ ਪੈਰ ਰੱਖਣ ਦੀ ਅਤਿਅੰਤ ਲੋੜ ਹੈ। ਲੱਖਾਂ ਰੁਪਏ ਪੈਲੇਸਾਂ ਵਿੱਚ ਲਾਉਣਾ ਫਿਰ ਕਰਜ਼ਾਈ ਹੋ ਕੇ ਸਾਰੀ ਉਮਰ ਵਿਆਜੂ ਪੈਸੇ ਉਤਾਰੀ ਜਾਣਾ ਕਿਥੋਂ ਦੀ ਸਿਆਣਪ ਹੈ? ਅੱਡੀਆਂ ਚੁੱਕ ਚੁੱਕ ਕੇ ਫਾਹਾ ਲੈਣ ਨਾਲੋਂ ਆਪਣੇ ਪੁਰਖਿਆਂ ਦੇ ਪਾਏ ਪੂਰਨਿਆਂ ਭਾਵ ਓਹਨਾਂ ਪੁਰਾਣੇ ਰੀਤੀ ਰਿਵਾਜ ਅਪਣਾਉਣਾ ਬਹੁਤ ਵੱਡੀ ਸਿਆਣਪ ਹੋਵੇਗੀ। ਨਹੀਂ ਤਾਂ ਓਹ ਦਿਨ ਦੂਰ ਨਹੀਂ ਜਦੋਂ ਦੇਸ਼ ਦੇ ਅੰਨ ਦਾਤਾ ਨੂੰ ਬਹੁਤ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇ। ਹਾਲੇ ਵੀ ਡੁੱਲ੍ਹਿਆ ਬੇਰਾਂ ਦਾ ਕੁੱਝ ਨਹੀਂ ਵਿਗੜਿਆ, ਜੇਕਰ ਚੁਗ ਕੇ ਝੋਲੀ ਪਾ ਲਈਏ।ਇਹ ਤਾਂ ਸਿਰਫ਼ ਇੱਕ ਹੀ ਉਦਾਹਰਣ ਹੈ ਵੈਸੇ ਵੀ ਸਾਰੇ ਰੀਤੀ ਰਿਵਾਜ ਓਹੋ ਹੀ ਅਪਣਾ ਲੈਣ ਨਾਲ ਕੋਈ ਫ਼ਰਕ ਨਹੀਂ ਪੈਂਦਾ।ਇਸ ਵਿਆਹ ਵਿੱਚ ਘਰ ਵਿੱਚ ਹੀ ਹਲਵਾਈ ਲੱਗਾ ਸੀ ਤੇ ਸ਼ਰੀਕੇ ਕਬੀਲੇ ਚੋਂ ਪਹਿਲਿਆਂ ਰਿਵਾਜਾਂ ਅਨੁਸਾਰ ਹੀ ਘਰ ਘਰ ਦਾ ਬੰਦਾ ਆ ਕੇ ਲੱਡੂ ਵੱਟ ਰਹੇ ਸਨ।ਇਹ ਸਾਰਾ ਮਹੌਲ ਵੇਖ ਕੇ ਮਨ ਬਹੁਤ ਖੁਸ਼ ਹੋ ਰਿਹਾ ਸੀ। ਕਾਸ਼! ਕਿਤੇ ਸਾਰਾ ਪੰਜਾਬ ਹੀ ਇਨ੍ਹਾਂ ਰੀਤੀ ਰਿਵਾਜ਼ਾਂ ਨੂੰ ਅਪਣਾ ਲਵੇ, ਤਾਂ ਮੁੜ ਪੰਜਾਬ ਦਾ ਮਾਹੌਲ ਚਹਿਲ ਪਹਿਲ ਵਾਲਾ ਹੋ ਸਕਦਾ ਹੈ।









# ਕਿਤੇ ਸੱਚ ਤਾਂ ਨਹੀਂ ਨੋਸਟ੍ਰਾਡੇਮਸ ਦੀ ਭਵਿੱਖਬਾਣੀ ? ਤੀਜੇ ਵਿਸ਼ਵ ਯੁੱਧ ਵੱਲ ਵੱਧ ਰਹੇ ਨੇ ਰੂਸ-ਯੂਕਰੇਨ





ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ): ਰੂਸ-ਯੂਕਰੇਨ ਵਿਚਾਲੇ ਚੱਲ ਰਹੇ ਯੁੱਧ ਕਾਰਨ ਕਈ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਸੈਂਕੜੇ ਲੋਕ ਜ਼ਖ਼ਮੀ ਹੋ ਗਏ ਹਨ। ਸਥਿਤੀ ਇਹ ਹੈ ਕਿ ਲੋਕਾਂ ਨੂੰ ਆਪਣੇ ਘਰ ਛੱਡ ਕੇ ਜ਼ਮੀਨ ਹੇਠਾਂ, ਬੰਕਰਾਂ ਜਾਂ ਸ਼ੈਲਟਰਾਂ ’ਚ ਲੁਕਣਾ ਪੈ ਰਿਹਾ ਹੈ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਹੈ ਕਿ ਰੂਸੀ ਹਮਲੇ ’ਚ ਹੁਣ ਤੱਕ 137 ਲੋਕ ਮਾਰੇ ਗਏ ਹਨ ਤੇ 316 ਜ਼ਖ਼ਮੀ ਹੋਏ ਹਨ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਰੂਸ-ਯੂਕਰੇਨ ਜੰਗ ਤੀਜੇ ਵਿਸ਼ਵ ਯੁੱਧ ’ਚ ਬਦਲ ਸਕਦੀ ਹੈ।

ਇਸ ਦੌਰਾਨ ਦੁਨੀਆਂ ਦੇ ਮਹਾਨ ਜੋਤਸ਼ੀ ਨੋਸਟ੍ਰਾਡੇਮਸ ਦੀ ਇੱਕ ਭਵਿੱਖਬਾਣੀ ਕਾਫੀ ਵਾਇਰਲ ਹੋ ਰਹੀ ਹੈ, ਜਿਸ ’ਚ ਤੀਜੀ ਜੰਗ ਦੀ ਗੱਲ ਕਹੀ ਗਈ ਹੈ। ਫ਼ਰਾਂਸ ’ਚ ਪੈਦਾ ਹੋਏ ਜੋਤਸ਼ੀ ਮਾਈਕਲ ਦੀ ਨੋਸਟ੍ਰਾਡੇਮਸ ਨੇ ਰਹੱਸਮਈ ਵਾਕਾਂ ’ਚ ਕਈ ਭਵਿੱਖਬਾਣੀਆਂ ਲਿਖੀਆਂ ਹਨ, ਜਿਸ ਨੂੰ ਕਵਾਟ੍ਰੇਂਸ (ਚੌਪਾਈ) ਕਿਹਾ ਜਾਂਦਾ ਹੈ। ਉਨ੍ਹਾਂ 6338 ਭਵਿੱਖਬਾਣੀਆਂ ਕੀਤੀਆਂ ਹਨ, ਜਿਨ੍ਹਾਂ ’ਚ ਹਿਟਲਰ ਦੀ ਮੌਤ, 9/11 ਦੇ ਹਮਲੇ, ਫ਼ਰਾਂਸੀਸੀ ਕ੍ਰਾਂਤੀ ਤੇ ਪ੍ਰਮਾਣੂ ਹਥਿਆਰਾਂ ਨਾਲ ਤਬਾਹੀ ਵਰਗੀਆਂ ਘਟਨਾਵਾਂ ਸ਼ਾਮਲ ਹਨ। ਉਹ 2 ਜੁਲਾਈ 1566 ਨੂੰ ਅਕਾਲ ਚਲਾਣਾ ਕਰ ਗਏ ਸਨ, ਪਰ ਉਨ੍ਹਾਂ ਆਪਣੇ ਕਵਾਟ੍ਰੇਂਸ ’ਚ ਦੁਨੀਆਂ ਦੇ ਅੰਤ ਦੀ ਭਵਿੱਖਬਾਣੀ ਕੀਤੀ ਹੈ। ਇਸ ਦੇ ਨਾਲ ਹੀ ਸਾਲ 2022 ’ਚ ਪ੍ਰਮਾਣੂ ਬੰਬ ਧਮਾਕੇ ਤੇ ਧਰਤੀ ’ਤੇ ਤਬਾਹੀ ਦੇ ਸੰਕੇਤ ਦਿੱਤੇ ਹਨ। **ਰੂਸ ਤੇ ਯੂਕਰੇਨ ਨਾਲ ਸਬੰਧਤ ਨੋਸਟ੍ਰਾਡੇਮਸ ਦੀਆਂ ਭਵਿੱਖਬਾਣੀਆਂ**- 1. ਉਨ੍ਹਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਸਾਲ 2022 ’ਚ ਇੱਕ ਵਿਨਾਸ਼ਕਾਰੀ ਪ੍ਰਮਾਣੂ ਬੰਬ ਫਟੇਗਾ, ਜਿਸ ਨਾਲ ਮੌਸਮ ’ਚ ਬਦਲਾਅ ਹੋਵੇਗਾ ਅਤੇ ਧਰਤੀ ਦਾ ਮੌਸਮ ਬਦਲ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਹਾਲ ਹੀ ’ਚ ਕੁਝ ਮਾਹਰਾਂ ਨੇ ਰੂਸ ਦੇ ਕਬਜ਼ੇ ਵਾਲੇ ਯੂਕਰੇਨ ਦੇ ਚਰਨੋਬਿਲ ਪ੍ਰਮਾਣੂ ਪਲਾਂਟ ਨੂੰ ਖ਼ਤਰੇ ਦੀ ਸੰਭਾਵਨਾ ਜਤਾਈ ਸੀ। 2. ਤੁਹਾਨੂੰ ਦੱਸ ਦੇਈਏ ਕਿ ਉਨ੍ਹਾਂ ਨੇ ਆਪਣੇ ਚੌਗੁਣੇ ’ਚ ਤੀਜੇ ਵਿਸ਼ਵ ਯੁੱਧ ਦਾ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਰੇ ਆਪਣੇ ਰੰਗ ਅਤੇ ਮੂਲ ਦੇ ਆਧਾਰ ’ਤੇ ਇਕ-ਦੂਜੇ ਨਾਲ ਟਕਰਾ ਜਾਣਗੇ। ਹਰ ਪਾਸੇ ਖ਼ੂਨ-ਖ਼ਰਾਬਾ, ਮਹਾਂਮਾਰੀ, ਸੋਕਾ, ਭੁੱਖਮਰੀ ਅਤੇ ਜੰਗ ਹੋਵੇਗੀ। ਇਸ ਦੇ ਨਾਲ ਹੀ ਤੀਜੇ ਵਿਸ਼ਵ ਯੁੱਧ ’ਚ ਚੀਨ ਦਾ ਰਸਾਇਣਕ ਹਮਲਾ ਏਸ਼ੀਆ ’ਚ ਵੱਡੀ ਤਬਾਹੀ ਮਚਾਵੇਗਾ।

3. ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਅਸਮਾਨ ਤੋਂ ਇੱਕ ਐਸਟ੍ਰੋਨਾਈਟ ਦੇ ਡਿੱਗਣ ਨਾਲ ਸਮੁੰਦਰ ’ਚ ਲਹਿਰਾਂ ਉੱਠਣਗੀਆਂ, ਜਿਸ ਕਾਰਨ ਬਹੁਤ ਸਾਰੇ ਦੇਸ਼ ਡੁੱਬ ਜਾਣਗੇ। ਇਹ ਯੁੱਧ ਤੇ ਅਸ਼ਾਂਤੀ ਦੇ ਕਾਰਨ ਹੋਵੇਗਾ।

4. ਇਸ ਦੇ ਨਾਲ ਹੀ ਉਨ੍ਹਾਂ ਕਿਹਾ ਸੀ ਕਿ ਤੀਜੇ ਐਂਟੀ-ਕ੍ਰਾਈਸਟ ਦਾ ਜਨਮ ਹੋਣਾ ਚਾਹੀਦਾ ਹੈ ਜੋ ਇਸ ਯੁੱਧ ਦਾ ਕਾਰਨ ਬਣੇਗਾ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਉਹ ਹਿਟਲਰ ਅਤੇ ਨੈਪੋਲੀਅਨ ਨੂੰ ਐਂਟੀ ਕ੍ਰਾਈਸਟ ਕਹਿ ਚੁੱਕੇ ਹਨ। ਇਸ ਲਈ ਮੌਜੂਦਾ ਸਥਿਤੀ ’ਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਤੀਜੇ ਐਂਟੀ-ਕ੍ਰਾਈਸਟ ਲਈ ਕੀ ਇਸ਼ਾਰਾ ਨਹੀਂ ਕਰ ਰਿਹਾ ਹੈ।

**ਕੋਰੋਨਾ ਵਾਇਰਸ ਬਾਰੇ ਵੀ ਕੀਤੀ ਸੀ ਭਵਿੱਖਬਾਣੀ**

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੋਰੋਨਾ ਵਾਇਰਸ ਦੇ ਪ੍ਰਕੋਪ ਦੌਰਾਨ ਅਜਿਹੀਆਂ ਖ਼ਬਰਾਂ ਆਈਆਂ ਸਨ ਕਿ ਉਨ੍ਹਾਂ ਨੇ ਲਗਭਗ 465 ਸਾਲ ਪਹਿਲਾਂ ਮਤਲਬ 15ਵੀਂ ਸਦੀ ’ਚ ਹੀ ਇਸ ਦੀ ਭਵਿੱਖਬਾਣੀ ਕੀਤੀ ਸੀ। ਨੋਸਟ੍ਰਾਡੇਮਸ ਨੇ ਰਹੱਸਮਈ ਵਾਕਾਂ ’ਚ ਕਈ ਭਵਿੱਖਬਾਣੀਆਂ ਲਿਖੀਆਂ ਹਨ। ਉਸ ਦੀ ਇੱਕ ਚੌਪਈ, 2:53 ’ਚ ਕੋਰੋਨਾ ਵਾਇਰਸ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਦੇ ਅਨੁਸਾਰ ਇੱਕ ਸਮੁੰਦਰੀ ਸ਼ਹਿਰ ’ਚ ਇੱਕ ਮਹਾਂਮਾਰੀ ਫੈਲਣ ਦੀ ਗੱਲ ਕਹੀ ਗਈ ਹੈ।

ਦੱਸ ਦਈਏ ਕਿ ਚੀਨ ਦਾ ਵੁਹਾਨ ਇੱਕ ਅਜਿਹਾ ਦੇਸ਼ ਹੈ, ਜਿਸ ਦੇ ਸਮੁੰਦਰੀ ਭੋਜਨ ਦੀ ਮਾਰਕੀਟ ਵੀ ਸਮੁੰਦਰੀ ਕੰਢੇ ਲੱਗਦੀ ਹੈ, ਜਿਵੇਂ ਕਿ ਉਨ੍ਹਾਂ ਨੇ ਆਪਣੀ ਕਿਤਾਬ ’ਚ ਲਿਖਿਆ ਹੈ। ਹੁਣ ਕੁੱਲ ਮਿਲਾ ਕੇ ਨੋਸਟ੍ਰਾਡੇਮਸ ਵੱਲੋਂ ਕੀਤੀ ਗਈ ਭਵਿੱਖਬਾਣੀ ਸੱਚ ਹੁੰਦੀ ਨਜ਼ਰ ਆ ਰਹੀ ਹੈ। ਤਾਂ ਕੀ ਦੇਸ਼ ਸੱਚਮੁੱਚ ਤੀਜੇ ਵਿਸ਼ਵ ਯੁੱਧ ਵੱਲ ਵੱਧ ਰਿਹਾ ਹੈ ? ਜੇਕਰ ਅਜਿਹਾ ਹੈ ਤਾਂ ਦੁਨੀਆਂ ਨੂੰ ਤੀਜੇ ਵਿਸ਼ਵ ਯੁੱਧ ਲਈ ਤਿਆਰ ਰਹਿਣਾ ਚਾਹੀਦਾ ਹੈ।

# ਛੱਪੜ ਕੰਢੇ ਬੈਠਿਆਂ ਨੂੰ ਮੱਤ ਕੀ ਆਉਂਦੀ, ਜਿੰਦ ਨਿਮਾਣੀ ਕਿਸ ਤਰ੍ਹਾਂ ਸਰਵਰ ਵਿੱਚ ਨਹਾਉਂਦੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ) ਦੀ ਫਰਵਰੀ ਮਹੀਨੇ ਦੀ ਮਾਸਿਕ ਇਕੱਤਰਤਾ ਜ਼ੂਮ ਰਾਹੀਂ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਸੁਰਿੰਦਰ ਗੀਤ ਨੇ ਕੀਤੀ ਅਤੇ ਮੰਚ ਸੰਚਾਲਨ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਸ। ਗੁਰਦਿਆਲ ਸਿੰਘ ਖਹਿਰਾ ਨੇ ਕੀਤੀ। ਪਿਛਲੇ ਦਿਨੀਂ ਉੱਘੇ ਗੀਤਕਾਰ ‘ਦੇਵ ਥਰੀਕੇ’ ਅਤੇ ਭਾਰਤ ਦੀ ਮਹਾਨ ਗਾਇਕਾ ਲਤਾ ਮੰਗੇਸ਼ਕਰ ਦੇ ਆਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਗੁਰਦਿਆਲ ਸਿੰਘ ਖਹਿਰਾ ਨੇ ਕਿਹਾ ਕਿ ਇਹਨਾਂ ਦੋਨਾਂ ਰੂਹਾਂ ਦੇ ਸਾਥੋਂ ਵਿਛੜਨ ਨਾਲ ਸੰਗੀਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਉਹਨਾਂ ਬਹੁਤ ਹੀ ਭਾਵਪੂਰਤ ਅਤੇ ਸੁਚੱਜੇ ਸ਼ਬਦਾਂ ਵਿੱਚ ਸ਼ਰਧਾਂਜਲੀ ਭੇਟ ਕੀਤੀ। ਸ: ਤੇਜਾ ਸਿੰਘ ‘ਪ੍ਰੇਮੀ’ ਹੋਰਾਂ ਨੇ ਪਹਿਲੀ ਵਾਰ ਪੰਜਾਬੀ ਸਾਹਿਤ ਸਭਾ ਵਿੱਚ ਆਪਣੀ ਹਾਜਰੀ ਲਗਵਾਈ। ਪੰਜਾਬੀ ਸਾਹਿਤ ਸਭਾ ਦੇ ਸਭ ਮੈਂਬਰਾਂ ਵਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ ਤੇ ਆਸ ਪ੍ਰਗਟਾਈ ਕਿ ਉਹ ਭਵਿੱਖ ਵਿੱਚ ਵੀ ਪੰਜਾਬੀ ਸਾਹਿਤ ਸਭਾ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਤੇਜਾ ਸਿੰਘ ਹੋਰਾਂ ਨੇ ਕਿਸਾਨੀ ਜੀਵਨ ਨਾਲ ਸੰਬੰਧਿਤ ਖੂਬਸੂਰਤ ਮਲਵਈ ਅੰਦਾਜ਼ ਵਿੱਚ ਬੋਲੀਆਂ ਸੁਣਾਈਆਂ। ਇਸ ਤੋਂ ਇਲਾਵਾ ਗੁਰਦਿਆਲ ਸਿੰਘ ਖਹਿਰਾ ਨੇ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਡਾ: ਨਰੇਸ਼ ਕੁਮਾਰ ਪ੍ਰੋ: ਕੇਂਦਰੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼, ਧਰਮਸ਼ਾਲਾ ਨੇ ਬੜੀ ਮਿਹਨਤ ਨਾਲ ਸੁਰਿੰਦਰ ਗੀਤ ਦੀ ਅੱਜ ਤੱਕ ਦੀ ਸਮੁੱਚੀ ਕਵਿਤਾ ਤੇ ਅਲੋਚਨਾ ਦੀ ਕਿਤਾਬ ਸੰਪਾਦਿਤ ਕੀਤੀ ਹੈ। ਇਹ ਕਿਤਾਬ ‘ਪੰਜਾਬ ਪ੍ਰੈਸ ਕਲੱਬ ਜਲੰਧਰ’ ਵਿੱਚ ਪੰਜਾਬ ਪ੍ਰੈਸ ਕਲੱਬ ਜਲੰਧਰ ਦੇ ਜਨਰਲ ਸਕੱਤਰ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ: ਲਖਵਿੰਦਰ ਜੌਹਲ ਵਲੋਂ ਲੋਕ ਅਰਪਣ ਕੀਤੀ ਗਈ। ਕਿਤਾਬ ਵਿੱਚ ਡਾ: ਸੁਰਜੀਤ ਪਾਤਰ, ਡਾ: ਹਰਭਜਨ ਭਾਟਿਆ , ਡਾ: ਸੁਖਦੇਵ ਸਿਰਸਾ, ਡਾ: ਅਰਵਿੰਦਰ ਕਾਕੜਾ, ਡਾ: ਨਰੇਸ਼ ਕੁਮਾਰ ਡਾ: ਮੋਹਨ ਤਿਆਗੀ ਅਤੇ ਡਾ: ਸੁਰਜੀਤ ਬਰਾੜ ਸਮੇਤ ਡੇਢ ਦਰਜਨ ਸਮੀਖਿਅਕਾਂ ਦੇ ਲੇਖ ਸ਼ਾਮਲ ਹਨ। ਪੰਜਾਬੀ ਸਾਹਿਤ ਸਭਾ ਨੇ ਸੁਰਿੰਦਰ ਗੀਤ ਨੂੰ ਇਸ ਪ੍ਰਾਪਤੀ ਤੇ ਵਧਾਈ ਦਿੱਤੀ।

ਸ: ਬਚਨ ਸਿੰਘ ਗੁਰਮ ਦੀ ਕਾਵਿ-ਪੁਸਤਕ ‘ਕਾਇਨਾਤ’ ਤੇ ਅਲੋਚਨਾਤਮਿਕ ਟਿੱਪਣੀ ਕਰਦਿਆਂ ਗੁਰਦਿਆਲ ਸਿੰਘ ਖਹਿਰਾ ਨੇ ਉਹਨਾਂ ਦੀ ਕਾਵਿ ਸਿਰਜਣਾ ਦੀ ਖੁਲ੍ਹ ਕੇ ਤਾਰੀਫ਼ ਕੀਤੀ ਅਤੇ ਕਿਹਾ ਕਿ ਉਹਨਾਂ ਦੀ ਕਲਮ ਤੋਂ ਪੰਜਾਬੀ ਸਾਹਿਤ ਨੂੰ ਹੋਰ ਵੀ ਆਸਾਂ ਹਨ।

ਰਚਨਾਵਾਂ ਦੇ ਦੌਰ ਵਿੱਚ ਅਜਾਇਬ ਸਿੰਘ ਸੇਖੋਂ, ਜਗਜੀਤ ਸਿੰਘ ਰੈਹਸੀਂ, ਡਾ। ਰਾਜਵੰਤ ਕੌਰ ਮਾਨ, ਡਾ, ਮਹਿੰਦਰ ਸਿੰਘ ਹੱਲਣ, ਸ : ਤੇਜਾ ਸਿੰਘ ਪ੍ਰੇਮੀ, ਸਰਬਜੀਤ ਕੌਰ ਉੱਪਲ, ਬਚਨ ਸਿੰਘ ਗੁਰਮ, ਸ੍ਰੀ ਪ੍ਰਸ਼ੋਤਮ ਭਰਦਵਾਜ਼, ਸ੍ਰੀ ਰਾਮ ਸਰੂਪ ਸੈਣੀ, ਜਰਨੈਲ ਸਿੰਘ ਤੱਗੜ, ਸੁਖਮਿੰਦਰ ਸਿੰਘ ਤੂਰ ਅਤੇ ਮਨਜੀਤ ਸਿੰਘ ਬਰਾੜ ਨੇ ਹਿੱਸਾ ਲਿਆ। ਸੁਖਮਿੰਦਰ ਸਿੰਘ ਤੂਰ ਨੇ ਸੁਰਿੰਦਰ ਗੀਤ ਦਾ ਪਾਣੀ ਬਾਰੇ ਲਿਖਿਆ ਗੀਤ ਅਤੇ ਇੱਕ ਫਿਲਮੀ ਗੀਤ ਆਪਣੀ ਸੁਰੀਲੀ ਆਵਾਜ਼ ਵਿੱਚ ਸੁਣਾ ਕੇ ਵਾਹਵਾ ਖੱਟੀ। ਮਨਜੀਤ ਬਰਾੜ ਨੇ ਡਾ: ਦਵਿੰਦਰ ਸੈਫੀ ਦੀ ਬਹੁਤ ਹੀ ਮਸ਼ਹੂਰ ਰਚਨਾ ‘ਸ਼ੇਖ ਫ਼ਰੀਦ ਦੀ ਦਰਗਾਹ ਤੇ’ ਦਾ ਆਪਣੇ ਅੰਦਾਜ਼ ਵਿੱਚ ਗਾਇਨ ਕੀਤਾ।

ਜਦ ਖੱਟਣ ਕਾ ਵੇਲ ਸੀ ਅਸਾਂ ਕੁਝ ਨਾ ਖੱਟਿਆ,ਉਧੜ ਗਏ ਗਲੋਟੜੇ ਧਾਗਾ ਨਾ ਵੱਟਿਆ ਬੈਠਿਆਂ ਛੱਪੜ ਕੰਢੇ ਬੈਠਿਆਂ ਨੂੰ ਮੱਤ ਕੀ ਆਉਂਦੀ,ਜਿੰਦ ਨਿਮਾਣੀ ਕਿਸ ਤਰ੍ਹਾਂ ਸਰਵਰ ਵਿਚ ਨਹਾਉਂਦੀ। ਅੰਤ ਵਿੱਚ ਸੁਰਿੰਦਰ ਗੀਤ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਭਵਿੱਖ ਵਿੱਚ ਵੀ ਪੰਜਾਬੀ ਮਾਂ ਬੋਲੀ ਤੇ ਪੰਜਾਬੀ ਸਾਹਿਤ ਦੇ ਪਸਾਰ ਵਿੱਚ ਆਪਣਾ ਯੋਗਦਾਨ ਪਾਉਂਦੇ ਰਹਿਣਗੇ।

# ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਂਉਂਦਿਆਂ ਇੱਕਾ ਵਾਲਿਆਂ ਜਨਮਦਿਨ ਵਾਲਾ ਕੇਕ ਵੀ ਕੱਟਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ (ਇੱਕਾ)ਦੇ ਦਫ਼ਤਰ ਵਿੱਚ ਪਰਿਵਾਰ ਦਿਵਸ ਮਨਾਉਣ ਲਈ ਮਹੀਨਾਵਾਰ ਮੀਟਿੰਗ ਹੋਈ। ਔਰਤਾਂ ਸਮੇਤ 50 ਦੇ ਕਰੀਬ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਅਮਰੀਕ ਸਿੰਘ ਸਰੋਆ ਨੇ ਮੈਂਬਰਾਂ ਦਾ ਸੁਆਗਤ ਕੀਤਾ ਅਤੇ ਪਰਿਵਾਰ ਦਿਵਸ, ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦਾ ਜ਼ਿਕਰ ਕੀਤਾ।

ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਕੜਾਕੇ ਦੀ ਠੰਡ ਦੇ ਬਾਵਜੂਦ ਆਉਣ ਲਈ ਧੰਨਵਾਦ ਕੀਤਾ।

ਉਹਨਾਂ ਕਿਹਾ ਕਿ ਅੱਜ ਅਸੀਂ ਸਭ ਤੋਂ ਪਹਿਲਾਂ ਪਰਿਵਾਰ ਦਿਵਸ ਬਾਰੇ ਗੱਲ ਕਰਾਂਗੇ। ਜੇ ਅਸੀਂ ਇਸ ਨੂੰ ਦੇਖਦੇ ਹਾਂ ਅਸਲ ਵਿੱਚ ਜਦੋਂ ਪਰਿਵਾਰ ਦੇ ਮੈਂਬਰ ਇੱਕ ਦੂਜੇ ਨੂੰ ਮਿਲਦੇ ਹਨ, ਇਕੱਠੇ ਬੈਠਦੇ ਹਨ, ਚਾਹ, ਲੰਚ ਜਾਂ ਡਿਨਰ ਇਕੱਠੇ ਖਾਂਦੇ ਹਨ। ਤਾਂ ਇਹ ਹਰ ਦਿਨ ਇੱਕ ਪਰਿਵਾਰਕ ਦਿਨ ਹੋਣਾ ਚਾਹੀਦਾ ਹੈ। ਅਜਿਹੇ ਸਮੇਂ ਘਰ ਦੇ ਮਾਮਲਿਆਂ ਬਾਰੇ, ਤੁਹਾਡੀਆਂ ਸਮੁੱਚੀ ਰੋਜ਼ਾਨਾ ਦੀਆਂ ਗਤੀਵਿਧੀਆਂ , ਬੱਚਿਆਂ ਦੀ ਭਲਾਈ ਅਤੇ ਇੱਕ ਦੂਜੇ ਦੀਆਂ ਸਮੱਸਿਆਵਾਂ ਨੂੰ ਸਾਂਝਾ ਕਰੋ।"ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ" ਦਾ ਜ਼ਿਕਰ ਕੀਤਾ। ਜੇਕਰ ਅਸੀਂ ਆਪਣੀ ਭਾਸ਼ਾ ਦੀ ਗੱਲ ਕਰੀਏ ਤਾਂ ਪੰਜਾਬੀ ਦੁਨੀਆਂ ਵਿੱਚ 10ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਲਗਭਗ 122 ਮਿਲੀਅਨ ਲੋਕ ਪੰਜਾਬੀ ਮਾਂ ਬੋਲੀ ਵਜੋਂ ਬੋਲੋ। ਕੈਨੇਡਾ ਵਿੱਚ ਵੀ ਪੰਜਾਬੀਆਂ ਦੀ ਆਬਾਦੀ ਵੱਡਾ ਭਾਈਚਾਰਾ ਹੈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਕੈਨੇਡਾ ਦੀ ਪਾਰਲੀਮੈਂਟ ਵਿੱਚ ਤੀਸਰੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ।ਇਹ ਕੈਨੇਡਾ ਦੀ ਪਾਰਲੀਮੈਂਟ ਦੀ ਤੀਜੀ ਸਰਕਾਰੀ ਭਾਸ਼ਾ ਵੀ ਬਣ ਗਈ ਹੈ। ਸਾਨੂੰ ਆਪਣੀ ਮਾਂ ਬੋਲੀ ਦਾ ਸਤਿਕਾਰ ਅਤੇ ਪਿਆਰ ਕਰਨਾ ਚਾਹੀਦਾ ਹੈ ਅਤੇ ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਫਰਵਰੀ ਵਿੱਚ ਸਿਰਫ ਇੱਕ ਮੈਂਬਰ ਦਲਜੀਤ ਸਿੰਘ ਜੌਹਲ। ਦਾ ਜਨਮ ਦਿਨ ਮਨਾਇਆ ਗਿਆ।ਉਹ ਸੰਸਥਾਪਕ ਮੈਂਬਰ ਹਨ ਅਤੇ ਐਸੋਸੀਏਸ਼ਨ ਨੂੰ ਉੱਚਾ ਚੁੱਕਣ ਲਈ ਵੱਧ ਤੋਂ ਵੱਧ ਯੋਗਦਾਨ ਪਾਉਂਦੇ ਹਨ। ਕੇਕ ਕੱਟਣ ਦੀ ਰਸਮ ਉਪਰੰਤ ਉਸਦੀ ਚੰਗੀ ਸਿਹਤ ਅਤੇ ਖੁਸ਼ੀ ਲਈ ਸ਼ੁਭ ਕਾਮਨਾਵਾਂ ਪੇਸ਼ ਕੀਤੀਆਂ। ਸਮਾਜ ਸੇਵੀ ਲਲਿਤਾ ਸਿੰਘ,ਕੁਲਦੀਪ ਕੌਰ ਨੀਰ, ਜਰਨੈਲ ਤੱਗੜ, ਸਤਵਿੰਦਰ ਕੌਰ ਫਰਵਾਨ, ਕੇਸਰ ਸਿੰਘ ਨੀਰ, ਸੁਰਜੀਤ ਕੌਰ ਧੁੰਨਾ, ਚੰਦ ਸਿੰਘ ਸਦਿਉੜਾ, ਹਰਮਿੰਦਰ ਕੌਰ ਚੁੱਗ, ਹਰਚੰਦ ਸਿੰਘ, ਅਮਰਜੀਤ ਕੌਰ ਵਿਰਦੀ ਅਤੇ ਸੇਵਾ ਸਿੰਘ ਪ੍ਰੇਮੀ ਨੇ ਦਲਜੀਤ ਨੂੰ ਵਧਾਈ ਦਿੱਤੀ।

## ਦੁਹਾਈ

ਅਹੁ ਸਾਵੀ ਧਰਤੀ ਤੇ ਸੈਅ ਅੱਗਾਂ ਬਲ ਪਈਆਂ।
ਅਹੁ ਨੀਲੇ ਅੰਬਰਾਂ ਤੇ ਹੋ ਧੂੰਆਂਧਾਰ ਗਿਆ
ਚਹੁੰ ਪਾਸੀਂ ਖ਼ੂਨ ਦੀਆਂ ਨੇ ਨਦੀਆਂ ਚਲ ਪਈਆਂ।

ਘੁੱਗ ਵਸਦੇ ਸ਼ਹਿਰ ਗਰਾਂ ਹੋ ਬੀਆਬਾਨ ਗਏ।
ਹੁਣ ਸੁੰਨ-ਮਸੁੰਨੇ ਨੇ ਪੱਤਣ ਦਰਿਆਵਾਂ ਦੇ
ਜੋ ਜੰਗਲ ਬੇਲੇ ਸੀ ਉਹ ਬਣ ਸ਼ਮਸ਼ਾਨ ਗਏ।

ਇਹ ਰੌਲਾ-ਰੱਪਾ ਕੀ ਇਹ ਚੀਕ-ਚਿਹਾੜਾ ਕੀ 9
ਕੂਕਾਂ ਤੇ ਫ਼ਰਿਆਦਾਂ ਡਸਕੋਰੇ ਵਿਲਕਣੀਆਂ
ਹਉਕੇ ਤੇ ਵੈਣਾਂ ਦਾ ਦਿਲ-ਵਿੰਨ੍ਹਵਾਂ ਹਾੜਾ ਕੀ।

ਜੋ ਕੱਲ੍ਹ ਸੁਹਾਗਣੀਆਂ ਅੱਜ ਰੰਡੀਆਂ ਹੋ ਗਈਆਂ।
ਸੱਧਰਾਂ ਦੀਆਂ ਕਲੀਆਂ ਦੇ ਮੂੰਹ ਅਧ-ਖੁੱਲ੍ਹੇ ਰਹਿ ਗੇ
ਮਹਿਕਾਂ ਅਰਮਾਨ ਦੀਆਂ ਆਹਾਂ ਵਿਚ ਖੋ ਗਈਆਂ।

ਅਹੁ ਮਾਰ ਦੁਹੱਥੜਾਂ ਨੂੰ ਪਿੱਟ ਛਾਤੀ ਲਾਲ ਕਰੀ।
ਕੀ ਭਾਣਾ ਵਰਤ ਗਿਆ ਅੱਖਾਂ ਦੇ ਵੇਖਦਿਆਂ
ਮੋਏ ਟੋਟੇ ਜਿਗਰਾਂ ਦੇ ਹਾਲੋ-ਬੇਹਾਲ ਕਰੀ।

ਅਹੁ ਨਿਆਣੇ ਪੁਛਦੇ ਨੇ ਭੁਖ-ਨੰਗੇ ਵਿਲਕ ਰਹੇ।
‘ਬਾਪੂ ਕਦ ਆਏਗਾ ਸਾਨੂੰ ਕੀ ਲਿਆਏਗਾ’
ਪਰ ਮਾਂ ਦੇ ਨੈਣਾਂ ’ਚੋਂ ਹੰਝੂ ਨੇ ਤਿਲਕ ਰਹੇ।

ਜੋ ਮਰੀਅਮ ਨੇ ਜਾਈਆਂ ਤੇ ਕੰਜ ਕੁਆਰੜੀਆਂ।
ਦਹਿਸ਼ਤ ਨੇ ਨਿਗਲ ਲੀਆਂ ਅਸਮਤਾਂ ਗੁਆਚ ਗੀਆਂ
ਇਹ ਨਾਚ ਦਰਿੰਦਿਆਂ ਦਾ ਕੌਮਾਂ ਹਤਿਆਰੜੀਆਂ।

ਲੋਕੀ ਤਾਂ ਸਾਰੇ ਹੀ ਲੋਕਾਂ ਨੂੰ ਪਿਆਰੇ ਨੇ।
‘ਗੁਰਮਿਹਰ’ ਵਰਗੀਆਂ ਦੇ ‘ਮਨਦੀਪ’ ਜਿਹੇ ਬਾਬਲ
ਲੋਕਾਂ ਨੇ ਨਈਂ ਮਾਰੇ ਜੰਗਾਂ ਨੇ ਮਾਰੇ ਨੇ।

ਇਹ ਮਰਨਾ ਚਿੜੀਆਂ ਦਾ ਤੇ ਹਾਸ ਸ਼ਿਕਾਰੀ ਦਾ।
ਇਹ ਵਣਜ ਅੰਗਿਆਰਾਂ ਦਾ ਪੂਜੀ ਦੀਆਂ ਹਵਸਾਂ ਦਾ
ਇਹ ਘਾਣ ਮਨੁੱਖਤਾ ਦਾ ਨਾ ਹੋਰ ਸਹਾਰੀਦਾ।

ਸਹੁੰ ਰੱਤੇ ਸਾਲੂ ਦੀ ਧਰਤੀ ਦੇ ਜਾਇਆਂ ਨੂੰ।
ਤੇ ਸਹੁੰ ਮਾਂ-ਮਮਤਾ ਦੀ ਤੋਤਲਿਆਂ ਬੋਲਾਂ ਦੀ
ਕੋਈ ਕੱਢੋ ਵੇ ਧੂਹ ਕੇ ਅੱਗਾਂ ਝੁਲਸਾਇਆਂ ਨੂੰ।

ਬਹੁੜੀ ਦੁਹਾਈ ਵੇ ਕੋਈ ਭਾਈਵਾਲ ਬਣੋ।
ਬਾਂਹ ਐਟਮ ਚੁਕਦੀ ਨੂੰ ਤੇ ਅੱਗ ਵਰ੍ਹਾਉਂਦੀ ਨੂੰ
ਹਾੜਾ ਵੇ ਭੰਨ ਦਿਓ ਅਮਨਾਂ ਦੀ ਢਾਲ ਬਣੋ।

-ਜਗਦੇਵ ਸਿੱਧੂ

## ਕੋਈ ਜਿੱਤੇ ਕੋਈ ਹਾਰੇ।

ਕੋਈ ਜਿੱਤੇ ਕੋਈ ਹਾਰੇ।
ਅਸਾਡੇ ਹੱਕ ਨਾ ਮਾਰੇ।

ਚੜ੍ਹੇ ਬਸ ਹੁਣ ਨਵਾਂ ਸੂਰਜ
ਕਰੋ ਇਹ ਕਾਮਨਾ ਸਾਰੇ।

ਮੇਰਾ ਪੰਜਾਬ ਫ਼ਿਰ ਹੱਸੇ
ਕਰੋ ਅਰਦਾਸ ਇਹ ਪਿਆਰੇ।

ਖੁਸ਼ੀ ਵਿਚ ਵਹਿਣ ਹੁਣ ਹੰਝੂ
ਇਹ ਮਿੱਠੇ ਹੋਣ ਨਾ ਖਾਰੇ।

ਇਹ ਅੰਬਰ ਵੀ ਅਸਾਡਾ ਹੈ
ਅਸਾਂ ਦੇ ਹੀ ਨੇ ਇਹ ਤਾਰੇ।

ਜੇ ਕੋਈ ਸਾੜ ਪਾ ਤੁਰਿਆ
ਕਲੇਜਾ ਵਕ ?ਤ ਹੁਣ ਠਾਰੇ।

ਇਸਾਈ ਸਿੱਖ ਇਹ ਮੁਸਲਿਮ
ਤੇ ਹਿੰਦੂ ਨੇ ਭਰਾ ਚਾਰੇ।

ਇਹ ਖੁੰਢੇ ਕਰ ਦਿਓ ਰਲਕੇ
ਜੋ ਨਫ਼ਰਤ ਦੇ ਬਣੇ ਆਰੇ।

**ਹਰਦੀਪ ਬਿਰਦੀ**
9041600900

## ਸ਼ਬਦਾਂ ਦਾ ਤਾਣਾਂ ਪੇਟਾ

ਸ਼ਬਦਾਂ ਦਾ ਤਾਣਾਂ ਪੇਟਾ, ਵਾਕਾਂ ਵਾਲੀ ਬੁਣਤੀ
ਸ਼ਬਦਾਂ ਦਾ ਤਾਣਾ ਪੇਟਾ, ਵਾਕਾਂ ਵਾਲੀ ਬੁਣਤੀ ਪਾ
ਕਵਿਤਾ ਜਿਹਾ ਲੇਫ਼ ਕੋਈ ਬਣਾ ..

ਯੱਖ ਹੋਈਆਂ ਆਂਦਰਾਂ ਨੂੰ ਯਾਦਾਂ ਨਾਲ ਨਿੱਘ ਦੇਵੇ,
ਸੁੰਨ ਬੜੀ ਚੰਦਰੀ ਬਲਾ ..

ਟਾਹਣੀ ਉੱਤੇ ਆਲ੍ਹਣਾਂ ਸੀ ,ਰੁੱਖ ਸੀ ਜਹਾਨ ਮੇਰਾ,
ਬੜਾ ਸੁੱਖੀ ਸਾਰਾ ਪਰਿਵਾਰ ਸੀ।
ਆਉਣਗੇ ਤੁਫ਼ਾਨ ਭਾਰੀ,ਦਿਸਣ ਨਿਸ਼ਾਨ ਲੱਗੇ,
ਅੱਗ ਵਾਂਗੂੰ ਫੈਲਿਆ ਵਿਚਾਰ ਸੀ।

ਮਾਰ ਗਏ ਉਡਾਰੀ ਬੋਟ ਜਦੋਂ ਹੀ ਉਡਾਰ ਹੋਏ,
ਲੰਬੀਆਂ ਉਡਾਰੀਆਂ ਗਏ ਲਾ ..,,,।
ਯੱਖ ਹੋਈਆਂ ਆਂਦਰਾਂ ਨੂੰ ਯਾਦਾਂ ਨਾਲ ਨਿੱਘ ਦੇਵੇ,
ਸੁੰਨ ਬੜੀ ਚੰਦਰੀ ਬਲਾ॥।

ਚੰਦਰੇ ਹਾਲਾਤ ਬਣੇ ਨਾਲ ਖੇਡੇ ਹਾਣੀਆਂ ਨੇ,
ਗਲ਼ ਲਾ ਲਏ ਆਰਜ਼ੀ ਸਰੂਰ ਸੀ।
ਡੋਲੇ ਬਰਬਾਦੀ ਦੇਖ ,ਵਿੱਤੋਂ ਬਾਹਰ ਜਾਪੇ ਸਭ,
ਲੱਭਦੇ ਰਹੇ ਆਪਣਾ ਕਸੂਰ ਕੀ।

ਪੂੰਜੀ ਦੇ ਬਜ਼ਾਰ ਵਿੱਚ ,ਵਿਕੇ ਇਖ਼ਲਾਕ ਤੱਕ,
ਚੱਕੀਰਾਹੇ ਰਹੇ ਕੁਰਲਾ
ਯੱਖ ਹੋਈਆਂ ਆਂਦਰਾਂ ਨੂੰ ਯਾਦਾਂ ਨਾਲ ਨਿੱਘ ਦੇਵੇ,
ਸੁੰਨ ਬੜੀ ਚੰਦਰੀ ਬਲਾ॥।

ਟਾਹਲੀ ਉੱਤੇ ਲਟਕੇ ਨੂੰ ਲਾਹੁਣ ਸਾਰਾ ਪਿੰਡ ਬਹੁੜੇ,
ਲੁੱਟਦੇ ਨਾ ਸ਼ਾਹ ਨੂੰ ਕਿਹੇ ਹੋੜਿਆ
ਪਾਣੀਆਂ ਦੇ ਵਹਿਣ ਵਾਂਗੂੰ ਨਸਲਾਂ ਨੇ ਰੁੜ੍ਹੀ ਜਾਣਾ,
ਹੁਣ ਵੀ ਜੇ ਨੱਕੇ ਨੂੰ ਨਾ ਮੋੜਿਆ..,,

ਪੁੱਛੀਏ ਕਲਾਲਵਾਲੇ ਵਾਲੇ ਸੀਰੀ ਮੱਖਣ ਨੂੰ ,
ਪੁੱਤਾਂ ਬਿਨਾ ਕਿੱਦਾਂ ਨਿਰਬਾਹ
ਯੱਖ ਹੋਈਆਂ ਆਂਦਰਾਂ ਨੂੰ ਯਾਦਾਂ ਨਾਲ ਨਿੱਘ ਦੇਵੇ,
ਸੁੰਨ ਬੜੀ ਚੰਦਰੀ ਬਲਾ॥।

**ਗੁਰਦੀਪ ਕਲਾਲਵਾਲਾ**
510 584 7351

## ਜੰਗ ਦੇ ਰੰਗ

ਖ਼ੂਨ ਮੂੰਹਾਂ ਚੋਂ ਉੱਗਲੇ ਤੋਪਾਂ ਬੰਬਾਂ ਨੇ
ਸਦਾ ਤਬਾਹੀਆਂ ਦਿੱਤੀਆਂ ਖ਼ੂਨੀ ਜੰਗਾਂ ਨੇ
ਮਾਵਾਂ ਦੇ ਪੁੱਤ ਨਿਗਲੇ ਸਦਾ ਹੀ ਜੰਗਾਂ ਨੇ
****************************

ਬੱਚਾ ਰੋਵੇ ਮਰੀਓ ਮਾਂ ਦੀ ,ਛਾਤੀ ਘੁੱਟ ਘੁੱਟ ਕੇ
ਕਿਤੇ ਪੁੱਤ ਦੀ ਲਾਸ਼ ਤੇ ਰੋਵੇ,ਅੰਮੜੀ ਫੁੱਟ ਫੁੱਟ ਕੇ
ਦੇਖ ਕੇ ਮੰਜਰ ਧਾਹ ਮਾਰੀ ਏ ਕੰਧਾਂ ਨੇ
ਸਦਾ ਉਜਾੜੇ ਪਾਏ ਚੰਦਰੀਆਂ ਜੰਗਾਂ ਨੇ
***************************

ਪਿਆਰ ਮੁਹੱਬਤ ਵਿਚ ਲਹੂ ਦੇ ਰੁਲ ਗਏ ਨੇ
ਖੁਸ਼ੀਆਂ ਖੇੜੇ ਖੰਭ ਲਗਾ ਕੇ ਉੜ ਗਏ ਨੇ
ਅਮਨ ਦੀਆਂ ਵੀ ਉਲਝ ਗਈਆਂ ਅੱਜ ਤੰਦਾਂ ਨੇ
ਸਦਾ ਤਬਾਹੀਆਂ ਦਿੱਤੀਆਂ ,ਮਿੱਤਰੋ ਜੰਗਾਂ ਨੇ

ਲੀਡਰ ਚੰਦਰੇ fake ਡਰਾਮੇ ਕਰਦੇ ਆ
ਇਹ ਸ਼ਤਰੰਜਾਂ ਖੇਡਣ ਫੌਜੀ ਮਰਦੇ ਆ
ਭਾਈਆਂ ਦੇ ਨਾਲ ਭਾਈ ਲੜਾਤੇ ਵੰਡਾਂ ਨੇ
ਪੁੱਤ ਮਾਵਾਂ ਦੇ ਡੰਗੇ ,ਖ਼ੂਨੀ ਦੰਦਾਂ ਨੇ

ਡੂੰਘੇ ਜਖਮ ਲਗਾਤੇ ਮਿਤਰੋ ਜੰਗਾਂ ਨੇ
ਤੋਪਾਂ ਦੇ ਨਾਲ ਸ਼ਾਂਤ ਸੁਨੇਹੇ, ਘੱਲ ਨਹੀਂ ਹੁੰਦੇ
ਡਾਇਲਾਗ ਦੇ ਬਾਝੋਂ ਮਸਲੇ ,ਹੱਲ ਨਹੀਂ ਹੁੰਦੇ

ਡਾਨਸੀਵਾਲੀਆ ਮੁਲਕ ਰੋਲਤੇ ਕੰਗਾਂ ਨੇ
ਮੁਹੱਬਤਾਂ ਵਾਲੇ ਦੀਪ ਬੁਝਾਤੇ ਜੰਗਾਂ ਨੇ

**ਕੁਲਵੀਰ ਸਿੰਘ ਡਾਨਸੀਵਾਲ**
778 863 2472







# ਪੰਜਾਬੀ ਫ਼ਿਲਮ ਸੀਪ

ਅੰਗਰੇਜ ਸਿੰਘ ਵਿਰਦੀ
ਮੋ : 9464628857

ਹਾਲ ਹੀ ਵਿੱਚ ਓ.ਟੀ.ਟੀ ਪਲੇਟਫਾਰਮ ਚੌਪਾਲ ਤੇ ਇਕ ਫ਼ਿਲਮ ਰਿਲੀਜ਼ ਹੋਈ ਹੈ ਸੀਪ । ਤਾਸ਼ ਦੀ ਬਾਜੀ ਸੀਪ ਨੂੰ ਆਧਾਰ ਬਣਾ ਕੇ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਬਿਆਨ ਕਰਦੀ ਇਹ ਇਕ ਖ਼ੂਬਸੂਰਤ ਫ਼ਿਲਮ ਹੈ। ਰਾਜਨੀਤੀ ਪਿੰਡ ਦੀ ਸੁਖ ਸਾਂਤੀ ਅਤੇ ਭਾਈਚਾਰੇ ਨੂੰ ਕਿਵੇ ਖਤਮ ਕਰਦੀ ਉਸ ਬਾਰੇ ਇਸ ਫ਼ਿਲਮ ਵਿੱਚ ਵਧੀਆ ਢੰਗ ਨਾਲ





ਦਿਖਾਇਆ ਗਿਆ ਹੈ । ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾ ਨੂੰ ਬਿਆਨ ਕਰਦੀ ਇਹ ਇਕ ਐਸੀ ਫ਼ਿਲਮ ਹੈ ਜਿਸ ਵਿੱਚ ਪਿੰਡ ਦੇ ਨੌਜਵਾਨਾ ਦਾ ਨਸ਼ੇ ਦੀ ਦਲਦਲ ਵਿੱਚ ਫਸੇ ਹੋਣ ਜਹੀ ਪੰਜਾਬ ਦੀ ਸੱਭ ਤੋਂ ਵੱਡੀ ਸਮੱਸਿਆ ਨੂੰ ਵੀ ਬਿਆਨ ਕੀਤਾ ਗਿਆ ਹੈ।ਫਿਲਮ ਵਿੱਚ ਪਿੰਡ ਦੀ ਸਰਪੰਚੀ ਹਾਸਿਲ ਕਰਨ ਲਈ ਪਿੰਡ ਦੇ ਧਨਾਡ ਪਰਿਵਾਰ ਕਿਵੇ ਚਾਲਾਂ ਚਲਦੇ ਹਨ ਅਤੇ ਪਿੰਡ ਦਾ ਭਲਾ ਚਾਹੁਣ ਵਾਲੇ ਮੋਹਤਬਰ ਬੰਦੇ ਪਿੰਡ ਦੇ ਭਾਈਚਾਰੇ ਨੂੰ ਕਿਵੇ ਆਪਣੀਆਂ ਕੋਸ਼ਿਸ਼ਾ ਸਦਕਾ ਕਾਇਮ ਰੱਖਦੇ ਹਨ ਉਸ ਨੂੰ ਬਾਖੂਬੀ ਦਿਖਾਇਆ ਗਿਆ ਹੈ। ਇਸ ਫ਼ਿਲਮ ਰਾਹੀ ਫ਼ਿਲਮਕਾਰ ਨੇ ਪੰਜਾਬ ਦੇ ਲੋਕਾਂ ਨੂੰ ਇਕ ਚੰਗਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ।

ਫ਼ਿਲਮ ਫਾਰਮਰ ਸਟੂਡੀਓ ਦੇ ਬੈਨਰ ਹੇਠ ਬਣੀ ਫ਼ਿਲਮ ਸੀਪ ਦੀ ਕਹਾਣੀ ਲਿਖੀ ਹੈ ਗੁਰਪ੍ਰੀਤ ਗਿੱਲ ਅਤੇ ਜੀਤ ਜ਼ਹੂਰ ਨੇ ।ਫ਼ਿਲਮ ਨੂੰ ਡਾਇਰੈਕਟ ਵੀ ਗੁਰਪ੍ਰੀਤ ਗਿੱਲ ਅਤੇ ਜੀਤ ਜ਼ਹੂਰ ਨੇ ਹੀ ਕੀਤਾ ਹੈ।ਫ਼ਿਲਮ ਵਿੱਚ ਮੁੱਖ ਕਿਰਦਾਰ ਨਿਭਾਉਣ ਵਾਲੇ ਅਦਾਕਾਰਾ ਵਿੱਚ ਪ੍ਰਮੁੱਖ ਹਨ ਅਦਾਕਾਰ ਮਹਾਂਵੀਰ ਭੁੱਲਰ,ਸਰਦਾਰ ਸੋਹੀ,ਗੁਰਪ੍ਰੀਤ ਕੌਰ ਭੰਗੂ,ਸੋਨਪ੍ਰੀਤ ਜਵੰਦਾ, ਸਮੀਪ ਸਿੰਘ ਰਣੌਤ , ਨਗਿੰਦਰ ਗਾਖਲ, ਬਲਵਿੰਦਰ ਸਿੰਘ ਧਾਲੀਵਾਲ, ਹਰਪ੍ਰੀਤ ਬੈਂਸ, ਸ਼ਿਵਮ ਸ਼ਰਮਾ,ਗੁਰਿੰਦਰ ਮਕਨਾ ਅਤੇ ਸੰਜੀਵ ਅਤਰੀ।ਫ਼ਿਲਮ ਦਾ ਸੰਗੀਤ ਤਰੁਣ ਰਿਸ਼ੀ ਨੇ ਤਿਆਰ ਕੀਤਾ ਹੈ।

ਫ਼ਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਫ਼ਿਲਮ ਸ਼ੁਰੂ ਹੁੰਦੀ ਹੈ ਪੰਜਾਬ ਦੇ ਜਿਲ੍ਹਾ ਲੁਧਿਆਣੇ ਦੀ ਤਹਿਸੀਲ ਜਗਰਾਓ ਦੇ ਇਕ ਪਿੰਡ ਰਾਮਗੜ੍ਹ ਭੁੱਲਰ ਤੋਂ ਜਿਹੜਾ ਇਲਾਕੇ ਵਿੱਚ ਦੋ ਗੱਲਾਂ ਲਈ ਮਸ਼ਹੂਰ ਹੈ ਇਕ ਸਰਵਸੰਮਤੀ ਨਾਲ ਸਰਪੰਚ ਚੁਣਨ ਲਈ ਅਤੇ ਦੂਸਰਾ ਤਾਸ਼ ਦੀ ਬਾਜੀ ਸੀਪ ਖੇਡਣ ਲਈ।ਪਿੰਡ ਦੇ ਬਜ਼ੁਰਗ ਅਤੇ ਨੌਜਵਾਨ ਆਪਣੇ ਕੰਮ ਧੰਦਿਆ ਤੋਂ ਵਿਹਲੇ ਹੋ ਕੇ ਪਿੰਡ ਦੀ ਸੱਥ ਵਿੱਚ ਆ ਜੁੜ ਬੈਠਦੇ ਤੇ ਫਿਰ ਉਹਨਾਂ ਵਿੱਚ ਸ਼ੁਰੂ ਹੁੰਦੀ ਸੀਪ ਦੀ ਬਾਜੀ।ਇਸ ਤਰ੍ਹਾਂ ਨਾਲੇ ਉਹ ਅਪਣਾ ਮੰਨੋਰੰਜਨ ਵੀ ਕਰਦੇ ਤੇ ਨਾਲੇ ਆਪਸ ਵਿੱਚ ਭਾਈਚਾਰਕ ਸਾਂਝ ਵੀ ਬਣਾ ਕੇ ਰੱਖਦੇ। ਇਸ ਪਿੰਡ ਵਿੱਚ ਦੋ ਸਾਬਕਾ ਧਰਮੀ ਫੌਜੀ ਮਹਿੰਦਰ ਸਿੰਘ (ਅਦਾਕਾਰ ਸਰਦਾਰ ਸੋਹੀ) ਅਤੇ ਗਿੰਦਰ ਸਿੰਘ (ਅਦਾਕਾਰ ਮਹਾਵੀਰ ਭੁੱਲਰ)ਵੀ ਰਹਿੰਦੇ ਜਿੰਨ੍ਹਾਂ ਦੇ ਇਰਦ ਗਿਰਦ ਫ਼ਿਲਮ ਦੀ ਸਾਰੀ ਕਹਾਣੀ ਬੁਣੀ ਗਈ ਹੈ।ਦੋਵੇ ਬਚਪਨ ਦੇ ਪੱਕੇ ਯਾਰ ਇਕੱਠੇ ਖੇਡੇ,ਜਵਾਨ ਹੋਏ ਤੇ ਫਿਰ ਇਕੱਠੇ ਫੌਜ ਵਿੱਚ ਭਰਤੀ ਹੋਏ ,84 ਵੇਲੇ ਦਰਬਾਰ ਸਾਹਿਬ ਤੇ ਹਮਲੇ ਦੇ ਰੋਸ ਵਜੋ ਫ਼ੌਜ ਦੀ ਨੌਕਰੀ ਛੱਡਣ ਦਾ ਵੀ ਦੋਵਾਂ ਇਕੱਠਿਆਂ ਫੈਸਲਾ ਕੀਤਾ।ਪਿੰਡ ਆ ਕੇ ਆਪਣੇ ਖੇਤੀਬਾੜੀ ਦੇ ਕੰਮਾਂ ਵਿੱਚ ਰੁਝ ਜਾਣ ਦੇ ਬਾਵਜੂਦ ਦੋਵਾਂ ਦੋਸਤਾਂ ਨੇ ਪਿੰਡ ਦੀ ਭਲਾਈ ਲਈ ਹਮੇਸ਼ਾ ਅੱਗੇ ਲੱਗ ਕੇ ਕੰਮ ਕਰਨਾ ਨਾ ਛੱਡਿਆ।ਪਿੰਡ ਦਾ ਭਲਾ ਚਾਹੁਣ ਵਾਲੇ ਇਹਨਾਂ ਦੋਵੇ ਦੋਸਤਾਂ ਦੀ ਅਗਲੀ ਪੀੜੀ ਗਿੰਦਰ ਦਾ ਪੋਤਰਾ ਅਤੇ ਮਹਿੰਦਰ ਦਾ ਪੋਤਰਾ ਵੀ ਪੱਕੇ ਆੜੀ ਹੁੰਦੇ । ਆਪਣੀ ਪੱਕੀ ਦੋਸਤੀ ਦੇ ਲਈ ਇਲਾਕੇ 'ਚ ਮਸ਼ਹੂਰ ਇਹਨਾਂ ਦੋਵਾਂ ਦੀ ਜੋੜੀ ਤਾਸ਼ ਦੀ ਬਾਜੀ ਖੇਡਣ ਲਈ ਵੀ ਪਿੰਡ ਵਿੱਚ ਬਹੁਤ ਮਸ਼ਹੂਰ ਹੁੰਦੀ।ਇਲਾਕੇ 'ਚ ਸਭ ਜਾਣਦੇ ਕਿ ਦੋਵਾਂ ਦੋਸਤਾਂ ਗਿੰਦਰ ਅਤੇ ਮਹਿੰਦਰ ਦੀ ਜੋੜੀ ਨੂੰ ਪਿੰਡ ਵਿੱਚ ਮਸ਼ਹੂਰ ਸੀਪ ਦੀ ਬਾਜੀ ਵਿੱਚ ਹੁਣ ਤੱਕ ਕਦੇ ਵੀ ਕੋਈ ਨਹੀ ਹਰਾ ਸਕਿਆ।

ਫ਼ਿਲਮ ਵਿੱਚ ਦੋਵਾਂ ਦੋਸਤਾਂ ਦੀ ਕਹਾਣੀ ਦੇ ਨਾਲ ਨਾਲ ਇਕ ਨੌਜਵਾਨ ਕਬੱਡੀ ਖਿਡਾਰੀ ਛਿੰਦੀ (ਅਦਾਕਾਰ ਬਲਵਿੰਦਰ ਸਿੰਘ ਧਾਲੀਵਾਲ) ਦੀ ਕਹਾਣੀ ਵੀ ਦਿਖਾਈ ਗਈ ਜੋ ਮਾਪਿਆ ਦਾ ਇਕਲੌਤਾ ਪੁੱਤਰ ਹੈ ।ਜਿਸ ਦਾ ਫੌਜੀ ਬਾਪ ਕਾਰਗਿਲ ਜੰਗ ਵਿੱਚ ਦੁਸ਼ਮਣਾਂ ਨਾਲ ਲੋਹਾ ਲੈਦਿਆਂ ਸ਼ਹੀਦ ਹੋ ਗਿਆ ਸੀ ਤੇ ਹੁਣ ਉਹ ਆਪਣੀ ਮਾਂ ਦਾ ਇਕੱਲਾ ਸਹਾਰਾ ਹੈ । ਚੰਗਾ ਭਲਾ ਕਬੱਡੀ ਖੇਡਣ ਵਾਲਾ ਗਭਰੂ ਜਵਾਨ ਛਿੰਦੀ ਨਸ਼ਾ ਕਰਨ ਵਾਲੇ ਮੁੰਡਿਆ ਦੇ ਸੰਪਰਕ ਵਿੱਚ ਆ ਕੇ ਕਦੋਂ ਸਮੈਕ ਪੀਣ ਦਾ ਆਦੀ ਹੋ ਜਾਂਦਾ ਉਹ ਉਸ ਨੂੰ ਵੀ ਪਤਾ ਨਹੀ ਲਗਦਾ। ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਦੀ ਤਰ੍ਹਾਂ ਉਹ ਵੀ ਸਮੈਕ ਚਿੱਟਾ ਪੀਣ ਦਾ ਆਦੀ ਬਣ ਚੁੱਕਿਆ ਹੁੰਦਾ। ਆਪਣੀ ਮਾਂ ਦੀਆਂ ਉਮੀਦਾ, ਸਧਰਾਂ ਤੇ ਉਮੰਗਾ ਤੇ ਪਾਣੀ ਫੇਰਦਿਆਂ ਉਹ ਨਸ਼ੇ ਦੀ ਦਲਦਲ ਵਿੱਚ ਧਸਦਾ ਹੀ ਚਲਿਆ ਜਾ ਰਿਹਾ ਹੁੰਦਾ।ਛਿੰਦੀ ਦਾ ਦੋਸਤ (ਅਦਾਕਾਰ ਸ਼ਿਵਮ ਸ਼ਰਮਾਂ) ਉਸ ਨੂੰ ਨਸ਼ਾ ਕਰਨ ਤੋਂ ਰੋਕਦਾ ਰਹਿੰਦਾ ਪਰ ਉਸ ਨੂੰ ਨਸ਼ੇ ਦੀ ਐਸੀ ਲੱਤ ਲੱਗੀ ਹੁੰਦੀ ਕਿ ਉਹ ਚਾਹੁੰਦੇ ਹੋਏ ਵੀ ਇਸ ਨੂੰ ਛੱਡ ਨਹੀ ਪਾ ਰਿਹਾ ਹੁੰਦਾ।ਇਕ ਦਿਨ ਛਿੰਦੀ ਦਾ ਦੋਸਤ ਉਸ ਨੂੰ ਨਸ਼ਾ ਛਡਾਊ ਕੇਂਦਰ ਲੈ ਕੇ ਜਾਂਦਾ ਤਾਂ ਜੋ ਉਹ ਨਸ਼ਾ ਛੱਡ ਕੇ ਫਿਰ ਤੋਂ ਕਬੱਡੀ ਖੇਡਣ ਵੱਲ ਮੁੜ ਆਵੇ।ਪਹਿਲਾ ਤਾਂ ਦੋਵੇ ਦੋਸਤ ਡਰਦੇ ਕਿ ਕਿਤੇ ਨਸ਼ਾ ਛਡਾਊ ਕੇਂਦਰਾਂ ਦੇ ਨਾਂ ਤੇ ਚਲਦੇ ਐਸੇ ਠੱਗ ਕਿਸਮ ਦੇ ਲੋਕਾਂ ਵਿੱਚ ਨਾ ਫਸ ਜਾਣ ਜੋ ਨਸ਼ੇ ਦੇ ਆਦੀ ਨੌਜਵਾਨਾ ਨੂੰ ਨਸ਼ਾ ਛਡਾਉਣ ਦੇ ਨਾਂ ਤੇ ਨਾਲੇ ਤੇ ਲੁਟਦੇ ਨੇ ਤੇ ਨਾਲੇ ਉਹਨਾਂ ਤੇ ਅੰਨ੍ਹਾਂ ਤਸ਼ੱਦਦ ਵੀ ਕਰਦੇ ਨੇ ਪਰ ਫਿਰ ਹਿੰਮਤ ਕਰ ਕੇ ਛਿੰਦੀ ਦਾ ਦੋਸਤ ਉਸ ਨੂੰ ਨਸ਼ਾ ਛਡਾਊ ਕੇਂਦਰ ਛਡ ਈ ਆਉਂਦਾ।

ਓਧਰ ਪੰਜਾਬ ਸਰਕਾਰ ਪਿੰਡਾਂ ਦੇ ਸਰਪੰਚ ਚੁਣਨ ਲਈ ਚੋਣਾਂ




ਦਾ ਐਲਾਨ ਕਰ ਦਿੰਦੀ ਪਰ ਰਾਮਗੜ੍ਹ ਭੁੱਲਰ ਦੇ ਮੋਹਤਬਰ ਵਿਅਕਤੀ ਇਹ ਫੈਸਲਾ ਕਰਦੇ ਕਿ ਹਰ ਵਾਰ ਦੀ ਤਰ੍ਹਾਂ ਐਤਕੀ ਵੀ ਸਰਵਸੰਮਤੀ ਨਾਲ ਸਰਪੰਚ ਚੁਣ ਲਿਆ ਜਾਵੇ ਜਿਸ ਦਾ ਪਿੰਡ ਦਾ ਸਭ ਤੋਂ ਅਮੀਰ ਵਿਅਕਤੀ ਕਰਤਾਰ ਸਿੰਘ(ਅਦਾਕਾਰ ਨਗਿੰਦਰ ਗਾਖਲ) ਤੇ ਉਸ ਦਾ ਭਤੀਜਾ ਸ਼ਮਸ਼ੇਰ ਸਿੰਘ(ਅਦਾਕਾਰ ਸੋਨਪ੍ਰੀਤ ਜਵੰਦਾ) ਵਿਰੋਧ ਕਰਦੇ।ਕਰਤਾਰ ਸਿੰਘ ਦੀ ਚਿਰਾ ਤੋਂ ਇਹ ਖਾਹਿਸ਼ ਸੀ ਕਿ ਦੌਲਤ ਤਾਂ ਉਸ ਕੋਲ ਵਾਧੂ ਹੈ ਹੀ ਪਰ ਜੇ ਪਿੰਡ ਦੀ ਸਰਪੰਚੀ ਵੀ ਉਸ ਨੂੰ ਮਿਲ ਜਾਵੇ ਤਾਂ ਦੌਲਤ ਦੇ ਨਾਲ ਨਾਲ ਉੱਚਾ ਰੁਤਬਾ ਤੇ ਰਾਜਨੀਤਿਕ ਤਾਕਤ ਵੀ ਉਸ ਨੂੰ ਹਾਸਿਲ ਹੋ ਜਾਵੇਗੀ। ਉਹ ਚਾਹੰਦਾ ਹੈ ਕਿ ਪਿੰਡ ਵਿੱਚ ਚੋਣਾਂ ਕਰਵਾ ਕੇ ਹੀ ਸਰਪੰਚ ਚੁਣਿਆ ਜਾਵੇ ਪਰ ਪਿੰਡ ਦੀ ਪਰੇ ਇਸ ਨੂੰ ਮੰਨਣ ਲਈ ਤਿਆਰ ਨਹੀ ।ਉਹਨਾਂ ਦਾ ਇਹ ਤਰਕ ਹੁੰਦਾ ਕਿ ਇਲੈਕਸ਼ਨ ਨਾਲ ਇਕ ਤਾਂ ਉਹਨਾਂ ਦੇ ਪਿੰਡ ਦਾ ਭਾਈਚਾਰਾ ਖਰਾਬ ਹੋਵੇਗਾ,ਲੋਕਾਂ ਨੂੰ ਨਸ਼ਿਆਂ ਤੇ ਲਾਇਆ ਜਾਵੇਗਾ,ਝਗੜੇ ਵਧਣਗੇ ਅਤੇ ਲੋਕਾ ਵਿੱਚ ਦੁਸ਼ਮਣੀਆਂ ਪੈਦਾ ਹੋਣਗੀਆਂ ਤੇ ਨਾਲ ਹੀ ਉਹਨਾਂ ਦੇ ਪਿੰਡ ਦੀ ਜੋ ਪਹਿਚਾਣ ਬਣੀ ਸਰਵਸੰਮਤੀ ਵਾਲੀ ਉਹ ਵੀ ਖਤਮ ਹੋ ਜਾਵੇਗੀ। ਸੋ ਇਸ ਲਈ ਉਹ ਇਕ ਹੱਲ ਕੱਢਦੇ ਉਹ ਕਰਤਾਰ ਸਿੰਘ ਨੂੰ ਹੀ ਸਰਵਸੰਮਤੀ ਨਾਲ ਸਰਪੰਚ ਚੁਣ ਲੈਣ ਦਾ ਫੈਸਲਾ ਕਰਦੇ ਪਰ ਕਰਤਾਰ ਸਿੰਘ ਤੇ ਉਸ ਦੇ ਭਤੀਜੇ ਨੂੰ ਇਹ ਫੈਸਲਾ ਮੰਜੂਰ ਨਹੀ ਉਹ ਸਰਪੰਚੀ ਜਿੱਤ ਕੇ ਹਾਸਿਲ ਕਰਨਾ ਚਾਹੁੰਦੇ । ਪਰ ਪਿੰਡ ਦੇ ਸਿਆਣੇ ਬਜ਼ੁਰਗ ਚੋਣਾਂ ਕਰਵਾਉਣ ਦੇ ਹੱਕ ਵਿੱਚ ਨਹੀ ਹੁੰਦੇ ।ਫਿਰ ਸਾਰਿਆ ਦੀ ਮਰਜੀ ਨਾਲ ਇਕ ਅਨੋਖਾ ਹੱਲ ਲੱਭਿਆ ਜਾਂਦਾ ।ਕਿਉਂਕਿ ਪਿੰਡ ਸੀਪ ਦੀ ਬਾਜੀ ਤੇ ਸਰਵਸੰਮਤੀ ਦੇ ਸਰਪੰਚ ਲਈ ਮਸ਼ਹੂਰ ਹੈ ਤਾਂ ਕਿਉਂ ਨਾ ਇਕ ਨੂੰ ਚੁਣਨ ਲਈ ਦੂਜੇ ਦੀ ਵਰਤੋਂ ਕੀਤੀ ਜਾਵੇ। ਇਸ ਲਈ ਸਾਰਿਆ ਦੀ ਮਰਜੀ ਨਾਲ ਸੀਪ ਦੀ ਬਾਜੀ ਖੇਡਣ ਦਾ ਫੈਸਲਾ ਕੀਤਾ ਜਾਂਦਾ ਜੋ ਜਿੱਤ ਗਿਆ ਸਰਪੰਚੀ ਉਸ ਦੀ ਤੇ ਇਸ ਲਈ ਦਿਨ ਮਿੱਥ ਲਿਆ ਜਾਂਦਾ ।ਗਿੰਦਰ ਤੇ ਮਹਿੰਦਰ ਦੀ ਜੋੜੀ ਪਿੰਡ ਵੱਲੋਂ ਤੇ ਕਰਤਾਰ ਸਿੰਘ ਤੇ ਉਸ ਦੇ ਭਤੀਜੇ ਸ਼ਮਸ਼ੇਰ ਸਿੰਘ (ਸੋਨਪ੍ਰੀਤ ਜਵੰਦਾ) ਦੀ ਜੋੜੀ ਆਪਣੀ ਸਰਪੰਚੀ ਲਈ ਮੁਕਾਬਲੇ ਦੀਆਂ ਟੀਮਾਂ ਵਜੋ ਚੁਣੇ ਜਾਂਦੇ ਤੇ ਦੋਵਾਂ ਟੀਮਾਂ ਵਿੱਚ ਮਿਥੇ ਸਮੇਂ ਤੇ ਪਿੰਡ ਦੀ ਸੱਥ ਵਿੱਚ ਸੀਪ ਦੀ ਬਾਜੀ ਖੇਡਣ ਦਾ ਫੈਸਲਾ ਹੁੰਦਾ।ਬਾਜੀ ਜਿੱਤਨ ਲਈ ਕਰਤਾਰ ਸਿੰਘ ਤੇ ਉਸ ਦਾ ਭਤੀਜਾ ਪਿੰਡ ਦੇ ਲੋਕਾਂ ਨੂੰ ਕੀ ਲਾਲਚ ਦਿੰਦੇ ਤੇ ਕਿਵੇ ਉਹ ਲੋਕਾਂ ਨੂੰ ਵਰਗਲਾ ਕੇ ਉਹਨਾਂ ਤੋਂ ਗਲਤ ਕੰਮ ਕਰਵਾਉਂਦੇ ਅਤੇ ਹੋਰ ਕਿਹੜੇ ਯਤਨ ਉਹ ਕਰਦੇ । ਕੀ ਬਾਜੀ ਗਿੰਦਰ ਤੇ ਮਹਿੰਦਰ ਹੀ ਜਿਤਦੇ ਜਾਂ ਉਹ ਹਾਰ ਜਾਂਦੇ ਅਤੇ ਕੀ ਛਿੰਦੀ ਨਸ਼ਾ ਛੱਡ ਪਾਉਂਦਾ ਇਸ ਨੂੰ ਜਾਨਣ ਲਈ ਆਪ ਸਭ ਨੂੰ ਫ਼ਿਲਮ ਦੇਖਣੀ ਪਏਗੀ।

ਫ਼ਿਲਮ ਸੀਪ ਇਕ ਆਮ ਮਸਾਲਾ ਪੰਜਾਬੀ ਫ਼ਿਲਮਾਂ ਤੋਂ ਹੱਟ ਕੇ ਫ਼ਿਲਮ ਹੈ ਜਿਸ ਵਿੱਚ ਨਾ ਤਾ ਕਾਮੇਡੀ ਹੈ ਅਤੇ ਨਾ ਹੀ ਗੀਤ ਸੰਗੀਤ ।ਇਹ ਇਕ ਸਮਾਜਿਕ ਵਿਸ਼ੇ ਤੇ ਬਣੀ ਵਧੀਆ ਫ਼ਿਲਮ ਹੈ ਜਿਸ ਵਿੱਚ ਹਰ ਅਦਾਕਾਰ ਨੇ ਆਪਣੀ ਸੁਭਾਵਿਕ ਅਦਾਕਾਰੀ ਕੀਤੀ ਹੈ। ਦਿੱਗਜ ਅਦਾਕਾਰ ਸਰਦਾਰ ਸੋਹੀ ਅਤੇ ਮਹਾਂਵੀਰ ਭੁੱਲਰ ਨੇ ਇਸ ਫ਼ਿਲਮ ਵਿੱਚ ਆਪਣੇ ਕਿਰਦਾਰਾ ਨੂੰ ਬਾਖੂਬੀ ਨਿਭਾਇਆ ਖਾਸ ਕਰ ਮਹਿੰਦਰ ਸਿੰਘ ਦੇ ਪੋਤਰੇ ਰਣਜੋਤ ਦੇ ਕਿਰਦਾਰ ਵਿੱਚ ਬਾਲ ਕਲਾਕਾਰ ਸਮੀਪ ਸਿੰਘ ਰਣੌਤ ਨੇ ਬੇਹਤਰੀਨ ਅਦਾਕਾਰੀ ਕੀਤੀ ਹੈ।ਅਦਾਕਾਰ ਬਲਵਿੰਦਰ ਸਿੰਘ ਧਾਲੀਵਾਲ ਨੇ ਛਿੰਦੀ ਦੇ ਕਿਰਦਾਰ ਵਿੱਚ ਜ਼ਬਰਦਸਤ ਅਦਾਕਾਰੀ ਦਾ ਮੁਜ਼ਾਹਿਰਾ ਕੀਤਾ ਹੈ ।ਅਦਾਕਾਰਾ ਹਰਪ੍ਰੀਤ ਬੈਂਸ ਜਿਸ ਦੀ ਬਤੌਰ ਮੁੱਖ ਅਦਾਕਾਰਾ ਇਹ ਪਹਿਲੀ ਫ਼ਿਲਮ ਹੈ ਅਤੇ ਫ਼ਿਲਮ ਵਿੱਚ ਉਹ ਛਿੰਦੀ ਦੀ ਪ੍ਰੇਮਿਕਾ ਦੀ ਭੂਮਿਕਾ ਵਿੱਚ ਨਜ਼ਰ ਆਈ ਹੈ ਨੇ ਵੀ ਵਧੀਆ ਅਦਾਕਾਰੀ ਕੀਤੀ ਹੈ ।ਫ਼ਿਲਮ ਦੇ ਬਾਕੀ ਕਲਾਕਾਰਾਂ ਨੇ ਵੀ ਆਪਣੇ ਆਪਣੇ ਕਿਰਦਾਰ ਬਾਖੂਬੀ ਨਿਭਾਏ ਹਨ ।ਬੇਸ਼ਕ ਫ਼ਿਲਮ ਸੀਪ ਵਿੱਚ ਪੰਜਾਬ ਦੀਆਂ ਸਮੱਸਿਆਵਾਂ ਨੂੰ ਬੇਹਤਰੀਨ ਢੰਗ ਨਾਲ ਬਿਆਨ ਕੀਤਾ ਗਿਆ ਹੈ ਪਰ ਫ਼ਿਲਮ ਦੀ ਰਫ਼ਤਾਰ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਉਹ ਥੋੜੀ ਮੱਧਮ ਲੱਗਦੀ।ਫ਼ਿਲਮ ਵਿੱਚ ਘਟਨਾਵਾ ਤੇਜੀ ਨਾਲ ਨਹੀ ਵਾਪਰਦੀਆਂ ਅਤੇ ਨਾਲ ਹੀ ਫ਼ਿਲਮ ਦੇ ਕਲਾਈਮੈਕਸ ਨੂੰ ਹੋਰ ਵੀ ਰੌਚਕ ਬਣਇਆ ਜਾ ਸਕਦਾ ਸੀ।ਕੁੱਲ ਮਿਲਾ ਕੇ ਫ਼ਿਲਮ ਸੀਪ ਇਕ ਸਮਾਜਿਕ ਵਿਸ਼ੇ ਤੇ ਬਣੀ ਵਧੀਆ ਫ਼ਿਲਮ ਹੈ।

# ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਅਜ਼ੀਮ ਸ਼ੇਖਰ (ਯੂ.ਕੇ.) ਨਾਲ ਰੂਬਰੂ



ਮੋਗਾ (ਪੰਜਾਬੀ ਅਖ਼ਬਾਰ ਬਿਊਰੋ)- ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਰਹਿੰਦੇ ਪ੍ਰਸਿੱਧ ਸ਼ਾਇਰ ਅਜ਼ੀਮ ਸ਼ੇਖਰ ਨਾਲ ਮਹਿੰਦਰ ਸਾਥੀ ਯਾਦਗਾਰੀ ਮੰਚ ਵਲੋਂ ਕਰਵ ਇਮੀਗ੍ਰੇਸ਼ਨ ਮੋਗਾ ਵਿਖੇ ਰੂਬਰੂ ਕਰਵਾਇਆ ਗਿਆ। ਮੰਚ ਦੇ ਪ੍ਰਧਾਨ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਸ਼ੇਖਰ ਬਾਰੇ ਸੰਖੇਪ ਜਾਣਕਾਰੀ ਦਿੰਦਿਆ ਦੱਸਿਆ ਕਿ ਉਹ @ਸੁੱਕੀ ਨਦੀ ਦੀ ਰੇਤ@ @ਮੁੰਦਰਾਂ@ ਅਤੇ @ਹਵਾ ਨਾਲ ਖੁੱਲਦੇ ਬੂਹੇ@ ਨਾਂ ਦੇ ਤਿੰਨ ਗ਼ਜ਼ਲ ਸੰਗ੍ਰਿਹ ਪੰਜਾਬੀ ਸਾਹਿਤ ਜਗਤ ਨੂੰ ਦੇ ਚੁੱਕੇ ਹਨ। ਕੜਿਆਲਵੀ ਨੇ ਸਮਾਗਮ ਵਿੱਚ ਆਏ ਸਾਹਿਤਕਾਰਾਂ ਨੂੰ ਜੀ ਆਇਆ ਆਖਿਆ।

ਮੰਚ ਸੰਚਾਲਨ ਕਰ ਰਹੇ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਸ਼ੇਖਰ ਦੀ ਰਚਨਾਕਾਰੀ ਅੰਦਰਲੀ ਸੂਖਮਤਾ, ਸਹਿਜਤਾ ਅਤੇ ਸ਼ੰਵੇਦਨਸ਼ੀਲਤਾ ਦੀ ਗੱਲ ਕੀਤੀ। ਰਣਜੀਤ ਨੇ ਸ਼ੇਖਰ ਵਲੋਂ ਕਿਸਾਨੀ ਸੰਘਰਸ਼ ਦੌਰਾਨ ਨਿਭਾਈ ਜ਼ਿੰਮੇਵਾਰੀ ਦੀ ਭਰਪੂਰ ਸ਼ਲਾਘਾ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਸਿੱਧ ਸਾਹਿਤਕਾਰ ਸ੍ਰੀ ਕੇ ਐਲ ਗਰਗ ਨੇ ਅਜ਼ੀਮ ਸ਼ੇਖਰ ਨੂੰ ਲੋਕ ਮਨਾਂ ਵਿੱਚ ਵਸ ਜਾਣ ਵਾਲਾ ਸ਼ਾਇਰ ਆਖਦਿਆਂ ਉਸਦੀਆਂ ਰਚਨਾਵਾਂ ਵਿਚਲੇ ਲੋਕ ਪੱਖੀ ਮੁਹਾਵਰੇ ਦੀ ਪ੍ਰਸੰਸਾ ਕੀਤੀ।

ਮਹਿਮਾਨ ਸ਼ਾਇਰ ਅਜ਼ੀਮ ਸ਼ੇਖਰ ਨੇ ਆਪਣੇ ਜੀਵਨ ਸਫਰ ਬਾਰੇ ਦੱਸਿਆ ਕਿ ਉਸਦਾ ਪਰਿਵਾਰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸੀ। ਸਰਦਾਰ ਭਗਤ ਸਿੰਘ ਦੇ ਛੋਟੇ ਭਰਾ ਕੁਲਵੀਰ ਸਿੰਘ ਪਰਿਵਾਰ ਦੇ ਬਹੁਤ ਕਰੀਬੀ ਰਹੇ। ਪਰਿਵਾਰ ਵਿਚ ਪੜ੍ਹਨ ਲਿਖਣ ਦਾ ਮਾਹੌਲ ਸੀ ਜਿਸਨੇ ਉਸਨੂੰ ਸਾਹਿਤ ਨਾਲ ਜੋੜਿਆ। ਸ਼ੇਖਰ ਨੇ ਕਿਹਾ ਕਿ ਉਹ ਸਾਹਿਤ ਨੂੰ ਪ੍ਰਵਾਸੀ, ਆਵਾਸੀ, ਦਲਿਤ ਸਾਹਿਤ ਜਾਂ ਨਾਰੀਵਾਦੀ ਸਾਹਿਤ ਜਿਹੇ ਚੌਖਟਿਆਂ ਵਿਚ ਵੰਡਣ ਦਾ ਹਿਮਾਇਤੀ ਨਹੀਂ ਹੈ।

ਸ਼ਾਇਰ ਅਜ਼ੀਮ ਸ਼ੇਖਰ ਨੇ ਇਸ ਸਮੇ ਆਪਣੀ ਮਨਪਸੰਦ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਸਦੇ ਸ਼ੇਅਰਾਂ, ਦਿੰਦੈ ਜਨੂੰਨ ਕਿੱਦਾਂ ਆਕੜ ਨੂੰ ਮਾਤ ਵੇਖ। ਜੁਗਨੂੰ ਦੇ ਸ਼ੌਕ ਕਰਕੇ ਸਹਿਮੀ ਜੋ ਰਾਤ ਵੇਖ। ਚੇਹਰਾ ਤਾਂ ਵੇਖਦਾ ਹੈਂ ਸ਼ੀਸ਼ੇ 'ਚੋਂ ਅਪਣਾ ਰੋਜ਼, ਜੇਰਾ ਹੈ ਤਾਂ ਕਦੀ ਤੂੰ ਅਪਣੀ ਔਕਾਤ ਵੇਖ।@ ਨੇ ਸਰੋਤਿਆਂ ਨੂੰ ਹਲੂਣ ਦਿੱਤਾ।ਮਹਿੰਦਰ ਸਾਥੀ ਯਾਦਗਾਰੀ ਮੰਚ ਵਲੋਂ ਸ਼ੇਖਰ ਨੂੰ ਲੋਈ, ਮਾਣ ਪੱਤਰ ਅਤੇ ਪੁਸਤਕਾਂ ਦੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨੌਜਵਾਨ ਆਲੋਚਕ ਪ੍ਰੋ ਗੁਰਜੀਤ ਸਿੰਘ ਸੰਧੂ ਨੇ ਕਿਹਾ ਕਿ ਜਿਹੜੀ ਰਚਨਾ ਕੁੱਝ ਨਵਾਂ ਨਹੀਂ ਲੈ ਕੇ ਆਉਂਦੀ, ਉਸਦੀ ਕੋਈ ਸਾਰਥਿਕਤਾ ਨਹੀਂ ਹੁੰਦੀ। ਉਹ ਚਿਰ ਸਥਾਈ ਰਚਨਾ ਬਨਣ ਦੇ ਸਮਰੱਥ ਨਹੀਂ ਹੁੰਦੀ।

ਸਮਾਗਮ ਦੌਰਾਨ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਕਰਨਲ ਬਾਬੂ ਸਿੰਘ, ਸੁਰਜੀਤ ਸਿੰਘ ਕਾਉਂਕੇ, ਮੰਚ ਦੇ ਸਲਾਹਕਾਰ ਤੇ ÷ਰਾਜ ਕਰੇਂਦੇ ਰਾਜਿਆ÷ ਦੇ ਸਿਰਜਕ ਅਮਰ ਸੂਫੀ, ਪਰਮਜੀਤ ਚੂਹੜਚੱਕ, ਅਸ਼ੋਕ ਚੁਟਾਨੀ, ਹਰਵਿੰਦਰ ਸਿੰਘ ਬਿਲਾਸਪੁਰ, ਗੁਰਦੀਪ ਲੋਪੋ, ਚਰਨਜੀਤ ਸਿੰਘ ਸਮਾਲਸਰ, ਪ੍ਰੇਮ ਕੁਮਾਰ, ਰਾਜਵਿੰਦਰ ਰੌਂਤਾ, ਗੁਰਦੇਵ ਸਿੰਘ ਦਰਦੀ, ਅਮਰਜੀਤ ਸਨੇਰਵੀ, ਜਿਲਾ ਭਾਸ਼ਾ ਅਫਸਰ ਡਾ ਅਜੀਤਪਾਲ, ਨਰਿੰਦਰ ਰੂਹੀ, ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਦੇ ਸਕੱਤਰ ਧਾਮੀ ਗਿੱਲ, ਸਕੱਤਰ ਇਕਬਾਲ ਦੁੱਨੇਕੇ, ਵਿੱਤ ਸਕੱਤਰ ਗੁਰਪ੍ਰੀਤ ਧਰਮਕੋਟ, ਨਾਵਲਕਾਰ ਕ੍ਰਿਸ਼ਨ ਪ੍ਰਤਾਪ, ਅਵਤਾਰ ਕਮਾਲ, ਕਹਾਣੀਕਾਰ ਜਸਬੀਰ ਸਿੰਘ ਕਲਸੀ, ਗਿਆਨ ਸਿੰਘ ਰਿਟਾ ਡੀ ਪੀ ਆਰ ਓ, ਨਾਟਕਕਾਰ ਮੋਹੀ ਅਮਰਜੀਤ ਅਤੇ ਪ੍ਰਦੀਪ ਰੱਖੜਾ ਨੇ ਵੀ ਭਰਵੀਂ ਹਾਜ਼ਰੀ ਲਗਵਾਈ।

# ਉਡੀਕ

ਬਲਦੇਵ ਸਿੰਘ ਨੇ ਫੌਜ ਚੋ ਰਿਟਾਇਰਮੈਂਟ ਤੋਂ ਬਾਅਦ ਆਪਣਾ ਨਵਾਂ ਘਰ ਪਿੰਡ ਦੇ ਬਾਹਰ ਪਾ ਲਿਆ ਸੀ, ਪਰ ਹੁਣ ਉੱਥੇ ਹੌਲੀ-ਹੌਲੀ ਕਾਫ਼ੀ ਨਵੇਂ ਘਰ ਆ ਗਏ ਸਨ। ਜਿਨ੍ਹਾਂ ਵਿੱਚੋਂ ਜਿਆਦਾਤਰ ਮਜ਼ਦੂਰਾਂ ਦੇ ਘਰ ਸਨ।ਗੁਆਂਢੀ ਘਰ ਪਾਲੇ ਦੀ ਛੋਟੀ ਕੁੜੀ ਬਲਦੇਵ ਦੇ ਘਰ ਉਸਦੀ ਕੁੜੀ ਸੀਰਤ ਨਾਲ ਖੇਡਣ ਆ ਜਾਂਦੀ ਸੀ। ਸੀਰਤ ਦੀ ਮਾਂ ਪਾਲੇ ਦੀ ਕੁੜੀ ਅਮਨ ਨੂੰ ਖਾਣ-ਪੀਣ ਨੂੰ ਕੁਝ ਨਾ ਕੁਝ ਦੇ ਦਿੰਦੀ ਸੀ। ਕਦੇ-ਕਦੇ ਉਹ ਸੀਰਤ ਦੇ ਪੁਰਾਣੇ ਖਿਡੌਣੇ ਵੀ ਦੇ ਦਿੰਦੀ ਸੀ। ਜਿੰਨਾ ਨੂੰ ਲੈਕੇ ਉਹ ਬਹੁਤ ਖੁਸ਼ ਹੁੰਦੀ ਸੀ। ਕਈ -ਕਈ ਦਿਨ ਉਹ ਕਮਲੀ ਹੋਈ ਉਹਨਾਂ ਖਿਡੌਣਿਆਂ ਨਾਲ ਖੇਡਦੀ ਰਹਿੰਦੀ। ਆਪਣੀ ਮਾਂ ਨੂੰ ਦੱਸਦੀ ਰਹਿੰਦੀ ਇਹ ਖਿਡੌਣਾ ਇਸ ਤਰ੍ਹਾਂ ਚੱਲਦਾ, ਇੱਕ ਦਿਨ ਬਲਦੇਵ ਨੇ ਆਪਣੀ ਕੁੜੀ ਸੀਰਤ ਨੂੰ ਉਸਦੇ ਜਨਮਦਿਨ ਉੱਤੇ ਉਸਨੂੰ ਛੋਟੀ ਸਾਇਕਲ ਲੈਕੇ



ਦਿੱਤੀ।ਸੀਰਤ ਨੂੰ ਗਲੀ ਵਿੱਚ ਸਾਇਕਲ ਉੱਤੇ ਖੇਡਦੀ ਨੂੰ ਦੇਖਕੇ ਉਸਦੇ ਦਿਲ ਵਿੱਚ ਵੀ ਬਹੁਤ ਚਾਅ ਉੱਠਦੇ। ਆਪਣੀ ਮਾਂ ਕੋਲ ਜਾਕੇ ਉਸਨੇ ਨਵੀਂ ਸਾਇਕਲ ਲੈਕੇ ਦੇਣ ਨੂੰ ਕਿਹਾ ਪਰ ਘਰ ਦੀ ਮਾੜੀ ਹਾਲਤ ਕਰਕੇ ਉਸਨੇ ਜਵਾਬ ਦੇ ਦਿੱਤਾ। ਥੋੜੇ ਦਿਨਾਂ ਬਾਅਦ ਅਮਨ ਨੇ ਖੇਡਦੀ-ਖੇਡਦੀ ਨੇ ਸੀਰਤ ਦੀ ਮਾਂ ਨੂੰ ਕਿਹਾ ਕਿ ਉਸਨੂੰ ਇਹ ਸਾਇਕਲ ਕਦੋਂ ਮਿਲੂਗੀ ਤਾਂ ਸੀਰਤ ਦੀ ਮਾਂ ਨੇ ਕਿਹਾ ਜਦੋਂ ਇਹ ਪੁਰਾਣੀ ਹੋ ਗਈ ਤਾਂ ਪੁੱਤ ਤੂੰ ਰੱਖ ਲਈ, ਇਹ ਪੁਰਾਣੀ ਕਦੋਂ ਹੋਊ ਅਮਨ ਨੇ ਭੋਲੇਪਣ ਨਾਲ ਕਿਹਾ ੪-੫ ਸਾਲ ਤੱਕ ਸੀਰਤ ਦੀ ਮਾਂ ਨੇ ਕਿਹਾ। ਇਹ ਸਮਾਂ ਕਿੰਨਾ ਹੁੰਦਾ ਹੈ ਇਸ ਬਾਰੇ ਅਮਨ ਨੂੰ ਕੁਝ ਨਹੀਂ ਪਤਾ ਸੀ। ਅਮਨ ਖੁਸ਼ੀ ਵਿੱਚ ਪਾਗਲ ਹੋਈ ਚਾਰ-ਪੰਜ ਸਾਲ ਦੀ ਉਡੀਕ ਅਪਣੇ ਦਿਲ ਵਿੱਚ ਲੈਕੇ ਭੱਜਦੀ ਹੋਈ ਆਪਣੀ ਮਾਂ ਕੋਲ ਜਾ ਰਹੀ ਸੀ

ਲਾਰਸਨ ਧਾਲੀਵਾਲ
7808507007









# ਚੋਣਾਂ ਵਿੱਚ ਦਲ-ਬਦਲੀ ਭਾਰੂ ਪਰ ਲੋਕਾਂ ਦੇ ਮੁੱਦੇ ਗਾਇਬ

**20 ਫਰਵਰੀ 2022 ਨੂੰ ਪੰਜਾਬ ਵਿਧਾਨ ਸਭਾ ਦੀਆਂ ਵੋਟਾਂ ਤੋਂ ਬਾਅਦ ਲੀਡਰ ਗਏ ਪਹਾੜੀਆਂ ਤੇ ਅਤੇ ਵੋਟਰ ਗਏ ਦਿਹਾੜੀਆਂ ਤੇ ਤਾਂ ਸਾਡੇ ਸਾਹਮਣੇ ਕਈ ਗੰਭੀਰ ਪ੍ਰਸ਼ੰਨ ਉੱਭਰ ਕੇ ਸਾਹਮਣੇ ਆਏ ਹਨ, ਜਿਨ੍ਹਾਂ ਤੇ ਚੇਤੰਨ ਅਤੇ ਸੂਝਵਾਨ ਵਿਅਕਤੀ ਵਿਚਾਰ ਚਰਚਾ ਕਰਦੇ ਸੁਣੇ ਗਏ ਹਨ। ਲੋਕ ਇਸ ਪੱਖ ਤੋਂ ਗੰਭੀਰ ਹੋ ਕੇ ਸੋਚ ਰਹੇ ਹਨ ਕਿ ਪੰਜਾਬ ਦੇ ਕੁੱਲ਼ 2.14 ਕਰੋੜ ਵੋਟਰਾਂ ਵਿੱਚੋਂ 1.54 ਕਰੋੜ ਵੋਟਰਾਂ ਨੇ ਹੀ ਆਪਣੀ ਵੋਟ ਪਾਉਣ ਦੇ ਹੱਕ ਦੀ ਵਰਤੋਂ ਕੀਤੀ।**



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਪਾਕਿਸਤਾਨ ਫੌਜ਼ ਦੇ ਮੁਖੀ ਜਨਰਲ ਪ੍ਰਵੇਜ਼ ਮੁਸ਼ੱਰਫ ਨੇ ਨਵਾਜ਼ ਸ਼ਰੀਫ਼ ਨੂੰ ਗੱਦੀਉਂ ਲਾਹ ਕੇ ਪਾਕਿਸਤਾਨ ਦੇ ਰਾਸ਼ਟਰਪਤੀ ਵਜ਼ੋਂ ਕਮਾਨ ਸੰਭਾਲ ਲਈ ਸੀ। ਉਨ੍ਹਾਂ ਦਿਨਾਂ ਵਿੱਚ ਹੀ ਸਾਲ 2001 ਦੇ ਨੇੜੇ-ਤੇੜੇ ਭਾਰਤੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਆਈ.ਏ.ਐਸ. ਅਧਿਕਾਰੀਆਂ ਦੀ ਚੋਣ ਲਈ ਇੰਟਰਵੀਊ ਲਈ ਜਾ ਰਹੀ ਸੀ। ਇੱਕ ਉਮੀਦਵਾਰ ਤੋਂ ਕਮਿਸ਼ਨ ਦੇ ਮੈਂਬਰ ਨੇ ਸਵਾਲ ਪੁੱਛਿਆ, ਪਾਕਿਸਤਾਨ ਦਾ ਰਾਸ਼ਟਰਪਤੀ ਕੌਣ ਹੈ ? ਉਮੀਦਵਾਰ ਨੇ ਗੰਭੀਰ ਹੋ ਕੇ ਜਵਾਬ ਦਿੱਤਾ, ਸਰ, ਜਦੋਂ ਮੈਂ ਇੱਥੇ ਆਉਣ ਲਈ ਘਰੋਂ ਚੱਲਿਆ ਸੀ, ਉਸ ਵੇਲੇ ਪਾਕਿਸਤਾਨ ਦਾ ਰਾਸ਼ਟਰਪਤੀ ਜਨਰਲ ਪ੍ਰਵੇਜ਼ ਮੁਸ਼ੱਰਫ ਸੀ। ਘਰੋਂ ਇੱਥੇ ਤੱਕ ਆਉਂਦਿਆਂ ਘੰਟੇ ਕੁ ਦੇ ਸਫ਼ਰ ਵਿੱਚ ਕੋਈ ਹੋਰ ਰਾਜ ਪਲਟਾ ਹੋ ਗਿਆ ਹੋਵੇ ਤਾਂ ਮੈਨੂੰ ਪਤਾ ਨਹੀਂ। ਉਹਦਾ ਜਵਾਬ ਹੂ-ਬ-ਹੂ ਭਾਰਤ ਦੇ ਸਿਆਸਤਦਾਨਾਂ ਤੇ ਢੁੱਕਦਾ ਹੈ। ਸ਼ਾਮ ਨੂੰ ਆਗੂ ਆਪਣੀ ਮਾਂ ਪਾਰਟੀ ਦੀ ਪ੍ਰਸ਼ੰਸ਼ਾ ਕਰਦਾ ਨਹੀਂ ਥੱਕਦਾ । ਉਹਦੇ ਰੱਜ ਕੇ ਸੋਹਲੇ ਗਾਉਂਦਿਆਂ ਪਾਰਟੀ ਵੱਲੋਂ ਦੇਸ਼ ਦੇ ਕੀਤੇ 'ਵਿਕਾਸ' ਦਾ ਵੱਧ-ਚੜ੍ਹ ਕੇ ਜ਼ਿਕਰ ਕਰਦਾ ਹੈ। ਪਰ ਸਵੇਰ ਹੁੰਦਿਆਂ ਹੀ ਪਤਾ ਲੱਗਦਾ ਹੈ ਕਿ ਉਹ ਆਪਣੀ ਮਾਂ ਪਾਰਟੀ ਨੂੰ ਅਵਾ-ਤਵਾ ਬੋਲਦਿਆਂ ਦੂਜੀ ਪਾਰਟੀ ਵਿੱਚ ਚਲਾ ਗਿਆ ਹੈ ਅਤੇ ਹੁਣ ਨਵੀਂ ਪਾਰਟੀ ਨੂੰ ਲੋਕ ਤੰਤਰ ਦੀ ਅਸਲੀ ਸ਼ਬਦਾਂ ਵਿੱਚ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਵਾਲੀ ਅਤੇ ਕਿਰਤੀ ਵਰਗ ਦੇ ਹਿੱਤਾਂ ਤੇ ਡੱਟ ਕੇ ਪਹਿਰਾ ਦੇਣ ਵਾਲੀ ਪਾਰਟੀ ਕਹਿੰਦਿਆਂ ਆਪਣੀ ਦੇਸ਼ ਭਗਤੀ ਦਾ ਪ੍ਰਮਾਣ ਦਿੰਦਾ ਹੈ। ਦਰਅਸਲ ਅਜਿਹੇ 'ਦੇਸ਼ ਭਗਤਾਂ' ਨੇ ਹੀ ਭਾਰਤੀ ਲੋਕਤੰਤਰ ਨੂੰ ਰੋਲਣ ਦੇ ਨਾਲ ਨਾਲ ਨੈਤਿਕ ਕਦਰਾਂ ਕੀਮਤਾਂ ਦਾ ਬੁਰੀ ਤਰ੍ਹਾਂ ਘਾਣ ਕੀਤਾ ਹੈ। ਅਜਿਹੇ ਆਗੂਆਂ ਨੂੰ 'ਨੇਤਾ ਜੀ' ਕਹਿ ਕੇ ਸੰਬੋਧਨ ਕਰਨਾ ਇੰਜ ਹੈ ਜਿਵੇਂ ਗਿੱਦੜ ਨੂੰ ਜੰਗਲ ਦਾ ਰਾਜਾ ਕਿਹਾ ਜਾਵੇ। ਸਿਆਸੀ ਲੋਕਾਂ ਨੇ ਰਾਜਧਰਮ, ਨੈਤਿਕਤਾ, ਰਿਸ਼ਤੇ, ਵਫ਼ਾ, ਸ਼ਰਾਫ਼ਤ, ਜ਼ੁਬਾਨ ਦੀ ਪਾਕੀਜ਼ਗੀ, ਸਭ -ਕੁਝ ਨੂੰ ਛਿੱਕੇ ਟੰਗ ਕੇ ਸਿਰਫ਼ ਤੇ ਸਿਰਫ਼ ਸਤਾ, ਪੈਸਾ ਅਤੇ ਬਾਹੂਬਲ ਨੂੰ ਹੀ ਤਰਜ਼ੀਹ ਦਿੱਤੀ ਹੈ। ਇੰਜ ਬਹੁਤ ਸਾਰੇ ਸਿਆਸੀ ਆਗੂਆਂ ਨੇ ਜ਼ਮੀਰ, ਸਿਧਾਂਤ ਅਤੇ ਕਾਨੂੰਨ ਨੂੰ ਕੁਆਰਟਾਈਨ ਕਰਕੇ ਰੱਖਿਆ ਹੈ।

ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਤਾਧਾਰੀ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ, ਭਾਜਪਾ ਦੀ ਅਗਵਾਈ ਵਾਲੇ ਪੰਜਾਬ ਲੋਕ ਕਾਂਗਰਸ ਅਤੇ ਅਕਾਲੀ ਦਲ (ਸੰਯੁਕਤ) ਦਾ ਗੱਠਜੋੜ, ਕਿਸਾਨ ਅੰਦੋਲਨ ਦੀ ਜੁਝਾਰੂ ਇੱਕ ਧਿਰ ਸੰਯੁਕਤ ਸਮਾਜ ਮੋਰਚਾ ਅਤੇ ਲੋਕ ਇਨਸਾਫ ਪਾਰਟੀ ਚੋਣ ਮੈਦਾਨ ਵਿੱਚ ਸਨ। 20 ਫਰਵਰੀ 2022 ਦੇ ਚੋਣਾਂ ਵਾਲੇ ਦਿਨ ਤੋਂ ਕੁਝ ਦਿਨ ਪਹਿਲਾਂ ਉਹ ਆਗੂਆਂ ਨੇ ਜਿਨ੍ਹਾਂ ਨੂੰ ਤੌਖਲਾ ਸੀ ਕਿ ਮਾਂ ਪਾਰਟੀ ਦੇ ਟਿਕਟ ਤੋਂ ਉਹ ਵਾਂਝੇ ਰਹਿਣਗੇ, ਇਹ ਤੌਖਲਾ ਕਿ ਜਿਸ ਪਾਰਟੀ ਨਾਲ ਉਹ ਸੰਬਧਤ ਹਨ, ਉਸ ਦੀ ਸਰਕਾਰ ਬਨਣ ਦੀ ਸਥਿਤੀ ਨਹੀਂ ਅਤੇ ਉਹ ਮਲਾਈ ਵਾਲੇ ਅਹੁਦੇ ਤੋਂ ਵਾਂਝੇ ਰਹਿਣਗੇ। ਜਾਂ ਫਿਰ ਈ.ਡੀ. ਦੇ ਛਾਪਿਆਂ ਦੇ ਡਰ ਤੋਂ ਉਨ੍ਹਾਂ ਨੇ ਕੇਂਦਰ ਸਰਕਾਰ ਵਿੱਚ ਸਤਾ ਵਾਲੀ ਪਾਰਟੀ ਦਾ ਪੱਲਾ ਫੜਨਾ ਯੋਗ ਸਮਝਿਆ। ਇੰਜ ਵੱਡੀ ਪੱਧਰ ਤੇ ਪਾਰਟੀ ਬਦਲਣ ਦੀ ਛੜੱਪੇਬਾਜ਼ੀ ਚੱਲਦੀ ਰਹੀ। ਭਾਜਪਾ ਦੇ ਡੱਬਲ ਇੰਜਨ ਵਾਲੀ ਸਰਕਾਰ ਦੇ ਪਾਏ ਰੌਲੇ ਦਾ ਵੀ ਕਈ ਦਲ ਬਦਲੂਆਂ ਤੇ ਅਸਰ ਪਿਆ। ਕਾਂਗਰਸ ਪਾਰਟੀ ਵਿੱਚ ਬਹੁਤ ਸਾਰੇ ਦਾਗੀ ਆਗੂਆਂ ਨੂੰ ਵੀ ਇਸ ਡਰੋਂ ਟਿਕਟ ਦਿੱਤੀ ਗਈ ਕਿ ਉਹ ਕਿਤੇ ਬਾਗ਼ੀ ਹੋਕੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਜਾਂ ਕਿਸੇ ਹੋਰ ਪਾਰਟੀ ਵਿੱਚ ਨਾ ਚਲੇ ਜਾਣ। ਪੰਜ ਦਰਜਨ ਤੋਂ ਜਿਆਦਾ ਰਾਜਸੀ ਆਗੂ ਹਵਾ ਦਾ ਰੁੱਖ ਵੇਖਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਟਿਕਟ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ। ਟਿਕਟ ਪ੍ਰਾਪਤ ਕਰਨ ਲਈ ਕਰੋੜਾਂ ਰੁਪਏ 'ਪਾਰਟੀ ਫੰਡ' ਵਜੋਂ ਦੇਣ ਦੇ ਕਿੱਸੇ ਵੀ ਸੁਣੇ ਗਏ। ਚੋਣਾਂ ਦੇ ਇਸ ਰਾਮ ਰੌਲੇ ਅਤੇ ਹਫ਼ੜਾ-ਤਫ਼ੜੀ ਵਿੱਚ ਸਿਆਸੀ ਆਗੂਆਂ ਦੀ ਸਥਿਤੀ ਇਸ ਤਰ੍ਹਾਂ ਦੀ ਬਣੀ ਰਹੀ : ਕੁੱਛ ਐਸੇ ਬਦ ਹਵਾਸ਼ ਹੂਏ ਆਂਧੀਓ ਸੇ ਲੋਗ,
ਜੋ ਪੇੜ ਖੋਖਲੇ ਥੇ ਉਨਹੀ ਸੇ ਲਿਪਟ ਗਏ।

ਹੁਣ ਜਦੋਂ 20 ਫਰਵਰੀ 2022 ਨੂੰ ਪੰਜਾਬ ਵਿਧਾਨ ਸਭਾ ਦੀਆਂ ਵੋਟਾਂ ਤੋਂ ਬਾਅਦ ਲੀਡਰ ਗਏ ਪਹਾੜੀਆਂ ਤੇ ਅਤੇ ਵੋਟਰ ਗਏ ਦਿਹਾੜੀਆਂ ਤੇ ਤਾਂ ਸਾਡੇ ਸਾਹਮਣੇ ਕਈ ਗੰਭੀਰ ਪ੍ਰਸ਼ੰਨ ਉੱਭਰ ਕੇ ਸਾਹਮਣੇ ਆਏ ਹਨ, ਜਿਨ੍ਹਾਂ ਤੇ ਚੇਤੰਨ ਅਤੇ ਸੂਝਵਾਨ ਵਿਅਕਤੀ ਵਿਚਾਰ ਚਰਚਾ ਕਰਦੇ ਸੁਣੇ ਗਏ ਹਨ। ਲੋਕ ਇਸ ਪੱਖ ਤੋਂ ਗੰਭੀਰ ਹੋ ਕੇ ਸੋਚ ਰਹੇ ਹਨ ਕਿ ਪੰਜਾਬ ਦੇ ਕੁੱਲ਼ 2.14 ਕਰੋੜ ਵੋਟਰਾਂ ਵਿੱਚੋਂ 1.54 ਕਰੋੜ ਵੋਟਰਾਂ ਨੇ ਹੀ ਆਪਣੀ ਵੋਟ ਪਾਉਣ ਦੇ ਹੱਕ ਦੀ ਵਰਤੋਂ ਕੀਤੀ। ਅੰਦਾਜ਼ਨ 71 ਫੀਸਦੀ ਵੋਟਰ ਪੋਲਿੰਗ ਬੂਥਾਂ ਤੱਕ ਪਹੁੰਚੇ ਪਰ 29 ਫੀਸਦੀ ਵੋਟਰਾਂ ਨੇ ਸਰਕਾਰ ਬਨਾਉਣ ਦੀ ਭਾਗੀਦਾਰੀ ਤੋਂ ਕਿਨਾਰਾਕਸ਼ੀ ਕਰਨ ਨੂੰ ਤਰਜ਼ੀਹ ਦਿੱਤੀ। ਇਨ੍ਹਾਂ ਵਿੱਚੋਂ ਕੁਝ ਵਿਦੇਸ਼ਾਂ ਵਿੱਚ ਗਏ ਵੋਟਰ ਵੀ ਹੋ ਸਕਦੇ ਹਨ। ਪਰ ਫਿਰ ਵੀ ਵੱਡੇ ਵਰਗ ਦੀ ਲੋਕਤੰਤਰ ਦੇ ਵੋਟ ਕੁੰਭ ਤੋਂ ਬੇਰੁਖ਼ੀ ਗੰਭੀਰ ਚਿੰਤਾ ਦਾ ਵਿਸ਼ਾ ਹੈ।



ਭਾਰਤੀ ਸਵਿਧਾਨ ਵਿੱਚ ਔਰਤ ਨੂੰ ਬਰਾਬਰ ਦਾ ਅਧਿਕਾਰ ਦਿੱਤਾ ਗਿਆ ਹੈ ਪਰ ਵੱਖ ਵੱਖ ਪਾਰਟੀਆਂ ਨਾਲ ਸੰਬਧਤ ਚੋਣ ਲੜਨ ਵਾਲੇ 1304 ਉਮੀਦਵਾਰਾਂ ਵਿੱਚੋ ਸਿਰਫ਼ 98 ਔਰਤਾਂ ਦਾ ਹੀ ਚੋਣ ਲੜਨਾ ਜ਼ਮਹੂਰੀਅਤ ਦੀ ਮਜ਼ਬੂਤੀ ਲਈ ਸੁੱਭ ਸੰਕੇਤ ਨਹੀਂ ਹੈ। ਜਦੋਂ ਕਿ 81.33 ਲੱਖ ਮਰਦਾਂ ਦੇ ਮੁਕਾਬਲੇ 73.55 ਲੱਖ ਔਰਤਾਂ ਦੀ ਵੋਟ ਪਾਉਣ ਵਿੱਚ ਹਿੱਸੇਦਾਰੀ ਸ਼ੁੱਭ ਸੰਕੇਤ ਮੰਨਿਆ ਗਿਆ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਚੋਣ ਲੜਨ ਵਾਲੇ 1304 ਉਮੀਦਵਾਰਾਂ ਵਿੱਚੋਂ 315 ਉਮੀਦਵਾਰ ਦਾਗੀ ਹਨ, ਜਿਹੜੇ ਵੱਖ ਵੱਖ ਫੌਜਦਾਰੀ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ। 15 ਉਮੀਦਵਾਰਾਂ ਤੇ ਔਰਤਾਂ ਵੱਲੋਂ ਅਪਰਾਧਿਕ ਮਾਮਲੇ ਦਰਜ ਕਰਵਾਏ ਗਏ ਹਨ। 2 ਉਮੀਦਵਾਰਾਂ ਤੇ ਜ਼ਬਰ ਜਨਾਹ ਦੇ ਕੇਸ, 4 ਉਮੀਦਵਾਰਾਂ ਤੇ ਕਤਲ ਦੇ ਕੇਸ ਅਤੇ 33 ਉਮੀਦਵਾਰਾਂ ਤੇ ਇਰਾਦਾ ਕਤਲ ਦੇ ਕੇਸ ਦਰਜ ਹਨ। ਅਜਿਹੇ ਉਮੀਦਵਾਰ ਵੀ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤਣ ਲਈ ਯਤਨਸ਼ੀਲ ਰਹੇ ਹਨ।

ਵੱਖ ਵੱਖ ਸਿਆਸੀ ਪਾਰਟੀਆਂ ਨੇ ਚੋਣ ਮੈਨੀਫੈਸਟੋ ਰਾਹੀਂ ਜਾਂ ਆਪਣੇ ਭਾਸ਼ਣਾਂ ਵਿੱਚ ਦਿੱਤੀਆਂ ਗਰੰਟੀਆਂ ਰਾਹੀਂ ਲੋਕ ਲੁਭਾਊ ਵਾਅਦੇ ਅਤੇ ਲਾਅਰਿਆਂ ਦੀ ਵਰਖਾ ਤਾਂ ਕੀਤੀ ਹੈ ਪਰ ਪੰਜਾਬੀਆਂ ਦੇ ਅਸਲ ਮੁੱਦੇ ਜਿਨ੍ਹਾਂ ਵਿੱਚ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ, ਕਿਰਸਾਨੀ ਸੰਕਟ, ਗਰੀਬੀ, ਨੌਜਵਾਨਾਂ ਦੇ ਵੱਡੇ ਵਰਗ ਵੱਲੋਂ ਬਹੁ ਪੱਖੀ ਅਤੇ ਬਹੁ ਪਰਤੀ ਸੰਕਟ ਤੋਂ ਤੰਗ ਆ ਕੇ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ, ਉਦਯੋਗਿਕ ਸੰਕਟ, ਸਿਖਿਆ ਵਿੱਚ ਨਿਘਾਰ, ਸਿਹਤ ਸੇਵਾਵਾਂ ਦੀ ਮੰਦਹਾਲੀ ਜਿਹੇ ਗੰਭੀਰ ਮੁੱਦਿਆਂ ਨੂੰ ਛੁਹਿਆ ਤੱਕ ਨਹੀਂ। ਹਾਂ, ਵਿਦੇਸ਼ ਜਾਣ ਲਈ ਬਿਨਾਂ ਵਿਆਜ਼ ਤੋਂ ਕਰਜ਼ਾ, ਆਈਲੈਟਸ ਕਰਨ ਲਈ ਮੁਫ਼ਤ ਕੋਚਿੰਗ, ਬਿਜਲੀ ਦਰਾਂ ਦੇ ਰੇਟਾਂ ਵਿੱਚ ਕਟੌਤੀ, ਔਰਤਾਂ ਲਈ ਮਹੀਨਾਵਾਰ ਪੈਨਸ਼ਨ, ਵਿਦਿਆਰਥਣਾਂ ਲਈ ਵਜੀਫਾ, ਸਿਲੰਡਰ, ਸਕੂਟਰ ਆਦਿ ਲਾਲੀਪੋਪ ਦੇ ਕੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਵੱਖ ਵੱਖ ਪਾਰਟੀਆਂ ਨੇ ਕੋਈ ਕਸਰ ਨਹੀਂ ਛੱਡੀ। ਜਾਂ ਫਿਰ ਇੱਕ ਦੂਜੇ ਤੇ ਘਟੀਆ ਪੱਧਰ ਦੀ ਦੂਸ਼ਣਬਾਜੀ, ਸਭਿਅਤਾਹੀਨ ਸ਼ਬਦਾਂ ਦੀ ਵਾਛੜ ਦੇ ਨਾਲ ਨਾਲ ਪੰਜਾਬ ਦੇ 'ਵਾਰਿਸ' ਬਨਣ ਦੇ ਦਾਅਵੇ ਹਰ ਪਾਰਟੀ ਨੇ ਹੀ ਕੀਤੇ। ਪਰ ਲੋਕ ਸਿਆਸੀ ਪਾਰਟੀਆਂ ਦੇ ਅਜਿਹੇ ਦਾਅਵੇ ਪਿਛਲੇ 75 ਸਾਲਾਂ ਤੋਂ ਸੁਣ ਸੁਣ ਕੇ ਅੱਕ ਗਏ ਹਨ ਅਤੇ ਮਰਹੂਮ ਸ਼ਾਇਰ ਪਾਸ਼ ਦੇ ਇਹ ਬੋਲ ਉਨ੍ਹਾਂ ਦੇ ਅੰਗ ਸੰਗ ਹਨ : ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ।
ਜੋ ਸਭ ਕੁਝ ਵੇਖਦਿਆਂ ਵੀ ਠੰਡੀ ਯਖ ਹੁੰਦੀ ਹੈ।

ਸਮੇਂ ਨੇ ਕਰਵਟ ਲਈ ਹੈ। ਲੋਕ ਚੇਤੰਨ ਅਤੇ ਸੂਝਵਾਨ ਹੋ ਗਏ ਹਨ। ਵੋਟਾਂ ਮੰਗਣ ਆਏ ਉਮੀਦਵਾਰਾਂ ਤੋਂ ਲੋਕਾਂ ਨੇ ਭਰਵੇਂ ਇਕੱਠ ਵਿੱਚ ਇਸ ਤਰ੍ਹਾਂ ਦੇ ਭਖਦੇ ਸਵਾਲ ਪੁੱਛੇ ਹਨ :

ਪਿਛਲੇ ਅੰਦਾਜ਼ਨ 75 ਸਾਲਾਂ ਵਿੱਚ ਲੋਕਾਂ ਦੇ ਘਰਾਂ ਵਿੱਚ ਸੱਥਰ ਅਤੇ ਲੀਡਰਾਂ ਦੇ ਘਰਾਂ ਵਿੱਚ ਗਲੀਚੇ ਕਿੰਜ ਵਿੱਛ ਗਏ ?

ਰਾਜ ਸਤਾ ਦਾ ਆਨੰਦ ਮਾਣਦਿਆਂ ਅਥਾਹ ਜ਼ਮੀਨਾਂ, ਸਨਅਤਾਂ ਵਿੱਚ ਹਿੱਸੇਦਾਰੀ, ਪਟਰੋਲ ਪੰਪ ਅਤੇ ਬੱਸਾਂ ਦਾ ਕਾਰੋਬਾਰ ਅਮਰ ਵੇਲ ਦੀ ਤਰ੍ਹਾਂ ਕਿੰਜ ਵਧਿਆ ਫੁੱਲਿਆ ?

ਕਿਰਸਾਨੀ ਸੰਕਟ ਅਤੇ ਕਿਰਤੀ ਵਰਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀ ਕੀਤਾ ਗਿਆ ?

ਧਰਤੀ ਹੇਠਲਾ ਡੂੰਘਾ ਹੋ ਰਿਹਾ ਪਾਣੀ, ਦਰਿਆਵਾਂ ਵਿੱਚ ਸੁੱਟੀ ਜਾ ਰਹੀ ਜ਼ਹਿਰ ਅਤੇ ਜ਼ਹਿਰੀਲੀ ਹੋ ਰਹੀ ਖੁਰਾਕ ਕਾਰਨ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਲੋਕਾਂ ਲਈ ਕੀ ਪ੍ਰਬੰਧ ਕੀਤੇ ਗਏ ?

ਵਿਆਹ ਵਾਲੀਆਂ ਕੁੜੀਆਂ ਲਈ ਐਲਾਨ ਕੀਤੀ ਗਈ 51 ਹਜ਼ਾਰ ਦੀ ਸੰਗਨ ਸਕੀਮ ਕਿਹੜੇ ਖੂਹ ਖਾਤੇ ਪਾ ਦਿੱਤੀ ਗਈ ?

2017 ਦੀਆਂ ਚੋਣਾਂ ਸਮੇਂ ਨਸ਼ੇ ਦਾ ਖਾਤਮਾਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਘਰ-ਘਰ ਰੁਜ਼ਗਾਰ, ਕਿਰਸਾਨਾਂ ਦੇ ਕਰਜ਼ੇ ਦੀ ਮੁਕੰਮਲ ਅਦਾਇਗੀ ਲਈ ਕੀ ਕੀਤਾ ?

ਰੁਜ਼ਗਾਰ ਮੰਗਣ ਵਾਲੇ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਪੁਲਿਸ ਕੋਲੋਂ ਛੱਲੀਆਂ ਵਾਂਗ ਕਿਉਂ ਕੁੱਟਵਾਇਆ ਗਿਆ ਅਤੇ ਵਿਆਹੀਆਂ ਵਰ੍ਹੀਆਂ ਕੁੜੀਆਂ ਨੂੰ ਕਰੂਏ ਦੇ ਵਰਤ ਟੈਂਕੀਆਂ ਤੇ ਕਿਉਂ ਖੋਲ੍ਹਣੇ ਪਏ ?

ਰੇਤ ਮਾਫ਼ੀਆ, ਲੈਂਡ ਮਾਫ਼ੀਆ, ਸ਼ਰਾਬ ਮਾਫ਼ੀਆ ਅਤੇ ਵਿਦਿਆਰਥੀਆਂ ਦੇ ਵਜੀਫਾ ਘੋਟਾਲੇ ਦੇ ਦੋਸ਼ੀਆਂ ਨੂੰ ਕੀ ਸਜਾ ਦਿੱਤੀ ਗਈ ?

ਬੇਅਦਬੀ ਕਾਂਡ ਦੇ ਦੋਸ਼ੀ ਹੁਣ ਤੱਕ ਕਿਉਂ ਨਹੀਂ ਫੜ੍ਹੇ ਗਏ ?

ਪੰਜਾਬ ਤਿੰਨ ਲੱਖ ਕਰੋੜ ਦਾ ਕਰਜ਼ਈ ਹੈ ਅਤੇ ਸਾਲਾਨਾ ਵਿਆਜ਼ ਹੀ 15 ਹਜ਼ਾਰ ਕਰੋੜ ਦੇਣਾ ਪੈਂਦਾ ਹੈ। ਪੰਜਾਬ ਨੂੰ ਕਰਜਾ ਮੁਕਤ ਕਰਨ ਲਈ ਕੀ ਯੋਜਨਾ ਹੈ ?

ਕਿਰਤ ਦਾ ਸੰਕਲਪ ਖੋਹ ਕੇ ਪੰਜਾਬੀਆਂ ਨੂੰ ਭਿਖਾਰੀ ਕਿਉਂ ਬਣਾਇਆ ਜਾ ਰਿਹਾ ਹੈ ?

ਸਕੂਨ ਵਾਲੀ ਗੱਲ ਹੈ ਕਿ ਲੋਕ ਹੁਣ ਕਾਫ਼ੀ ਹੱਦ ਤੱਕ ਇਹ ਸਮਝ ਚੁੱਕੇ ਹਨ ਕਿ ਜਦੋਂ ਪੰਜਾਬ ਨੂੰ ਲੁੱਟਣ ਵਾਲੀਆਂ ਸਿਆਸੀ ਪਾਰਟੀਆਂ ਇੱਕ ਜੁੱਟ ਨੇ ਤਾਂ ਫਿਰ ਹਰ ਵੇਲੇ ਲੁੱਟੇ ਜਾਣ ਵਾਲੇ ਲੋਕਾਂ ਦਾ ਇੱਕ ਮੁੱਠ ਹੋਣਾ ਵੀ ਜਰੂਰੀ ਹੈ। ਇਸ ਪ੍ਰਤੀਕ੍ਰਮ ਵਜੋਂ ਹੀ ਲੀਡਰਾਂ ਤੋਂ ਚੋਣਾਂ ਸਮੇਂ ਅਜਿਹੇ ਚੁੱਭਵੇਂ ਅਤੇ ਗੰਭੀਰ ਪ੍ਰਸ਼ਨਾਂ ਨੇ ਕੌਮ ਦੇ ਇਨ੍ਹਾਂ ਰਹਿਨੁਮਾਂ ਨੂੰ ਇੱਕ ਝਟਕਾ ਦਿੱਤਾ ਹੈ ਅਤੇ ਅਹਿਸਾਸ ਕਰਵਾ ਦਿੱਤਾ ਹੈ ਕਿ ਉਹ ਸਮਾਜ ਤੋਂ ਉੱਪਰ ਨਹੀਂ ਹਨ, ਸਗੋਂ ਕੀਤੇ ਕੰਮਾਂ ਲਈ ਸਮਾਜ ਪ੍ਰਤੀ ਜਵਾਬ ਦੇਹ ਹਨ। ਭਵਿੱਖ ਵਿੱਚ ਲੋਕਾਂ ਦੀ ਕਚਹਿਰੀ ਵਿੱਚ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਜ਼ਮੀਰ ਜਿਉਂਦੀ ਰੱਖਣੀ ਹੋਵੇਗੀ। ਰਾਜ ਸਤਾ ਤੇ ਕਾਬਜ਼ ਲੋਕਾਂ ਨੂੰ ਇਹ ਸ਼ਬਦ ਹਮੇਸ਼ਾ ਚੇਤੇ ਰੱਖਣੇ ਪੈਣਗੇ :
ਯੇਹ ਦਬਦਬਾ, ਯੇਹ ਹਕੂਮਤ, ਯੇਹ ਨਸ਼ਾ ਏ ਦੌਲਤ,
ਕਿਰਾਏਦਾਰ ਹੈਂ, ਘਰ ਬਦਲਤੇ ਰਹਿਤੇ ਹੈਂ।

# ਥੈਨਾਡੈਲਥਰ ਨੇਟਿਵ ਜਾਈ ਪੁਸ਼ਤਾਂ ਦੇ ਵੈਰ ਕੱਢਤੇ



ਜਗਦੇਵ ਸਿੱਧੂ ਕੈਲਗਰੀ
403 351 1136

24 ਨਵੰਬਰ, 1714 ਨੂੰ ਇੱਕ ਇਕੱਲੀ ਮਰਨ ਕਿਨਾਰੇ ਭੁੱਖੀ ਨੌਜਵਾਨ ਔਰਤ ਮੂਲ ਨਿਵਾਸੀ ਸ਼ਿਕਾਰੀਆਂ ਦੇ ਗ੍ਰੋਹ ਵਿਚ ਘਿਰ ਗਈ ਜਿਹੜੇ ਫੋਰਟ (ਯਾਰਕ ਫੈਕਟਰੀ) ਦੇ ਨੇੜੇ ਪਹਾੜੀਆਂ ਦਰਮਿਆਨ ਕਰੀਕ (ਚੋਅ) ਦੇ ਰਸਤੇ ਵਿਚਰ ਰਹੇ ਸਨ। ਉਸ ਔਰਤ ਨੇ ਉਨ੍ਹਾਂ ਨੂੰ ਅਜੀਬ ਕਹਾਣੀ ਸੁਣਾਈ। ਉਨ੍ਹਾਂ ਸਮਿਆਂ ਵਿਚ ਕਰੀ ਅਤੇ ਚਿਪਵਾਇਨ ਕਬੀਲਿਆਂ ਵਿਚਾਲੇ ਦੁਸ਼ਮਣੀ ਸੀ। ਕਰੀ ਲੋਕਾਂ ਕੋਲ ਹਡਜ਼ਨ ਬੇਅ ਕੰਪਨੀ ਤੋਂ ਲਏ ਬਿਹਤਰ ਚਾਕੂ, ਬੰਦੂਕਾਂ ਅਤੇ ਸਿੱਕਾ-ਬਰੂਦ ਹੋਣ ਕਰ ਕੇ ਉਹ ਚਿਪਵਾਇਨ ਉੱਤੇ ਭਾਰੂ ਸਨ। ਉਹ ਇੱਕ ਦੂਜੇ ਉਪਰ ਧਾਵੇ ਬੋਲਦੇ ਰਹਿੰਦੇ ਸਨ। ਪਕੜੇ ਗਏ ਦੁਸ਼ਮਣ ਨੂੰ ਬੰਦੀ ਬਣਾ ਲੈਂਦੇ ਸਨ। ਇਹ ਥੈਨਾਡੈਲਥਰ ਨਾਂ ਦੀ ਔਰਤ ਚਿਪਵਾਇਨ ਕਬੀਲੇ ਦੀ ਸੀ ਜਿਸ ਦੇ ਲੋਕਾਂ ਨੂੰ ਕਰੀ ਲੋਕ ਗ਼ੁਲਾਮ ਕਿਹਾ ਕਰਦੇ ਸਨ। ਕਰੀ ਲੋਕ ਗ੍ਰੇਟ ਸਲੇਵ ਲੇਕ ਅਤੇ ਲੇਕ ਅਥਾਬਾਸਕਾ ਤੱਕ ਮਾਰ ਕਰਦੇ ਸਨ। ਥੈਨਾਡੈਲਥਰ ਨੂੰ 1713 ਵਿਚ ਇੱਕ ਅਜਿਹੇ ਧਾੜਵੀ ਕਰੀ ਟੋਲੇ ਨੇ ਫੜ ਕੇ ਕਬਜ਼ੇ ਵਿਚ ਲਿਆ ਸੀ ਪਰ ਉਹ ਇੱਕ ਦੂਸਰੀ ਨੌਜਵਾਨ ਔਰਤ ਨਾਲ ਰਲ ਕੇ ਉਨ੍ਹਾਂ ਦੇ ਚੁੰਗਲ ਵਿੱਚੋਂ ਬਚ ਕੇ ਭੱਜ ਨਿਕਲੀ ਸੀ। ਉਹ ਦੋਵੇਂ ਉੱਤਰ ਵੱਲ ਆਪਣੇ ਲੋਕਾਂ ਪਾਸ ਜਾ ਰਹੀਆਂ ਸਨ। ਬਦਕਿਸਮਤੀ ਨਾਲ ਉਨ੍ਹਾਂ ਦਿਨਾ ਵਿਚ ਸਰਦੀ ਉੱਤਰ ਰਹੀ ਸੀ। ਖਾਣ ਲਈ ਉਨ੍ਹਾਂ ਨੂੰ ਸਿਰਫ਼ ਚੂਹੇ ਹੀ ਮਿਲੇ। ਬਿਨਾ ਕਿਸੇ ਝੁੱਗੀ ਜਾਂ ਸਹਾਰੇ ਦੇ ਠੰਡੇ ਤੂਫਾਨਾ ਦਾ ਟਾਕਰਾ ਕੀਤਾ। ਠੰਡ ਅਤੇ ਭੁੱਖ ਨੇ ਉਨ੍ਹਾਂ ਦੇ ਹੌਂਸਲੇ ਪਸਤ ਕਰ ਦਿੱਤੇ ਤੇ ਉਹ ਰਸਤੇ ਤੋਂ ਭਟਕ ਗਈਆਂ। ਆਪਣੀਆਂ ਜਾਨਾ ਬਚਾਉਣ ਖਾਤਰ ਪਿੱਛੇ ਮੁੜ ਪਈਆਂ। ਨਾਲ ਦੀ ਔਰਤ ਰਾਹ ਵਿਚ ਦਮ ਤੋੜ ਗਈ। ਥੈਨਾਡੈਲਥਰ ਇੱਲੀ ਯਾਰਕ ਫੈਕਟਰੀ ਵੱਲ ਜਾ ਰਹੀ ਸੀ ਜਦੋਂ ਉਸ ਨੂੰ ਫੜ ਕੇ ਕਿਲੇ ਅੰਦਰ ਲਿਜਾਇਆ ਗਿਆ। ਓਥੇ ਉਸ ਨੇ ਓਹੀ ਹਥਿਆਰ ਤੇ ਸਾਮਾਨ ਦੇਖਿਆ ਜਿਹੜਾ ਕਰੀ ਲੋਕਾਂ ਕੋਲ ਹੁੰਦਾ ਸੀ। ਦਰਅਸਲ ਕੰਪਨੀ ਦੇ ਵਪਾਰੀਆਂ ਦੀ ਪਹੁੰਚ ਅਜੇ ਕਰੀ ਦੇ ਇਲਾਕੇ ਤੱਕ ਸੀਮਿਤ ਸੀ ਤੇ ਉਹ ਕਰੀ ਲੋਕਾਂ ਨੂੰ ਬੀਵਰ ਦੀ ਜੱਤ ਬਦਲੇ ਹਥਿਆਰ, ਸਟੀਲ ਦੇ ਬਰਤਨ, ਕੱਪੜੇ, ਰੱਮ ਆਦਿ ਦਿੰਦੇ ਸਨ। ਚਿਪਵਾਇਨ ਦਾ ਇਲਾਕਾ ਦੂਰ ਉੱਤਰ-ਪੱਛਮ ਵੱਲ ਪੈਂਦਾ ਸੀ। ਥੈਨਾਡੈਲਥਰ ਸਾਰਾ ਮਸਲਾ ਸਮਝ ਗਈ। ਉਸ ਨੇ ਕੰਪਨੀ ਦੇ ਗਵਰਨਰ ਜੇਮਜ਼ ਨਾਈਟ ਨੂੰ ਦੱਸਿਆ ਕਿ ਉਸ ਦੇ ਆਪਣੇ ਇਲਾਕੇ ਵਿਚ ਵਧੀਆ ਕਿਸਮ ਦੀ ਜੱਤ (Fur) ਮਿਲਦੀ ਹੈ। ਉਸ ਨੇ ਉਨ੍ਹਾਂ ਨੂੰ ਉਸ ਪਾਸੇ ਜਾਣ ਲਈ ਪ੍ਰੇਰਿਆ। ਨਾਲ ਇਹ ਵੀ ਦੱਸਿਆ ਕਿ ਓਧਰ ਇੱਕ ਥਾਂ ਤੇ ਪੀਲੇ ਰੰਗ ਦੀ ਧਾਤ ਪਾਈ ਜਾਂਦੀ ਹੈ। ਨਾਈਟ ਨੇ ਸੋਚਿਆ ਇਹ ਧਾਤ ਸੋਨਾ ਜਾਂ ਤਾਂਬਾ ਹੋ ਸਕਦੀ ਹੈ। ਉਸ ਨੂੰ ਚਰਚਿਲ ਦਰਿਆ ਦੇ ਉੱਤਰ ਵੱਲ ਜਾਣ ਨੂੰ ਕਿਹਾ ਤੇ ਦੱਸਿਆ ਕਿ ਓਥੇ ਇਨੂਟ (Inuit) ਲੋਕਾਂ ਤੋਂ ਉਸ ਨੂੰ ਕੋਈ ਖ਼ਤਰਾ ਨਹੀਂ ਹੈ। ਕਰੀ ਲੋਕ ਤਾਂ ਚਿਪਵਾਇਨ ਨੂੰ ਜਾਦੂਗਰ, ਬਰਫ਼-ਬੂਟਾਂ ਤੇ ਚੱਲਣ ਵਾਲੇ ਤੇ ਮੱਛੀਆਂ ਖਾਣ ਵਾਲੇ ਸਮਝਦੇ ਸਨ। ਇਨੂਟ ਤੇ ਐਸਕੀਮੋ ਵੀ ਕਰੀ ਵਾਂਗ ਹੀ ਚਿਪਵਾਇਨ ਦੇ ਦੁਸ਼ਮਣ ਸਨ।

ਨਾਈਟ ਨੇ ਪਰਖ ਲਿਆ ਕਿ ਥੈਨਾਡੈਲਥਰ ਸਮਝਦਾਰ, ਬਹਾਦਰ ਅਤੇ ਹੁਸ਼ਿਆਰ ਔਰਤ ਹੈ। ਉਹ ਆਕਰਸ਼ਕ, ਜ਼ਿੰਦਾਦਿਲ ਅਤੇ ਨਿਪੁੰਨ ਵਕਤਾ ਸੀ। ਨਾਈਟ ਉਸ ਦੇ ਜੋਸ਼, ਦ੍ਰਿੜ ਇਰਾਦੇ ਅਤੇ ਉਸ ਦੀ ਰਾਇ ਦਾ ਕਾਇਲ ਸੀ। ਉਹ ਕਰੀ ਅਤੇ ਆਪਣੇ ਲੋਕਾਂ ਦਰਮਿਆਨ ਦੁਸ਼ਮਣੀ ਨੂੰ ਖ਼ਤਮ ਕਰਨਾ ਚਾਹੁੰਦੀ ਸੀ। ਉਹ ਇਸ ਸੁਲਾਹ-ਸਫ਼ਾਈ ਦੇ ਕਾਰਜ ਲਈ ਤਿਆਰ ਹੋ ਗਈ। ਨਾਈਟ ਨੇ ਉਸ ਨੂੰ ਆਪਣੇ ਵਿਸ਼ਵਾਸ਼ਪਾਤਰ ਲੈਫ਼ਟੀਨੈਂਟ ਵਿਲੀਅਮ ਸਟੀਵਰਟ ਨਾਲ ਵਪਾਰਕ ਮਿਸ਼ਨ ਤੇ ਭੇਜਣਾ ਤੈਅ ਕਰ ਲਿਆ। ਉਸ ਨੇ ਜੂਨ, 1715 ਵਿਚ ਕੰਪਨੀ ਦੇ ਕਰਮਚਾਰੀਆਂ ਅਤੇ ਸਥਾਨਕ ਕਰੀ ਲੋਕਾਂ ਨੂੰ ਇੱਕ ਰਸਮੀ ਇਕੱਠ ਸਮੇ ਚਿਪਵਾਇਨ ਲੋਕਾਂ ਨਾਲ ਸ਼ਾਂਤੀ ਸਮਝੌਤਾ ਕਰਨ ਲਈ ਮਨਾ ਲਿਆ। ਉਸ ਨੇ ਵਾਅਦਾ ਕੀਤਾ ਕਿ ਚਿਪਵਾਇਨ ਲੋਕਾਂ ਨੂੰ ਵਧੀਆ ਹਥਿਆਰ, ਤੰਬਾਕੂ ਤੇ ਹੋਰ ਜ਼ਰੂਰੀ ਵਸਤਾਂ ਦੇਵੇਗਾ, ਉਨ੍ਹਾਂ ਨੂੰ ਆਰਥਕ, ਸਮਾਜਕ ਤੇ ਰਾਜਨੀਤਕ ਪੱਧਰ ਤੇ ਕਰੀ ਲੋਕਾਂ ਦੇ ਬਰਾਬਰ ਲਿਆ ਕੇ ਕੰਪਨੀ ਦੇ ਸਨਮਾਨਜਨਕ ਦਾਇਰੇ ਵਿਚ ਲੈ ਆਵੇਗਾ। 27 ਜੂਨ ਨੂੰ 150 ਜਣਿਆਂ ਦੀ ਟੋਲੀ ਥੈਨਾਡੈਲਥਰ ਦੀ ਅਗਵਾਈ ਹੇਠ ਰਵਾਨਾ ਹੋਈ, ਜਿਸ ਵਿਚ ਸਟੀਵਰਟ ਕੰਪਨੀ ਦੇ ਨੁਮਾਇੰਦੇ ਵਜੋਂ ਉਸ ਦੀ ਸੁਰੱਖਿਆ ਲਈ ਸ਼ਾਮਲ ਸੀ। ਥੈਨਾਡੈਲਥਰ ਨੂੰ ਚਿਪਵਾਇਨ ਲੋਕਾਂ ਵਾਸਤੇ ਕਈ ਕਿਸਮ ਦੀਆਂ ਸੁਗਾਤਾਂ ਦੇ ਕੇ ਭੇਜਿਆ ਤਾਂ ਜੋ ਉਹ ਆਪਣੇ ਲੋਕਾਂ ਨੂੰ ਨਾਈਟ ਦੀ ਚਰਚਿਲ ਦਰਿਆ ਦੇ ਨਾਲ ਉੱਤਰ ਵਿਚ ਵਪਾਰਕ ਕਿਲਾ ਬਨਾਉਣ ਦੀ ਸਕੀਮ ਬਾਰੇ ਦੱਸ ਸਕੇ ਅਤੇ ਮਨਾ ਸਕੇ। ਥੈਨਾਡੈਲਥਰ ਦੇ ਕਮਾਲ ਦੇ ਜਥੇਬੰਦਕ ਹੁਨਰ ਬਾਰੇ ਸਟੀਵਰਟ ਨੇ ਬਾਦ ਵਿਚ ਨਾਈਟ ਨੂੰ ਦੱਸਿਆ ਸੀ ਕਿ ਉਸ ਨੇ ਆਪਣੀ ਉਮਰ ਵਿਚ ਅਜੇਹੀ ਸਪਿਰਿਟ ਵਾਲਾ ਕੋਈ ਨਹੀਂ ਵੇਖਿਆ। ਉਹ ਸਾਰੇ ਮੂਲਨਿਵਾਸੀਆਂ ਨੂੰ ਆਪਣੇ ਭੈਅ ਵਿਚ ਰਖਦੀ ਸੀ, ਉਨ੍ਹਾਂ ਨੂੰ ਆਪਣੇ ਹੀ ਲੋਕਾਂ ਨੂੰ ਮਾਰਨ ਦੀ ਕਾਇਰਤਾ ਬਾਰੇ ਖ਼ਬਰਦਾਰ ਕਰਦੀ ਰਹਿੰਦੀ ਸੀ। ਇਹ ਟੋਲੀ ਉੱਤਰ ਵੱਲ ਜਾਂਦੀ ਹੋਈ ਪੂਰਬੀ ਗ੍ਰੇਟ ਸਲੇਵ ਲੇਕ ਦੇ ਨੇੜੇ ਪਹੁੰਚ ਗਈ। ਅਕਤੂਬਰ ਤੱਕ ਮੌਸਮ ਬਰਫੀਲਾ ਹੋ ਗਿਆ ਸੀ, ਸ਼ਿਕਾਰ ਦੀ ਕਮੀ ਹੋ ਗਈ ਸੀ ਅਤੇ ਬਰਫ਼-ਜੁੱਤਿਆਂ ਨਾਲ ਤੁਰਨਾ ਮੁਹਾਲ ਹੋ ਗਿਆ ਸੀ। ਕੁੱਝ ਆਦਮੀ ਤਾਂ ਪਿੱਛੇ ਮੁੜ ਗਏ। ਦਰਜਨ ਦੇ ਕਰੀਬ ਕਰੀ ਲੋਕ ਹੀ ਨਾਲ ਰਹਿ ਗਏ। ਇੱਕ ਦਿਨ ਤਾਂ ਉਹ ਅਜਿਹੀ ਥਾਂ ਤੇ ਸਨ ਜਿੱਥੇ ਨੌਂ ਚਿਪਵਾਇਨ ਮਾਰ ਕੇ ਸੁੱਟੇ ਪਏ ਸਨ। ਸ਼ਾਇਦ ਟੋਲੀ ਦੇ ਮੁੜਕੇ ਗਏ ਕਰੀਆਂ ਨੇ ਕਾਰਾ ਕੀਤਾ ਹੋਵੇ। ਵੇਖ ਕੇ ਸਟੀਵਰਟ ਤੇ ਕਰੀ ਸਾਥੀ ਚਿਪਵਾਇਨ ਲੋਕਾਂ ਦੇ ਗੁੱਸੇ ਤੋਂ ਡਰ ਕੇ ਭੱਜਣ ਲੱਗੇ। ਥੈਨਾਡੈਲਥਰ ਇੱਕ ਪਹਾੜੀ ਤੇ ਚੜ੍ਹ ਕੇ ਕਰੀ ਜ਼ਬਾਨ ਵਿਚ ਦਹਾੜ ਕੇ ਬੋਲੀ ਕਿ ਡਰਨ ਦੀ ਲੋੜ ਨਹੀਂ, ਤੁਸੀਂ ਦਸ ਦਿਨ ਹੋਰ ਕੈਂਪ ਵਿਚ ਰਹੋ, ਮੈਂ ਇਕੱਲੀ ਜਾ ਕੇ ਆਪਣੇ ਲੋਕਾਂ ਦੀ ਭਾਲ ਕਰਾਂਗੀ। ਉਸ ਬਰਫ਼ੀਲੀ ਬੰਜਰ ਜ਼ਮੀਨ ਤੇ ਕਰੀ ਟੋਲੇ ਦੇ ਮੁਖੀ ਨੇ ਰੁਕਣਾ ਮੰਨ ਲਿਆ। ਉਨ੍ਹਾਂ ਨੇ ਝੁੱਗੀ ਬਣਾ ਕੇ ਵਾਗਲਾ ਮਾਰ ਲਿਆ, ਅੱਗ ਜਲਾਈ ਤੇ ਟਿਕ ਗਏ। ਸਟੀਵਰਟ ਉਨ੍ਹਾਂ ਦੀ ਰੱਖਿਆ ਲਈ ਉਨ੍ਹਾਂ ਦੇ ਨਾਲ ਰਿਹਾ।

ਥੈਨਾਡੈਲਥਰ ਕਈ ਦਿਨਾ ਤੱਕ ਇਕੱਲੀ ਹੀ ਬਰਫੀਲੀ ਸੁੰਨ-ਮਸਾਨ ਧਰਤੀ ਤੇ ਆਪਣੇ ਲੋਕਾਂ ਦਾ ਨਾਂ-ਨਿਸ਼ਾਨ ਟੋਲਦੀ ਰਹੀ। ਇੱਕ ਦਿਨ ਉਸ ਨੂੰ ਕੋਈ ਸੌ ਆਦਮੀਆਂ ਦਾ ਟੋਲਾ ਟੱਕਰ ਗਿਆ। ਉਸ ਨੇ ਉਨ੍ਹਾਂ ਦੇ ਆਗੂਆਂ ਨੂੰ ਆਪਣੇ ਮਿਸ਼ਨ ਅਤੇ ਪੂਰੀ ਸਕੀਮ ਬਾਰੇ ਦੱਸਣਾ ਸ਼ੁਰੂ ਕੀਤਾ। ਉਹ ਕਈ ਦਿਨਾ ਤੱਕ ਜ਼ੋਰ ਦੇ ਕੇ ਸਮਝਾਉਂਦੀ ਰਹੀ, ਉਦੋਂ ਤੱਕ ਜਦੋਂ ਤੱਕ ਉਸ ਦਾ ਬੋਲ ਨਾ ਬੈਠ ਗਿਆ। ਉਸ ਨੇ ਉਨ੍ਹਾਂ ਨੂੰ ਕੈਂਪ ਵਿਚ ਜਾ ਕੇ ਉਹ ਵਸਤਾਂ ਦੇਖਣ ਲਈ ਕਿਹਾ ਜਿਹੜੀਆਂ ਕੰਪਨੀ ਉਨ੍ਹਾਂ ਨੂੰ ਦੇਵੇਗੀ ਤੇ ਜਿਨ੍ਹਾਂ ਨਾਲ ਉਨ੍ਹਾਂ ਦੀ ਘਰੇਲੂ ਤੇ ਸ਼ਿਕਾਰੀ ਜ਼ਿੰਦਗੀ ਸੌਖੀ ਹੋ ਜਾਵੇਗੀ, ਮਰਦਾਂ ਔਰਤਾਂ ਦੋਵਾਂ ਨੂੰ ਫ਼ਾਇਦਾ ਹੋਵੇਗਾ। ਕਰੀ ਲੋਕਾਂ ਨਾਲ ਸ਼ਾਂਤੀ ਬਹਾਲ ਕਰਨ ਤੇ ਜ਼ੋਰ ਦਿੱਤਾ। ਕੋਈ ਦਸ ਦਿਨ ਦੀ ਮਗਜ਼ਮਾਰੀ ਮਗਰੋਂ ਦੋ ਚਿਪਵਾਇਨ ਨੂੰ ਨਾਲ ਲੈਕੇ ਕਰੀ ਕੈਂਪ ਵਿਚ ਪਹੁੰਚੀ ਜਦੋਂ ਕਿ ਕੋਈ ਸੌ ਜਣੇ ਦੂਰ ਆਪਣੇ ਕੈਂਪ ਵਿਚ ਟਿਕੇ ਰਹੇ। ਸਟੀਵਰਟ ਨੇ ਇਸ਼ਾਰਾ ਕਰ ਕੇ ਦਰਸਾਇਆ ਕਿ ਕੋਈ ਖ਼ਤਰਾ ਨਹੀਂ। ਉਹ ਇੱਕ ਉੱਚੀ ਚਟਾਨ ਤੇ ਚੜ੍ਹੀ ਅਤੇ ਪਿੱਛੇ ਰਹਿ ਗਏ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਉਹ ਖ਼ੁਸ਼ੀ ਨਾਲ ਗਾਉਂਦੇ ਹੋਏ ਕਰੀ ਕੈਂਪ ਵੱਲ ਆਏ। ਇਸ ਦਿਨ ਕਰੀ ਟੋਲੀ ਨੇ ਪੂਰਬ ਵੱਲ ਵਾਪਸੀ ਕੂਚ ਕਰਨਾ ਸੀ। ਫਰੈਂਕਲਿਨ ਆਰਬਕਲ ਨੇ ਆਪਣੀ 1952 ਦੀ ਪੇਂਟਿੰਗ ਵਿਚ ਇਸ ਕਰੀ-ਚਿਪਵਾਇਨ ਮਿਲਣੀ ਦਾ ਰੋਮਾਂਚਕ ਨਜ਼ਾਰਾ ਇਉਂ ਚਿਤ੍ਰਿਤ ਕੀਤਾ ਹੈ - ਕੈਂਪਫਾਇਰ (ਧੂੰਈਂ) ਉਪਰ ਬਰਤਨਾ ਵਿਚ ਪਕਵਾਨ ਪੱਕ ਤੇ ਰਿੱਝ ਰਹੇ ਹਨ, ਆਸੇ-ਪਾਸੇ ਦੋਵੇਂ ਗਰੁਪ ਖੜ੍ਹੇ ਹਨ, ਥੈਨਾਡੈਲਥਰ ਸਪਰੂਸ ਦੇ ਝੁੰਡ ਕੋਲ ਖੜ੍ਹੀ ਇਸ਼ਾਰੇ ਕਰਦੀ ਹੋਈ ਪ੍ਰਾਰਥਨਾ ਕਰ ਰਹੀ ਹੈ, ਉਸ ਦੇ ਮੂੰਹ ਥਾਣੀ ਸਾਹ ਦੀਆਂ ਭਾਫਾਂ ਨਿਕਲ ਰਹੀਆਂ ਹਨ, ਬਰਫ਼ ਨੇ ਜ਼ਮੀਨ ਨੂੰ ਢਕ ਰੱਖਿਆ ਹੈ, ਅਸਮਾਨ ਵਿਚ ਸੂਰਜ ਦੀ ਟਿੱਕੀ ਹੇਠਾਂ ਨੂੰ ਸਰਕ ਰਹੀ ਹੈ, ਕਰੀ ਲੋਕਾਂ ਨੇ ਬੰਦੂਕਾਂ ਉਠਾ ਰੱਖੀਆਂ ਹਨ ਤੇ ਮਣਕਿਆਂ ਨਾਲ ਸਜੇ ਹੋਏ ਹਨ ਜਦੋਂ ਕਿ ਚਿਪਵਾਇਨ ਲੋਕਾਂ ਨੇ ਜੱਤ ਵਾਲੇ ਕੱਪੜੇ ਪਹਿਨੇ ਹੋਏ ਹਨ ਤੇ ਹੱਥਾਂ ਵਿਚ ਕਮਾਣ ਫੜੇ ਹੋਏ ਹਨ, ਵਿਲੀਅਮ ਇੱਕ ਪਾਸੇ ਨਿਰਾਲਾ ਖੜ੍ਹਾ ਵੇਖ ਰਿਹਾ ਹੈ। ਥੈਨਾਡੈਲਥਰ ਨੇ ਸਾਰਿਆਂ ਨੂੰ ਸ਼ਾਂਤੀ ਸਮਝੌਤੇ ਦੀ ਜ਼ਰੂਰਤ ਲਈ ਰਜ਼ਾਮੰਦ ਕਪਨ ਵਾਸਤੇ ਆਪਣੇ ਜਾਦੂਮਈ ਅਸਰ ਹੇਠ ਲੈ ਆਂਦਾ, ਕਿਸੇ ਨੂੰ ਝਿੜਕਿਆ, ਕਿਸੇ ਨੂੰ ਦਰ-ਕਿਨਾਰ ਕੀਤਾ। ਨਾਈਟ ਨੇ ਮਗਰੋਂ ਲਿਖਿਆ,ਮੈਨੂੰ ਪੱਕਾ ਯਕੀਨ ਹੈ ਕਿ ਜੇ ਉਸ ਦੇ ਚਿਪਵਾਇਨ ਲੋਕਾਂ ਵਿੱਚੋਂ ਪੰਜਾਹ ਆਦਮੀ ਵੀ ਏਨੇ ਦ੍ਰਿੜ ਇਰਾਦੇ ਅਤੇ ਹੌਂਸਲੇ ਵਾਲੇ ਹੁੰਦੇ ਤਾਂ ਉਹ ਸਾਰੇ ਕਰੀ ਲੋਕਾਂ ਨੂੰ ਆਪਣੀ ਸਰਜ਼ਮੀਨ ਤੋਂ ਬਾਹਰ ਧੱਕ ਸਕਦੇ ਸਨ।



ਥੈਨਾਡੈਲਥਰ ਦੇ ਜਤਨਾਂ ਸਦਕਾ ਦਸ ਚਿਪਵਾਇਨ ਇਸ ਕਰੀ ਟੋਲੇ ਨਾਲ ਮਈ, 1716 ਵਿਚ ਯਾਰਕ ਫੈਕਟਰੀ ਪਹੁੰਚ ਗਏ। ਇਨ੍ਹਾਂ ਵਿਚ ਇੱਕ ਉਸ ਦਾ ਭਰਾ ਵੀ ਸੀ। ਇੱਥੇ ਸਾਰੀਆਂ ਗਰਮੀਆਂ ਤੇ ਸਰਦੀਆਂ ਰਹੇ, ਜਿਸ ਦੌਰਾਨ ਇੱਕ ਦੂਜੇ ਦੀ ਬੋਲੀ ਸਿੱਖਣ ਤੋਂ ਇਲਾਵਾ ਇਹ ਵੀ ਸਿਖਦੇ ਰਹੇ ਕਿ ਕੰਪਨੀ ਵਾਸਤੇ ਬੀਵਰ ਅਤੇ ਹੋਰ ਜਾਨਵਰਾਂ ਦੀ ਜੱਤ ਨੂੰ ਕਿਵੇਂ ਤਿਆਰ ਕਰਨਾ ਹੈ। ਥੈਨਾਡੈਲਥਰ ਨੂੰ ਚਿੰਤਾ ਸੀ ਕਿ ਕਿਵੇਂ ਉਸ ਦੇ ਲੋਕਾਂ ਅਤੇ ਕੰਪਨੀ ਦਰਮਿਆਨ ਲਾਹੇਵੰਦਾ ਹੰਢਣਸਾਰ ਰਿਸ਼ਤਾ ਕਾਇਮ ਕੀਤਾ ਜਾਵੇ ਜਿਸ ਨਾਲ ਉਹ ਕਰੀ ਲੋਕਾਂ ਤੋਂ ਅੱਗੇ ਨਿਕਲ ਜਾਣ। ਜਦੋਂ ਉਸ ਦੇ ਇੱਕ ਸਾਥੀ ਨੇ ਘਟੀਆ ਸਾਮਾਨ ਬਣਾ ਕੇ ਕੰਪਨੀ ਨੂੰ ਦੇਣ ਬਾਰੇ ਸੁਝਾਅ ਦਿੱਤਾ ਤਾਂ ਉਸ ਨੂੰ ਨੱਕ ਤੋਂ ਫੜ ਕੇ ਪਿਛਾਂਹ ਧੱਕ ਦਿੱਤਾ ਤੇ ਕਿਹਾ ਕਿ ਮੂਰਖਾ ਜੇ ਅਜਿਹਾ ਕੀਤਾ ਤਾਂ ਕੰਪਨੀ ਨੇ ਥੋਡੇ ਨਾਲ ਕੋਈ ਸਬੰਧ ਨਹੀਂ ਰੱਖਣਾ। ਉਹ ਬੜੀ ਅਣਖੀਲੀ ਔਰਤ ਸੀ। ਇੱਕ ਵਾਰ ਉਸ ਨੇ ਨਾਈਟ ਦੁਆਰਾ ਦਿੱਤੀ ਛੋਟੀ ਜਿਹੀ ਪਤੀਲੀ ਕਿਸੇ ਨੂੰ ਵੇਚ ਦਿੱਤੀ। ਪਤਾ ਲੱਗਣ ਤੇ ਜਦੋਂ ਨਾਈਟ ਨੇ ਉਸ ਨੂੰ ਤਾੜਨਾ ਕੀਤੀ ਤਾਂ ਉਹ ਆਪੇ ਤੋਂ ਬਾਹਰ ਹੋ ਗਈ ਤੇ ਕਿਹਾ ਕਿ ਜੇ ਉਸ ਨੇ ਕਦੇ ਵੀ ਚਰਚਿਲ ਦਰਿਆ ਤੋਂ ਉੱਤਰ ਵੱਲ ਜਾਣ ਦੀ ਹਿਮਾਕਤ ਕੀਤੀ ਤਾਂ ਉਹ ਆਪਣੇ ਲੋਕਾਂ ਨੂੰ ਉਸ ਨੂੰ ਮਾਰਨ ਦਾ ਹੁਕਮ ਦੇਵੇਗੀ। ਗੁੱਸੇ ਵਿਚ ਆਕੇ ਕਹਿ ਤਾਂ ਗਈ ਪਰ ਮਹਿਸੂਸ ਕਰ ਕੇ ਅਗਲੇ ਦਿਨ ਅੱਖਾਂ ਵਿਚ ਹੰਝੂ ਭਰ ਕੇ ਕਹਿਣ ਲੱਗੀ ਕਿ ਤੂੰ ਤਾਂ ਮੇਰੇ ਪਿਤਾ ਸਮਾਨ ਹੈਂ, ਤੈਨੂੰ ਕੋਈ ਆਂਚ ਨਹੀਂ ਆਉਣ ਦਿਆਂਗੀ। ਨਾਈਟ ਅਕਸਰ ਹੀ ਕਈ ਮਸਲਿਆਂ ਤੇ ਉਸ ਦੀ ਸਲਾਹ ਲਿਆ ਕਰਦਾ ਸੀ।ਇਸ ਦੌਰਾਨ 1716 ਦੀ ਪਤਝੜ ਰੁੱਤ ਵਿਚ ਅੰਗ੍ਰੇਜ਼ੀ ਸਿਖਦੀ ਰਹੀ ਅਤੇ ਇੱਕ ਚਿਪਵਾਇਨ ਨਾਲ ਸ਼ਾਦੀ ਕਰ ਲਈ। ਯਾਰਕ ਫੈਕਟਰੀ ਵਿਚ ਰਹਿਣ ਸਹਿਣ ਦੇ ਢੰਗ ਤਰੀਕੇ ਤੇ ਖ਼ੁਰਾਕ ਉਸ ਦੀ ਕੁਦਰਤੀ ਕਬੀਲੀਆਈ ਰਵਾਇਤ ਦੇ ਅਨੁਕੂਲ ਨਾ ਹੋਣ ਕਾਰਨ ਉਸ ਨੇ ਦੂਜੇ ਸਾਥੀਆਂ ਸਮੇਤ ਵਾਪਸ ਜਾਣ ਦਾ ਮਨ ਬਣਾ ਲਿਆ। ਉਨ੍ਹਾਂ ਨੂੰ ਕੋਈ ਨਵੀਂ ਬੀਮਾਰੀ (ਯੂਰਪੀਅਨਾਂ ਦੀ ਦੇਣ) ਚੰਬੜ ਗਈ ਜਿਸ ਵਿਚ ਤੇਜ਼ ਬੁਖ਼ਾਰ ਚੜ੍ਹਦਾ ਸੀ। ਨਾਈਟ ਨੇ ਉਨ੍ਹਾਂ ਦੇ ਇਲਾਜ ਲਈ ਜੋ ਕਰ ਸਕਦਾ ਸੀ ਕੀਤਾ ਪਰ ਹਾਲਤ ਵਿਗੜਦੀ ਗਈ। ਜਦੋਂ ਉਹ 5 ਫ਼ਰਵਰੀ, 1717 ਨੂੰ ਦਮ ਤੋੜ ਗਈ ਤਾਂ ਨਾਈਟ ਨੇ ਲਿਖਿਆ ਸੀ ਕਿ ਮੇਰਾ ਦਿਲ ਟੁੱਟਣ ਵਾਲਾ ਹੈ। ਨਾਈਟ ਨੇ ਉਸ ਨੂੰ ਸਭ ਨਾਲੋਂ ਬਹੁਤ ਉੱਤਮ ਸਪਿਰਿਟ ਅਤੇ ਦ੍ਰਿੜ ਇਰਾਦੇ ਵਾਲੀ ਔਰਤ ਕਿਹਾ, ਇਹ ਵੀ ਕਿ ਉਹ ਮਹਾਨ ਹੌਸਲੇ ਅਤੇ ਦੂਰਦ੍ਰਿਸ਼ਟੀ ਵਾਲੀ ਅਸਾਧਾਰਨ ਗੁਣਾਂ ਦੀ ਧਾਰਨੀ ਸੀ। ਨਾਈਟ ਨੇ ਉਸ ਦੀ ਯਾਦ ਵਿਚ ਵੱਡਾ ਸਮਾਰੋਹ ਰਚਾ ਕੇ ਤੋਹਫ਼ੇ ਵੰਡੇ ਅਤੇ ਸ਼ਾਨਦਾਰ ਪਾਰਟੀ ਕੀਤੀ। ਥੈਨਾਡੈਲਥਰ ਗਿਣਵੀਆਂ ਦਲੇਰ ਮੂਲਨਿਵਾਸੀ ਔਰਤਾਂ ਵਿੱਚੋਂ ਇੱਕ ਸੀ ਜਿਸ ਨੇ ਉਸ ਦੇ ਲੋਕਾਂ ਨੂੰ ਜੰਗਲੀ, ਗੰਵਾਰ ਤੇ ਗ਼ੁਲਾਮ ਕਹਿਣ ਵਾਲੇ ਯੂਰਪੀਅਨ ਲੋਕਾਂ ਨੂੰ ਇਹ ਕਹਿਣ ਲਈ ਮਜਬੂਰ ਕਰ ਦਿੱਤਾ ਕਿ ਇਹ ਮੂਲਨਿਵਾਸੀ ਕਿਸੇ ਵੀ ਸ਼ਾਨਦਾਰ ਮਨੁੱਖੀ ਗੁਣਾਂ, ਸਭਿਆਚਾਰ ਅਤੇ ਕਾਬਲੀਅਤ ਪੱਖੋਂ ਯੂਰਪੀਅਨਾਂ ਤੋਂ ਘੱਟ ਨਹੀਂ। ਉਸ ਵਰਗੀਆਂ ਹੋਰ ਵੀ ਕਈ ਔਰਤਾਂ ਧਾੜਵੀਆਂ ਦੇ ਤਸੀਹੇ, ਦੁਰਾਚਾਰ ਅਤੇ ਹੀਣਤਾ ਭਰੇ ਵਤੀਰਿਆਂ ਦਾ ਸ਼ਿਕਾਰ ਹੋਣ ਦੇ ਬਾਵਜੂਦ ਆਪਣੇ ਕਬੀਲਿਆਂ ਦੀ ਸ਼ਾਨੋ-ਸ਼ੌਕਤ ਵਿਚ ਵਾਧਾ ਕਰਦੀਆਂ ਰਹੀਆਂ, ਜਿਨ੍ਹਾਂ ਨੂੰ ਪਛਾਣ ਕੇ ਇਨ੍ਹਾਂ ਦਾ ਗੌਰਵਮਈ ਇਤਿਹਾਸ ਲਿਖਿਆ ਜਾਣਾ ਸਮੇਂ ਦੀ ਲੋੜ ਹੈ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ 1991/ ਕੱਦ 5 ਫੁੱਟ 2 ਇੰਚ, ਚੰਗੀ ਵਿਦਿਆ ਪ੍ਰਾਪਤ ਕਰਨ ਉਪਰੰਤ ਕੈਨੇਡਾ ਵਿੱਚ ਹੈਲਥ ਕੇਅਰ ਲੀਡਰਸਿੱਪ ਦੀ ਜੌਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਵਟਸਐਪ ਵੀ ਕਰ ਸਕਦੇ ਹੋ। ਸੰਪਰਕ: 1 204 894 0793 ***196***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਸਰਦਾਰੀ ਦਿੱਖ ਵਾਲੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਿਰਫ ਕਨੇਡਾ ਰਹਿਣ ਵਾਲਿਆਂ ਨੂੰ ਹੀ ਪਹਿਲ। ਵਿਜਟਰ ਜਾਂ ਸਟੂਡੈਂਟ ਵੀਜੇ ਵਾਲੀਆਂ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਕਨੇਡਾ ਹੀ ਸੈਟਲਡ ਹੈ। ਸੰਪਰਕ: 403 614 2094 ਜਾਂ 403 971 6430 ***195***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਵੈਲ ਸੈਟਲਡ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1993/ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ ਯੁਨੀਵਰਿਸਟੀ ਆਫ ਕੈਲਗਰੀ ਤੋਂ ਬੀ ਐਸ ਐਨ ਆਰ ਐਨ,ਦੀ ਡਿਗਰੀ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੇ ਚੰਗੇ ਪੜੇ ਲਿਖੇ ਰਾਮਗੜੀਆ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 402 9508 ***194***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਚੰਗੇ ਪੜੇ ਲਿਖੇ ਰਵੀਦਾਸੀਆ ਸਿੱਖ (ਮੋਹਲ) ਪਰਿਵਾਰ ਦੇ ਲੜਕੇ ਜਨਮ 1994/ ਕੱਦ 5 ਫੁੱਟ 9 ਇੰਚ, ਰੰਗ ਕਨਕਵੰਨਾ,ਵਿਦਿਅਕ ਯੋਗਤਾ : ਬੀ ਏ ਐਲ ਐਲ ਬੀ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਏਡੀਸੀ ਵਿਕਾਸ ਦੇ ਦਫਤਰੋਂ ਸੁਪਰਡੈਂਟ ਰਿਟਾਇਰ ਹੋਇਆ ਹੈ ਅਤੇ ਮਾਤਾ ਮੌਜਦਾ ਸਮੇ ਪੰਚਾਇਤ ਅਫਸਰ ਲੱਗੀ ਹੋਈ ਹੈ। ਲੜਕਾ ਇਸ ਵੇਲੇ ਆਪਣੀ ਪ੍ਰੈਕਟਿਸ ਕਰ ਰਿਹਾ ਹੈ । ਪੂਰਾ ਪਰਿਵਾਰ,ਸਮਾਜ ਸੇਵੀ,ਅਗਾਂਹਵਧੂ ਕਦਰਾ ਕੀਮਤਾਂ ਦਾ ਧਾਰਨੀ ਹੈ। ਪਿਛਲੇ 40 ਸਾਲਾਂ ਤੋਂ ਪਰਿਵਾਰ ਅੰਦਰ ਦਾਜ ਬੰਦ ਹੈ। ਸੰਪਰਕ: 0091 80541 16006 ***202***

## ਲੜਕੀ ਦੀ ਲੋੜ

ਜੱਟ ਸਿੱਖ ਔਜਲਾ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਆਏ ਲੜਕੇ ਜਨਮ 1995,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਮਕੈਨੀਕਲ ਇੰਜਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜੇ ਉਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 277 5720 ***194***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 5 ਫੁੱਟ 10 ਇੰਚ, ਈ ਟੀ ਐਸ ਡਰਾਈਵਰ ,ਸੈਲਰੀ 90,000 ਕਨੇਡੀਅਨ ਡਾਲਰ ਕਮਾਉਂਦੇ ਲੜਕੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 780 975 4410 ***193***

## ਲੜਕੇ- ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾਂ ਪਰਿਵਾਰ ਦੇ ਲੜਕੇ, ਜਨਮ 1990, ਵਧੀਆ ਕੰਮਕਾਰ,ਪਰਿਵਾਰ ਕਨੇਡਾ ਸੈਟਲ ਹੈ । ਇਸੇ ਹੀ ਪਰਿਵਾਰ ਦੀ ਪੰਜਾਬ ਰਹਿੰਦੀ ਲੜਕੀ ਉਮਰ 33 ਸਾਲ , ਵਿਦਿਅਕ ਯੋਗਤਾ ਬੀ ਏ , ਕੱਦ 5 ਫੁੱਟ 6 ਇੰਚ ਲਈ ਲਈ ਰਿਸ਼ਤਿਆਂ ਦੀ ਲੋੜ ਹੈ । ਸੰਪਰਕ: 587 433 0213 ਜਾਂ 587 581 1313 ***193***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਜਿਸ ਕੋਲ ਆਪਣਾ ਖੁਦ ਦਾ ਘਰ ਹੈ, ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ। ਸੰਪਰਕ: 403 615 0583 ***199***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸਿੰਘ ਪਰਿਵਾਰ ਦੇ ਤਲਾਕ ਸ਼ੁਦਾ, ਆਪਣਾ ਟਰਾਂਸਪੋਰਟ ਦਾ ਬਿਜਨਿਸ ਕਰਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਐਸ ਸੀ ਡਿਗਰੀ ਹੋਲਡਰ ਲਈ ਗੁਰਸਿੱਖ ਵਿਚਾਰਾਂ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਵਿਧਵਧ ਜਾਂ ਸਿੰਗਲ ਜਾਂ ਡਿਵੋਰਸ ਉਮਰ 31 ਸਾਲ ਤੋਂ 36 ਸਾਲ ਦੇ ਲੱਗਭੱਗ ਹੋਵੇ । ਇਸ ਫੋਨ 306 514 7590 ਜਾਂ ਈ ਮੇਲ rockygs17@gmail.com ਉੱਪਰ ਸੰਪਰਕ ਕਰ ਸਕਦੇ ਹੋ । ***192***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਮੰਡਾਹਰ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ ਬੀ ਬੀ ਏ,ਆਪਣਾ ਖੁਦ ਦਾ ਬਿਜਨਿਸ ਚਲਾ ਰਹੇ ਲਈ,ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ, ਵਿਜਟਿਰ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਵੱਡਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਵਿਆਹ ਉਪਰੰਤ ਲੜਕੇ ਨੂੰ ਸੈਟਲ ਹੋਣ ਲਈ ਮੱਦਦ ਵੀ ਕਰ ਸਕਦਾ ਹੈ। ਕਾਲ: 403 681 7586 ***190***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਾਧੜਾ ਪਰਿਵਾਰ ਦੇ ਕਲੀਨ ਸੇਵ, ਤਲਾਕ ਸੁਦਾ, ਲੜਕੇ ਉਮਰ 46 ਸਾਲ ,ਕੱਦ 5 ਫੁੱਟ 7 ਇੰਚ ,ਵਿਦਿਅਕ ਯੋਗਤਾ ਬੀ ਏ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਇੰਗਲੈਂਡ ਦੀ ਸਿਟੀਜਨਸਿੱਪ ਵੀ ਹੈ ਅਤੇ ਹੁਣ ਕਨੇਡਾ ਵਿੱਚ ਟਰੱਕਿੰਗ ਇੰਡਸਟਰੀ ਵਿੱਚ ਨੌਕਰੀ ਕਰਦਾ ਹੈ। ਬਿਨਾ ਬੱਚੇ ਤੋਂ ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਕਨੇਡਾ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 306 881 1650 ***192***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਿਜੀਟਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ । ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ-: +1 204-951-6503,+1 431-374-4686 ***191***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ : Masters in food science ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 404 0022, 403 470 4136***191***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 37 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਬੀ ਏ ,ਬਿਊਟੀਸ਼ਨ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ 10 ਸਾਲ ਦਾ ਬੇਟਾ ਵੀ ਹੈ। ਤਲਾਕਸੁਦਾ ਬੱਚੇ ਵਾਲਾ ਵੈਲ ਸੈਟਲਡ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 (403) 606-4767 ***191***

## ਲੜਕੀ ਦੀ ਲੋੜ

ਸ਼ਰਮਾ ਪਰਿਵਾਰ ਦੇ ਇੰਡੀਆ ਰਹਿੰਦੇ ਪਿਊਰ ਵੈਜੀਟੇਰੀਅਨ ਮੰਗਲੀਕ ( 9 ਦਸੰਬਰ 1991) ਲੜਕੇ ਉਮਰ 30 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਗਰੈਜੂਏਟ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੀ ਭੈਣ ਕਨੇਡਾ ਵਿਆਹੀ ਹੋਈ ਹੈ ਅਤੇ ਪੱਕੇ ਤੌਰ ਤੇ ਕਨੇਡਾ ਸੈਟਲ ਹੈ । ਸੰਪਰਕ: ਵਟਸਐਪ: 8725973226 ਜਾਂ 1 780 245 4555***191***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਕਨੇਡੀਅਨ ਪੀ ਆਰ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ,ਆਟੋ ਮੋਬਾਈਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਆਟੋਮੋਬਾਇਲ ਟੈਕਨੀਸ਼ੀਅਨ ਦੀ ਜੌਬ ਕਰ ਰਿਹਾ ਹੈ । ਮਾਲਵਾ ਇਲਾਕੇ ਨੂੰ ਪਹਿਲ । ਵਟਸ ਐਪ ਸੰਪਰਕ : 306 515 3985***191***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 38, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਏ , ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਕੋਲ 4 ਸਾਲ ਦਾ ਬੇਟਾ ਹੈ। ਵਰਕ ਪਰਮਿਟ ,ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਨੇਡੀਅਨ ਪੀ ਆਰ ਜਾਂ ਸਿਟੀਜਨ ਤਲਾਕ ਸੁਦਾ ਲੜਕਾ ਜਿਹਨਾਂ ਦੇ ਭਾਵੇ ਕੋਈ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੇ ਹਨ। ਕਾਲ: 1 825 735 4706 ***191***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 35 ਸਾਲ ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ ਟੂ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਕਨੇਡੀਅਨ ਪੀ ਆਰ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਤਲਾਕ ਸੁਦਾ ਵੀ ਸੰਪਰਕ ਕਰ ਸਕਦੇ ਹਨ। 1 825 735 4706***191***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਨਸ਼ਾ ਰਹਿਤ, ਜੱਟ ਸਿੱਖ ਪਰਿਵਾਰ ਦੇ ਲੜਕੇ (ਸਾਰਟ ਮੈਰਿਜ ਡਿਵੋਰਸ) ਉਮਰ 45 ਸਾਲ, ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ ਪਲੱਸ 2, ਲਈ 35 ਤੋਂ 43 ਸਾਲ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜਾ, ਡਿਵੋਰਸ ਅਤੇ ਬੱਚੇ ਸਮੇਤ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 707 3254 ***191***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਮਕੈਨੀਕਲ ਇੰਜੀਨੀਅਰ ਲਈ ਕਨੇਡਾ ਤੋਂ ਹੀ ਪੜੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਕੱਦ 5 ਫੁੱਟ 6 ਇੰਚ ਤੋਂ ਲੈਕੇ 5 ਫੁੱਟ 9 ਇੰਚ ਦੇ ਵਿਚਕਾਰ ਹੋਵੇ । ਬੀ ਐਸ ਸੀ ਨਰਸਿੰਗ ਤੇ ਮਾਲਵਾ ਇਲਾਕੇ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ (ਕਨੇਡਾ) ਸੈਟਲ ਹੈ। ਸੰਪਰਕ: 587 619 4311 ਜਾਂ ਵਟਸ ਐਪ 91 94642 68716 ***190***

## ਲੜਕੀ ਦੀ ਲੋੜ

ਗਰੇਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਭਰਾ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਕਿ ਲੜਕੇ ਨੂੰ ਸੈਟਲ ਹੋਣ ਤੇ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦਾ ਹੈ। ਸੰਪਰਕ : 1 604 368 6214 ਜਾਂ 1 236 788 4632 ***190***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈਗ- 431 733 3000

## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

## ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 702 0424 ***192***

## Need Nanny

Looking for a nanny live in or live out 5 days a week (Mon - Fri) to cook, clean, and babysit 1.5 year old baby girl & 6 year old baby boy.
Salary: $12-$15
Gurbinder Sohal
City: Regina, SK
Contact Number 306-520-4313

## Hiring !

**Daffodils Cargologistics Inc. islooking for Class 1 Drivers forlong - HaulBest pay packages upto 58 cents per mile Applicants should have minimum of 7 - 12 months driving experience Please contact with your drivinglicense and commercialdriving abstract**
**Email: dclogistics4@gmail.com**
**Phone : 204-396-1696 , 204-891-0031**

## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## Hiring

**Hair and face art salon islooking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour fulltime job**
**Interested candidates please send your resume at email: hairandfaceart994@gmail.com**

## Need Nanny

Looking for a nanny live in or live out 5 days a week (Mon - Fri) to cook, clean, and babysit 0-5 year old baby girl.
Salary: $12-$15 Per Hour
Gurpreet Suman & Pradeep Kaur Sandhu
City: Regina, SK
Contact Number 306-621-0987

## Name change

I, Amandeep Kaur, daughter of Ajmer Singh, holder of Indian Passport No. N6894667, issued at Vancouver, Canada, on 21/03/2016, permanent resident of VPO Seonsar, Teh Pehowa, Distt Kurukshetra, Haryana, India and presently residing at 219 Rundleridge DR. NE Calgary, AB, Canada, T1Y2K5, do hereby change my name from Amandeep Kaur to Aman Sidhu Lamoureux, with immediate effect. Date: 17/02/2022.

## ਅਲਬਰਟਾ ਸਰਕਾਰ ਨੇ ਯੂਕਰੇਨ ਲਈ 10 ਲੱਖ ਡਾਲਰ ਦੀ ਸਹਾਇਤਾ ਰਾਸ਼ੀ ਦਾ ਕੀਤਾ ਐਲਾਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਐਲਾਨ ਕੀਤਾ ਹੈ ਕਿ ਰੂਸ ਵੱਲੋਂ ਯੂਕ੍ਰੇਨ ਉੱਤੇ ਹਮਲਾ ਕੀਤੇ ਜਾਣ ਦੇ ਦੌਰਾਨ ਮਨੁੱਖੀ ਅਧਾਰ 'ਤੇ 10 ਲੱਖ ਡੌਲਰਜ਼ ਦੀ ਸਹਾਇਤਾ ਰਾਸ਼ੀ ਭੇਜਣ ਦਾ ਐਲਾਨ ਕੀਤਾ ਹੈ। ਇਹ ਰਕਮ ਫ਼ਸਟ ਏਡ ਅਤੇ ਮੈਡਿਕਲ ਸਹਾਇਤਾ ਵਾਸਤੇ ਭੇਜੀ ਜਾ ਰਹੀ ਹੈ।

## ਬਰਾਇਨ ਜੀਨ ਨੂੰ ਆਪਣੇ ਆਪ ਉੱਪਰ ਭਰੋਸਾ ਹੈ ਕਿ ਉਹ ਚੋਣ ਜਿੱਤ ਹੀ ਜਾਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਉਂਦੀ 15 ਮਾਰਚ ਨੂੰ ਫੋਰਟ ਮੈਕਮਰਿ-ਲੈਕ-ਲਾ-ਬੀਸ਼ ਰਾਇਡਿੰਗ ਤੋਂ ਹੋਣ ਵਾਲੀ ਵਿਧਾਨਸਭਾ ਬਾਇ-ਇਲੈਕਸ਼ਨ ਵਿੱਚ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਉਮੀਦਵਾਰ ਬ੍ਰਾਇਨ ਜੀਨ ਨੇ ਭਰੋਸਾ ਪ੍ਰਗਟ ਕੀਤਾ ਹੈ ਕਿ ਉਹ ਇਹ ਚੋਣ ਜਿੱਤ ਜਾਣਗੇ ਤੇ ਫਿਰ ਪਾਰਟੀ ਲੀਡਰ ਜੇਸਨ ਕੈਨੀ ਨੂੰ ਹਟਾਉਣ ਲਈ ਸਰਗਰਮ ਹੋਣਗੇ। ਉਹਨਾਂ ਆਪਣੀ ਪਾਰਟੀ ਦੇ ਹੋਰ ਵਿਧਾਇਕਾਂ ਨੂੰ ਕਿਹਾ ਹੈ ਕਿ ਉਹਨਾਂ ਨੂੰ ਇਸ ਰਾਇਡਿੰਗ ਵਿੱਚ ਆ ਕੇ ਚੋਣ ਪ੍ਰਚਾਰ ਕਰਨ ਦੀ ਲੋੜ ਨਹੀਂ ਸਗੋਂ ਉਹ ਆਪੋ ਆਪਣੇ ਇਲਾਕਿਆਂ ਵਿੱਚ ਮੈਂਬਰਸ਼ਿਪ ਬਣਾਉਣ ਤੇ ਜੇਸਨ ਕੈਨੀ ਨੂੰ ਹਟਾਉਣ ਲਈ ਰੈਡ ਡੀਅਰ ਵਿੱਚ 9 ਅਪ੍ਰੈਲ ਨੂੰ ਹੋਣ ਵਾਲੀ ਲੀਡਰਸ਼ਿਪ ਰੇਸ ਵਿੱਚ ਵੋਟ ਪਾਉਣ। ਇਸ ਰਾਇਡਿੰਗ ਤੋਂ ਐਨਡੀਪੀ ਦੀ ਐਰਿਐਨਾ ਮੈਨਸਿਨੀ, ਵਾਇਲਡਰੋਜ਼ ਇੰਡਿਪੈਂਡੈਂਸ ਪਾਰਟੀ ਦੇ ਪੌਲ ਹਿਨਮੈਨ ਅਤੇ ਲਿਬਰਲ ਪਾਰਟੀ ਤੋਂ ਅਬਦੁਲ ਹਕੀਮ ਹੁਸੈਨ ਵੀ ਮੈਦਾਨ ਵਿੱਚ ਹਨ।

# ਅੰਬੋ ਕਿੱਧਰ ਗਈ



ਜਸਵਿੰਦਰ ਸਿੰਘ ਜਸ
9781925568

ਉਸੇ ਰੂਟ ਤੇ ਦੌੜਦੀ ਇੱਕ ਰੇਲ ਗੱਡੀ ਦੇ ਇੱਕ ਡੱਬੇ ਦਾ ਦ੍ਰਿਸ਼ ਹੈ ਜਿੱਥੇ ਸਵਾਰੀਆਂ ਬੈਠੀਆਂ-ਬਿਠਾਈਆਂ ਦੂਰ ਪਰਲੇ ਸਿਰੇ ਤੇ ਖੜ੍ਹੀ ਮੰਜ਼ਿਲ ਨੂੰ ਜਾ ਮਿਲਦੀਆਂ ਹਨ ।ਇੱਕ ਚੁੱਪ ਦੇ ਲਿਬਾਸ ਪਾਰ ਇੱਕ ਅਣਦਿਸਦੇ ਸ਼ੋਰ ਦਾ ਇੱਕ ਖਿਲਾਰਾ ਮਹਿਸੂਸ ਹੁੰਦਾ ਹੈ ਜਿਵੇਂ ਲੱਕੜ ਦੇ ਕੁੱਝ ਬੁੱਤ ਹੋਣ, ਜਿਉਂਦੇ-ਜਾਗਦੇ,ਸਾਹ ਲੈਂਦੇ ਅਤੇ ਗੱਡੀ ਦੇ ਵਿੱਚ ਬੈਠੇ ਬੈਠੇ ਜ਼ਿੰਦਗੀ ਦੀ ਗੱਡੀ ਤੋਂ ਕਦੇ ਅੱਗੇ ਨਿਕਲਦੇ ਕਦੇ ਪਿੱਛੇ ਰਹਿੰਦੇ, ਗੱਡੀ ਨੂੰ ਕਦੇ ਕਦੇ ਤੋਰਦੇ ਕਦੇ ਖਲ੍ਹਿਆਰਦੇ .। ਇਹ ਛੋਟੇ ਕੱਪੜਿਆਂ ਪਰ ਲੰਮੇ ਵਾਲਾਂ ਵਾਲੀ ਕੁੜੀ , ਉਸਦੇ ਕੰਨਾਂ ਵਿੱਚ ਈਅਰ ਫੋਨ ਦਾ ਜੋੜਾ ਫਸਿਆ ਹੋਇਆ ਹੈ। ਉਹ ਕੁਝ ਸਮੇਂ ਬਾਦ ਸਿਰ ਨੂੰ ਕਿਸੇ ਵਜਦ ਵਿੱਚ ਹਿਲਾਉਂਦੀ ਹੈ , ਝਟਕਦੀ ਹੈ ਜਾਂ ਫਿਰ ਲਹਿਰਾਉਂਦੀ ਹੈ ਜਿਵੇਂ ਕੋਈ ਸੰਗੀਤ ਸੁਣ ਰਹੀ ਹੋਵੇ । ਉਸ ਦੀਆਂ ਅੱਖਾਂ ਥੋੜੇ-ਥੋੜੇ ਵਕਫੇ ਤੋਂ ਖੁੱਲ੍ਹ ਕੇ ਬੰਦ ਹੁੰਦੀਆਂ ਹਨ ਜਾਂ ਫਿਰ* ਬੰਦ ਹੋ ਕੇ ਖੁਲ੍ਹਦੀਆਂ ਹਨ ।ਇਸੇ ਫੱਟੇ ਦੇ ਪਰਲੇ ਸਿਰੇ ਵਾਲੀ ਸ਼ਹਿਰਨ ਆਂਟੀ ਦੇ ਹੱਥ ਵਿਚਲੀਆਂ ਸਿਲਾਈਆਂ ਜਿਵੇਂ ਵਰ੍ਹਿਆਂ ਤੋਂ ਅੱਡ ਹੋਏ ਸਵੈਟਰ ਦੇ ਕੁੰਡਿਆਂ ਵਿੱਚ ਸੁਲ੍ਹਾ- ਸਫਾਈ ਕਰਵਾਉਣ ਲਈ ਆਪ ਉੱਪਰ-ਥੱਲੇ ਲਗਾਤਾਰ ਡੁਬਕੀਆਂ ਲਾਉਂਦੀਆਂ ਹਨ ।ਨਾਲ ਵਾਲੇ ਗਭਰੂਟ ਜਿਹੇ ਮੁੰਡੇ ਦੀਆਂ ਉਂਗਲਾਂ ਮੁਬਾਈਲ ਫੋਨ ਦੀ ਡਿਸਪਲੇਅ ਉੱਪਰ ਕੋਈ ਚੋਗਾ ਜਿਹਾ ਚੁਗਦੀਆਂ ਮਹਿਸੂਸ ਹੁੰਦੀਆਂ ਹਨ ਠੀਕ ਉਸਦੇ ਸਾਹਮਣੇ ਵਾਲੀ ਅਧਚਿੱਟੇ ਜਿਹੇ ਵਾਲਾਂ ਵਾਲੀ ਇੱਕ ਬੇਬੇ ਨੇ ਹੁਣ ਤੱਕ ਦੋ ਤਿੰਨ ਵਾਰ ਆਪਣੇ ਹੱਥ ਵਿੱਚ ਫੜ੍ਹੇ ਝੋਲੇ ਵਿੱਚੋਂ ਇੱਕ ਪੋਟਲੀ ਵਿੱਚ ਵਲ੍ਹੇਟਿਆ ਐਨਕਾਂ ਦਾ ਜੋੜਾ ਬਾਹਰ ਕੱਢਿਆ ਅਤੇ ਫਿਰ ਇਸ ਕੱਢੇ ਹੋਏ ਜੋੜੇ ਨੂੰ ਫਿਰ ਪੋਟਲੀ ਵਿੱਚ ਪਾ ਆਪਣੇ ਝੋਲੇ ਵਿੱਚ ਸਰਕਾ ਆਪਣੀ ਬੁੱਕਲ ਵਿੱਚ ਰੱਖ ਲਿਆ ਹੈ ਜਿਵੇਂ ਉਸ ਨੂੰ ਥੋੜ੍ਹੀ ਦੇਰ ਪਹਿਲਾਂ ਕੀਤੇ ਆਪਣੇ ਇਸ ਕੰਮ ਦੀ ਭਰੋਸੇਯੋਗਤਾ ਉੱਪਰ ਹੀ ਕੋਈ ਸ਼ੱਕ ਹੋਵੇ ।ਉਸ ਫੱਟੇ ਦੀ ਦੂਸਰੀ ਨੁੱਕਰ ਤੇ ਪਿਲੱਤਣ ਜਿਹੀ ਦੀ ਭਾਅ ਮਾਰਦੀ ਦਾਹੜੀ ਵਾਲੇ ਬਾਬੇ ਨੇ ਆਪਣੇ ਪੁਰਾਣੇ ਜਿਹੇ ਬਟੂਏ ਵਿੱਚ ਪਾਏ ' ਨੋਟਾਂ' ਦੀ ਇੱਕ ਦੋ ਵਾਰ ਆਪਣੇ ਨੀਲੀ ਸਿਆਹੀ ਨਾਲ ਲਿਬੜੇ ਅੰਗੂਠੇ ਨਾਲ ਉਲੱਦ-ਪਲੱਦ ਕਰ ਲਈ ਹੈ । ਗੱਡੀ ਦੀ ਟਿਕਟ ਨੂੰ ਪੁੱਠਾ-ਸਿੱਧਾ ਕਰ ਫਿਰ ਬਟੂਏ ਵਿੱਚ ਪਾ ਜੇਬ ਵਿੱਚ ਸਰਕਾ ਲਿਆ ਹੈ ।ਉਹ ਉਹ ਕਦੇ ਕਦੇ ਬਾਰੀ ਤੋਂ ਬਾਹਰ ਦੂਰ ਸਰਪਟ ਪਿੱਛੇ ਨੂੰ ਜਾ ਰਹੇ ਰੁੱਖਾਂ ਨੂੰ ਨਿਹਾਰਦਾ ਹੈ । ਇਹ ਵਰਤਾਰਾ ਬਦਦਸਤੂਰ ਜਾਰੀ ਹੈ । ਬਿਨਾ ਕਿਸੇ ਅਵਾਜ਼ ਦੇ , ਬਿਨਾ ਕਿਸੇ ਖਾਸ ਤਰੱਦਦ ਦੇ , ਸੁਤੇ-ਸਿਧ ਆਪ-ਮੁਹਾਰਾ ਜਿਹਾ । ਜਦੋਂ ਕਿਸੇ ਸਟੇਸ਼ਨ ਤੇ ਗੱਡੀ ਰੁਕਦੀ ਹੈ ਤਾ ਕੁਝ ਨਵੀਆਂ ਸਵਾਰੀਆਂ ਦੇ ਅੰਦਰ ਆਉਣ ਅਤੇ ਕੁਝ ਦੇ ਉਤਰ ਕੇ ਬਾਹਰ ਜਾਣ ਦੇ ਅਮਲ ਤੋਂ ਬਿਨਾ ਜਾਂ ਫਿਰ ਕਿਸੇ ਗੋਲੀਆਂ, ਫੁੱਲੇ ਵੇਚਣ ਵਾਲੇ ਦੀ ਅਵਾਜ਼ ਦੇ ਹੋਕੇ ਤੋਂ ਬਿਨਾ ਹੋਰ ਕੋਈ ਅਵਾਜ਼ ਨੁਮਾਇਆ ਨਹੀਂ ਹੁੰਦੀ । ਮੈਂ ਸਮੇਂ ਦੀ ਚਾਲ ਨਾਲ ਪਿਛਲ-ਖੁਰੀ ਹੋ ਕੇ ਵਰ੍ਹਿਆਂ ਦੀ ਧੂੜ ਤੋਂ ਪਾਰ ਕਿਸੇ ਗੁਜਰੇ ਕੱਲ੍ਹ ਵਿੱਚ ਝਾਕਦਾ ਹਾਂ ।ਇਸੇ ਡੱਬੇ ਵਿੱਚ ਸਿੱਧੇ-ਪੱਧਰੇ ਜਿਹੇ ਲੋਕਾਂ ਦੀ ਵਲਾਵੇਂਦਾਰ ਭਾਸ਼ਾ ਦੀ ਗੈਰਹਾਜਰੀ ਵਾਲੇ ਬੋਲ ਦੁਬਾਰਾ ਕੰਨਾ ਵਿੱਚ ਪੈਂਦੇ ਹਨ ।ਕਿਸੇ ਤੂੜੇ ਹੋਏ ਡੱਬੇ ਵਿੱਚ ਸਵਾਰੀਆਂ ਤਾਂ ਹਨ ਪਰ ਭੀੜ ਉੱਕਾ ਹੀ ਨਹੀਂ ।ਕਿਸੇ ਮਧਰੇ ਜਿਹੇ ਕੱਦ ਦੀ ਸਿਰ ਤੇ ਛਿੰਦੀ ਬੂਟੀ ਦੀ ਚਿੱਟੀ ਚੁੰਨੀ ਵਾਲੀ ਕੁਝ ਤੀਵੀਆਂ, ਕੁੜੀਆਂ ਚਿੜੀਆਂ ਵਿੱਚ ਘਿਰੀ ਅੰਬੋ ਮੇਰੇ ਚੇਤਿਆਂ ਵਿੱਚ ਆ ਉਤਰਦੀ ਹੈ । ਉਸ ਦੇ ਕੰਨਾਂ ਦੀਆਂ ਲੰਮੀਆਂ ਹੋਈਆਂ ਮੋਰੀਆਂ ਵਿੱਚ ਪਾਏ ਤੁੰਗਲ ਉਸਦੇ ਸਿਰ ਹਿੱਲਣ ਨਾਲ ਅੱਗੇ ਪਿੱਛੇ ਹਿਲਦੇ ਹਨ ।ਉਸ ਦੇ 'ਸਰੋਤਿਆਂ' ਦੇ ਕੰਨ ਅੰਬੋ ਦੇ ਬੋਲਾਂ ਨੂੰ ਸੋਖਣ ਲਈ ਖੜ੍ਹੇ ਹੋਏ ਮਹਿਸੂਸ ਹੁੰਦੇ ਹਨ ।ਉਸ ਦੇ ਹੀ ਨਾਲ ਬੈਠੀ ਇੱਕ ਦੂਸਰੀ ਅੰਮਾ ਜੀ ਕਾਫੀਏ ਨਾਲ ਕਾਫੀਆ ਮਿਲਾਉਂਦੀ ਹੈ। ਕਦੇ ਕਦੇ ਕੋਈ ਠਹਾਕਾ ਉੱਚਾ ਹੁੰਦਾ ਹੈ ।ਗੱਲਾ ਦਾ ਵਿਸ਼ਾ ਗੋਡਿਆਂ ਮੋਢਿਆਂ ਦੇ ਦਰਦ ਤੋਂ ਸ਼ੁਰੂ ਹੋ ਕੇ ਮੁੰਡੇ-ਕੁੜੀ ਦੇ ਸਾਕ ਦੀ ਦੱਸ ਤੱਕ ਜਾ ਵਿਛਦਾ ਹੈ ।ਦੂਰ ਦੇ ਕਿਸੇ ਪਿੰਡ ਮੂੰਹ ਨਾਲ ਕੰਡਾ ਕੱਢਣ ਵਾਲੀ , ਸਿੰਗੀਆਂ ਲਾਉਣ ਵਾਲੇ ਨਿਆਮਤ ਪੂਰਬੀਏ ਜਾਂ ਫਿਰ ਅਧਸਿਰੇ ਦਾ ਥੌਲਾ ਪਾਉਣ ਵਾਲੇ ਕਰਮੂ ਛੀਂਬੇ ਦੀ ਦੱਸ ਪੈਂਦੀ ।ਬੁਧ ਰਾਮ ਰੰਗਾਂ ਵਾਲੇ ਦੇ ਪੱਕੇ ਰੰਗਾਂ ਦੀ ਆਪ-ਮੁਹਾਰੇ ਗਰੰਟੀ ਦਿੱਤੀ ਜਾਂਦੀ ।ਨਾਲ ਦੇ ਪਿੰਡ ਵਾਲੇ ਹਕੀਮ ਦੁਆਰਾ ਤਲੀ ਤੇ ਸਰ੍ਹੋਂ ਜਮਾਉਣ ਦੀਆਂ ਪਕਿਆਈਆਂ ਲਗਾਤਾਰ ਖਿੱਲਰ ਖਿੱਲਰ ਡੱਬੇ ਵਿੱਚ ਮਹਿਕਦੀਆਂ । ਪਿੰਡ ਦੇ ਲਾਲੇ ਦੁਆਰਾ ਆਲੂਆਂ ਦੇ ਗੱਟੇ ਤੇ ਪਏ ਘਸਮੈਲੇ ਜਿਹੇ ਪਲਾਸਟਿਕ ਦੇ ਡੱਬੇ ਵਿੱਚੋਂ ਚੱਕ ਕੇ ਫੜਾਈਆਂ ਹਰੇ ਪੱਤੇ ਵਾਲੀਆਂ ਗੋਲੀਆਂ ਦਾ ਕ੍ਰਿਸ਼ਮਾ ਵੀ ਗੱਲਾਂ ਵਿੱਚ ਆ ਘੁਸਪੈਠ ਕਰਦਾ ।ਪੂਤਨੇ ਸੰਤਰੇ ਦੀਆਂ ਗੋਲੀਆਂ ਵੇਚਣ ਵਾਲੇ ਅਮਰ ਸਿਹੁੰ ਨਾਲ ਉਸ ਦਾ ਵਾਰਤਾਲਾਪ ਇਉਂ ਲੰਮਾ ਹੋ ਜਾਂਦਾ ਜਿਵੇਂ ਉਹ ਉਸ ਦਾ ਕੋਈ ਨਿਗਦਾ ਸਕੀਰੀਦਾਰ ਹੋਵੇ ਅਤੇ ਵਰ੍ਹਿਆਂ ਬਾਦ ਮਿਲਿਆ ਹੋਵੇ ।ਵੇ ਅਮਰ ਸਿੰਹਾਂ, ਤੂੰ ਅਜੇ ਮਰਿਆ ਈ ਨੀ । ਅੰਬੋ ਦੇ ਇਹਨਾਂ ਬੋਲਾਂ ਨਾਲ ਠਹਾਕਾ ਗੂੰਜਦਾ । ਨਾ , ਤੂੰ ਕਿਹੜਾ ਮੇਰੇ ਮਰੇ ਤੋਂ ਪੱਲਾ ਪਾਉਣ ਆਉਣਾ ? ਨਾਲੇ ਤੂੰ ਕਿਹੜਾ ਬਾਲਕੀ ਏਂ ? ਅਮਰ ਸਿਹੁੰ ਵੀ ਕਿਹੜਾ ਕਿਸੇ ਤੋਂ ਘੱਟ ਸੀ ।ਉਹ ਵੀ ਸੇਰ ਨੂੰ ਸਵਾ ਸੇਰ ਬਣ ਕੇ ਟੱਕਰਦਾ । ਜਦੋਂ ਕਿਸੇ ਸਟੇਸ਼ਨ ਤੋਂ ਚੜ੍ਹੀ ਕਿਸੇ ਵੱਡੀ ਉਮਰ ਦੀ ਜਨਾਨੀ ਨੂੰ ਉਹ ਖੜ੍ਹਾ ਵੇਖਦੀ ਤਾਂ ਬੈਠੇ ਕਿਸੇ ਮੁੰਡੇ ਦੇ ਮੋਢੇ ਤੇ ਹੱਥ ਮਾਰ ਕੇ ਨਾਲੇ ਉਸ ਨੂੰ ਉਠਾ ਦਿੰਦੀ ਤੇ ਨਾਲੇ ਆਖਦੀ, ਉੱਠ ਵੇ ਘੋਗਲ ਕੰਨਿਆਂ ਜਿਹਿਆ , ਛੱਡ ਵੇ ਆਵਦੀ ਅੰਬੋ ਨੂੰ ਸੀਟ ਮੇਰੇ ਮਨ ਦਾ ਪੰਛੀ ਕੱਚੇ ਰਾਹਾਂ ਦੀ ਧੂੜ ਵਿੱਚੋਂ ਪਰਿਕਰਮਾ ਕਰਦਾ ਫਿਰ ਇਸੇ ਡੱਬੇ ਦੀ ਉਸੇ ਸੀਟ ਤੇ ਆ ਬੈਠਦਾ ਹੈ ।ਮੇਰੇ ਆਲੇ-ਦੁਆਲੇ ਦਾ ਮਹੌਲ ਅਜੇ ਵੀ ਉਸੇ ਤਰਾਂ ਦਾ ਬਣਿਆ ਹੋਇਆ ਹੈ ।ਚੁੱਪ । ਬੱਸ ਕਦੇ ਕਦੇ ਡੀਜਲ ਇੰਜਣ ਦਾ ਹਾਰਨ ਇਸ ਚੁੱਪ ਨੂੰ ਤੋੜਦਾ ਹੈ ।ਹਾਂ, ਪਿਛਲੇ ਸਟੇਸ਼ਨ ਤੋਂ ਗਿੱਟੇ ਉੱਤੇ ਬੰਨ੍ਹੀ ਗਰਮ ਪੱਟੀ ਵਾਲਾ ਇਹ ਖੂੰਡੀ ਵਾਲਾ ਬਾਬਾ ਪਤਾ ਨਹੀਂ ਕਦੋਂ ਮੇਰੇ ਨਾਲ ਆ ਬੈਠਾ ਹੈ । ਪਰ ਉਹ ਅੰਬੋ ਕਿਸੇ ਵੀ ਸਟੇਸ਼ਨ ਤੋਂ ਨਹੀਂ ਚੜ੍ਹੀ ।ਡੱਬਾ ਸਵਾਰੀਆਂ ਦਾ ਭਰਿਆ ਹੋਇਆ ਪਰ ਅਜੇ ਵੀ ਕਿਤੇ ਖਾਲੀ ਹੈ । ਉਹ ਪਤਾ ਨਹੀਂ ਕਿੱਧਰ ਗਈ ..

## ਯੂਕ੍ਰੇਨ ਪੜ੍ਹਨ ਗਈ ਖੰਨਾ ਦੀ ਕੁੜੀ ਸਹੀ-ਸਲਾਮਤ ਘਰ ਪੁੱਜੀ, ਮਾਪਿਆਂ ਨੇ ਲਿਆ ਸੁੱਖ ਦਾ ਸਾਹ

ਖੰਨਾ (ਪੰਜਾਬੀ ਅਖਬਾਰ ਬਿਊਰੋ)- ਕਈ ਦਿਨਾਂ ਤੋਂ ਰੂਸ ਤੇ ਯੂਕ੍ਰੇਨ ਵਿਚਕਾਰ ਚੱਲ ਰਹੀ ਜੰਗ ਦੇ ਆਸਾਰ ਹੋਰ ਵੱਧਣ ਕਾਰਨ ਉੱਥੇ ਸਿੱਖਿਆ ਹਾਸਲ ਕਰ ਰਹੇ ਭਾਰਤੀ ਵਿਦਿਆਰਥੀਆਂ ਨੇ ਆਪਣੇ-ਆਪਣੇ ਘਰਾਂ ਨੂੰ ਪਰਤਣਾ ਸ਼ੁਰੂ ਕਰ ਦਿੱਤਾ ਪਰ ਅਜੇ ਵੀ ਬਹੁਤ ਸਾਰੇ ਵਿਦਿਆਰਥੀ ਯੂਕ੍ਰੇਨ 'ਚ ਫ਼ਸੇ ਹੋਏ ਹਨ। ਅਜਿਹੇ ਹਾਲਾਤ 'ਚ ਉਨ੍ਹਾਂ ਮਾਪਿਆਂ ਦਾ ਦਰਦ ਸ਼ਬਦਾਂ 'ਚ ਬਿਆਨ ਨਹੀਂ ਕੀਤੀ ਜਾ ਸਕਦਾ, ਜਿਨ੍ਹਾਂ ਦੇ ਬੱਚੇ ਅਜਿਹੇ ਹਾਲਾਤ 'ਚ ਵਿਦੇਸ਼ 'ਚ ਫ਼ਸੇ ਹੋਣ। ਖੰਨਾ ਨਿਵਾਸੀ ਦਿਨੇਸ਼ ਵਿੱਜ ਤੇ ਮੀਨਾਕਸ਼ੀ ਵਿੱਜ ਦੀ ਖੁਸ਼ੀ ਦਾ ਵੀ ਉਸ ਵੇਲੇ ਕੋਈ ਟਿਕਾਣਾ ਨਹੀਂ ਰਿਹਾ, ਜਦੋਂ ਯੂਕ੍ਰੇਨ ਪੜ੍ਹਨ ਗਈ ਉਨ੍ਹਾਂ ਦੀ ਧੀ ਕਸ਼ਿਸ ਵਿੱਜ ਬੀਤੇ ਦਿਨ ਸੁਰੱਖ਼ਿਅਤ ਆਪਣੇ ਘਰ ਪਰਤੀ।



ਖੰਨਾ ਦੇ ਸ਼ਿਵਪੁਰੀ ਮੁਹੱਲਾ ਵਿਖੇ ਰਹਿਣ ਵਾਲੇ ਭਾਜਪਾ ਆਗੂ ਦਿਨੇਸ਼ ਵਿਜ ਦੀ ਧੀ ਕਸ਼ਿਸ਼ ਵਿਜ ਜੋ ਕਿ ਯੂਕ੍ਰੇਨ ਐੱਮ. ਬੀ. ਬੀ. ਐੱਸ. ਕਰਨ ਗਈ ਸੀ ਤਾਂ ਉੱਥੇ ਹਾਲਾਤ ਖਰਾਬ ਹੋਣ ਕਰਕੇ ਯੂਨੀਵਰਸਿਟੀ ਵੱਲੋਂ ਭਾਰਤੀ ਵਿਦਿਆਰਥੀ ਵਾਪਸ ਭੇਜੇ ਗਏ, ਜਿਨ੍ਹਾਂ 'ਚ ਕਸ਼ਿਸ਼ ਵਿੱਜ ਵੀ ਸ਼ਾਮਲ ਸੀ। ਕਸ਼ਿਸ਼ ਨੇ ਦੱਸਿਆ ਕਿ ਉਹ ਯੂਕ੍ਰੇਨ ਵਿੱਚ ਐੱਮ. ਬੀ. ਬੀ. ਐੱਸ. ਦੇ ਦੂਜੇ ਸਾਲ ਦੀ ਪੜ੍ਹਾਈ ਕਰ ਰਹੀ ਹੈ ਤੇ ਦਸੰਬਰ 2020 'ਚ ਉੱਥੇ ਗਈ ਸੀ, ਉਹ ਬੀਤੀ ਸਵੇਰੇ ਹੀ ਵਾਪਸ ਪਰਤੀ ਹੈ।

ਉਨ੍ਹਾਂ ਦੀ ਯੂਨੀਵਰਸਿਟੀ ਵੈਸਟਰਨ ਸਾਈਡ 'ਤੇ ਹੈ, ਜਿਸ ਦਾ ਬਾਰਡਰ ਰੋਮਾਨੀਆ ਨਾਲ ਲੱਗਦਾ ਹੈ। ਉਨ੍ਹਾਂ ਦੇ ਬੈਚ ਵਿੱਚ 600 ਤੋਂ ਜ਼ਿਆਦਾ ਵਿਦਿਆਰਥੀ ਹਨ, ਜਿਨ੍ਹਾਂ 'ਚੋਂ 70 ਫ਼ੀਸਦੀ ਤਾਂ ਆਪਣੇ ਘਰ ਵਾਪਸ ਪਹੁੰਚ ਗਏ ਹਨ ਤੇ 30 ਫ਼ੀਸਦੀ ਵਿਦਿਆਰਥੀ ਹੀ ਰਹਿੰਦੇ ਹਨ, ਜੋ ਜਲਦੀ ਹੀ ਆਪਣੇ-ਆਪਣੇ ਦੇਸ਼ਾਂ 'ਚ ਪਹੁੰਚ ਜਾਣਗੇ। ਉੱਥੇ ਖਾਣ ਪੀਣ ਦੀ ਕੋਈ ਸਮੱਸਿਆ ਨਹੀਂ, ਬੱਸ ਨੈੱਟਵਰਕਿੰਗ ਦੀ ਜ਼ਰੂਰ ਸਮੱਸਿਆ ਆ ਰਹੀ ਸੀ। ਕਸ਼ਿਸ਼ ਦੇ ਪਿਤਾ ਦਿਨੇਸ਼ ਵਿਜ ਨੇ ਸਰਕਾਰ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਰਕਾਰ ਵਲੋਂ ਵਧੀਆ ਪ੍ਰਬੰਧ ਕੀਤੇ ਗਏ ਹਨ। ਬੱਚਿਆਂ ਦੀ ਸੁਰੱਖ਼ਿਆ ਨੂੰ ਦੇਖਦਿਆਂ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

# ਪੁਤਿਨ ਦੇ ਮਨ ਵਿੱਚ ਕੀ ਹੈ ਤੇ ਪੱਛਮੀ ਦੇਸ਼ ਕੀ ਕਰ ਸਕਦੇ ਹਨ ?



# ਯੂਕਰੇਨ ਤੋਂ ਬਾਅਦ ਅੱਗੇ ਕੀ ਹੋ ਸਕਦਾ ਹੈ?

**ਫਰੈਂਕ ਗਾਰਡਨਰ**

ਰੂਸ ਤੇ ਯੂਕਰੇਨ ਵਿੱਚ ਲੜਾਈ ਜਾਰੀ ਹੈ ਅਤੇ ਫਿਲਹਾਲ ਦੀ ਘੜੀ ਤਾਂ ਇੰਝ ਹੀ ਕਿਹਾ ਜਾ ਸਕਦਾ ਹੈ ਕਿ ਕੂਟਨੀਤੀ ਕਿਤੇ ਗਹਿਰੀ ਨੀਂਦ ਸੁੱਤੀ ਹੋਈ ਹੈ। ਯੂਕਰੇਨ ਪੂਰੀ ਤਰ੍ਹਾਂ ਨਾਲ ਰੂਸੀ ਹਮਲੇ ਦੀ ਮਾਰ ਹੇਠ ਹੈ ਅਤੇ ਆਪਣੇ ਬਚਾਅ ਲਈ ਹੱਥ-ਪੱਲੇ ਮਾਰ ਰਿਹਾ ਹੈ।

ਰੂਸ ਦਾ ਸਭ ਤੋਂ ਵੱਡਾ ਨਿਸ਼ਾਨਾ ਯੂਕਰੇਨ ਦੀ ਰਾਜਧਾਨੀ ਕੀਵ ਹੈ, ਇੱਥੇ ਵੀ ਲੜਾਈ ਜਾਰੀ ਹੈ।

ਰੂਸੀ ਰਾਸ਼ਟਰਪਤੀ ਪੁਤਿਨ ਨੇ ਸਪੱਸ਼ਟ ਤੌਰ ’ਤੇ ਕਈ ਮਹੀਨੇ ਆਪਣੇ ਰੱਖਿਆ ਮੁਖੀ ਦੀਆਂ ਯੋਜਨਾਵਾਂ ਦਾ ਡੂੰਘਾ ਅਧਿਐਨ ਕਰਨ ਵਿੱਚ ਲਗਾਏ ਹਨ। ਇਨ੍ਹਾਂ ਯੋਜਨਾਵਾਂ ’ਚ ਪੱਛਮੀ ਝੁਕਾਅ ਵਾਲੇ ਗੁਆਂਢੀ ਮੁਲਕ ਯੂਕਰੇਨ ਨੂੰ ਮੁੜ ਤੋਂ ਆਪਣੇ ਝੰਡੇ ਥੱਲੇ ਲੈ ਕੇ ਆਉਣਾ ਸ਼ਾਮਲ ਹੈ।

ਹਮਲੇ ਦੀ ਯੋਜਨਾ ’ਚ ਮੋਟੇ ਤੌਰ ’ਤੇ ਉੱਤਰ, ਪੂਰਬ ਅਤੇ ਦੱਖਣ ਵੱਲੋਂ ਤੀਹਰਾ ਹਮਲਾ ਸ਼ਾਮਲ ਹੈ। ਯੋਜਨਾ ਹੈ ਕਿ ਪਿਆਦਾ ਅਤੇ ਟੈਂਕ ਤੋਪਾਂ ਭੇਜਣ ਤੋਂ ਪਹਿਲਾਂ ਮਿਜ਼ਾਇਲਾਂ ਅਤੇ ਤੋਪਖਾਨੇ ਨਾਲ ਹਮਲਾ ਕੀਤਾ ਜਾਵੇ।

ਪੁਤਿਨ ਆਦਰਸ਼ਕ ਤੌਰ ’ਤੇ ਚਾਹੁੰਦੇ ਹਨ ਕਿ ਜ਼ੇਲੇਂਸਕੀ ਦੀ ਸਰਕਾਰ ਜਲਦੀ ਤੋਂ ਜਲਦੀ ਆਤਮ ਸਮਰਪਣ ਕਰ ਦੇਵੇ ਅਤੇ ਇਸ ਮੌਜੂਦਾ ਸਰਕਾਰ ਦੀ ਥਾਂ ’ਤੇ ਮਾਸਕੋ ਵੱਲ ਝੁਕਾਅ ਵਾਲੀ ਇੱਕ ਕਠਪੁਤਲੀ ਸਰਕਾਰ ਕਾਇਮ ਕੀਤੀ ਜਾਵੇ।

ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟਰੈਟੇਜਿਕ ਸਟਡੀਜ਼ ਦੇ ਬ੍ਰਿਗੇਡੀਅਰ



ਬੇਨ ਬੈਰੀ ਨੇ ਕਿਹਾ, ‘ਰੂਸ ਵੱਲੋਂ ਕੀਵ ’ਤੇ ਕੀਤਾ ਗਿਆ ਸਫਲ ਕਬਜ਼ਾ, ਇੱਕ ਫੌਜੀ ਅਤੇ ਸਿਆਸੀ ਸਫਲਤਾ ਹੋਵੇਗਾ, ਜਿਸ ਦਾ ਰਣਨੀਤਕ ਪ੍ਰਭਾਵ ਵੀ ਪਏਗਾ।’

ਉਹ ਕਹਿੰਦੇ ਹਨ, ‘ਪਰ ਰੂਸ ਯੂਕਰੇਨੀ ਸਰਕਾਰ ਨੂੰ ਖਤਮ ਨਹੀਂ ਕਰ ਸਕਦਾ, ਬਸ਼ਰਤੇ ਉਸ ਕੋਲ ਦੇਸ਼ ਦੇ ਪੱਛਮੀ ਹਿੱਸੇ ’ਚ ਇੱਕ ਨਵਾਂ ਸਰਕਾਰੀ ਹੈਡਕੁਆਰਟਰ ਬਣਾਉਣ ਦੀ ਯੋਜਨਾ ਹੋਵੇ।’

ਰੂਸ ਦੀ ਹਮਲੇ ਦੀ ਯੋਜਨਾ ਪੂਰੀ ਤਰ੍ਹਾਂ ਨਾਲ ਉਮੀਦ ਮੁਤਾਬਕ ਅਮਲ ’ਚ ਨਹੀਂ ਆਈ ਹੈ। ਬ੍ਰਿਟੇਨ ਦੀ ਰੱਖਿਆ ਖੁਫੀਆ ਏਜੰਸੀ ਦਾ ਕਹਿਣਾ ਹੈ ਕਿ ਸੈਂਕੜੇ ਰੂਸੀ ਸੈਨਿਕ ਮਾਰੇ ਗਏ ਹਨ ਅਤੇ ਵਿਰੋਧ ਤਿੱਖਾ ਹੈ ਪਰ ਫਿਰ ਵੀ ਉਹ ਅੱਗੇ ਵਧ ਰਹੇ ਹਨ।

ਯੂਕਰੇਨ ਦੀ ਤੁਲਨਾ ’ਚ ਰੂਸ ਦੀ ਫੌਜ ’ਚ ਇੱਕ ਦੇ ਮੁਕਾਬਲੇ ਤਿੰਨ ਸੈਨਿਕ ਹਨ ਅਤੇ ਯੂਕਰੇਨ ਦੀ ਫੌਜੀ ਲੀਡਰਸ਼ਿਪ ਦੀ ਗੁਣਵੱਤਾ ਅਤੇ ਉਹ ਕਿੰਨੇ ਸਮੇਂ ਤੱਕ ਇਸ ਸਥਿਤੀ ਨਾਲ ਨਜਿੱਠ ਸਕਦੇ ਹਨ, ਇਸ ਬਾਰੇ ਕਈ ਸਵਾਲ ਉੱਠ ਰਹੇ ਹਨ।

**ਯੂਕਰੇਨ ਵੱਲੋਂ ਰੂਸ ਦਾ ਮੁਕਾਬਲਾ**

ਯੂਕਰੇਨ ਨੇ ਲੜਾਈ ਯੋਗ ਉਮਰ ਦੇ ਵਿਅਕਤੀਆਂ ਨੂੰ ਫੌਜ ’ਚ ਆਉਣ ਦਾ ਸੱਦਾ ਦੇ ਦਿੱਤਾ ਹੈ ਅਤੇ ਇਸ ਦੇ ਨਾਲ ਹੀ ਵਰਦੀਧਾਰੀ ਫੌਜ ਅਤੇ ਰਿਜ਼ਰਵ ਤੋਂ ਇਲਾਵਾ 18000 ਆਟੋਮੈਟਿਕ ਹਥਿਆਰ ਰਾਜਧਾਨੀ ਕੀਵ ਦੇ ਨਾਗਰਿਕਾਂ ਨੂੰ ਵੰਡੇ ਜਾ ਰਹੇ ਹਨ।

ਪੂਰਬੀ ਯੂਰਪੀਅਨ ਦੇਸ਼, ਜਿੰਨ੍ਹਾਂ ਨੂੰ ਡਰ ਹੈ ਕਿ ਹੁਣ ਉਹ ਪੁਤਿਨ ਦੇ ਅਗਲੇ ਨਿਸ਼ਾਨੇ ’ਤੇ ਹੋ ਸਕਦੇ ਹਨ, ਆਪਣੀਆਂ ਸਰਹੱਦਾਂ ਨਜ਼ਦੀਕ ਕਿਸੇ ਵੀ ਰੂਸੀ ਮੁਹਿੰਮ ਨੂੰ ਘਬਰਾਏ ਹੋਏ ਵੇਖ ਰਹੇ ਹਨ।

ਐਸਟੋਨੀਆ ਦੇ ਰੱਖਿਆ ਮੰਤਰਾਲੇ ਦੇ ਸਥਾਈ ਸਕੱਤਰ ਕੁਸਤੀ ਸਾਲਮ ਉਨ੍ਹਾਂ ਲੋਕਾਂ ’ਚੋਂ ਇੱਕ ਹਨ, ਜੋ ਕਿ ਯੂਕਰੇਨ ਨੂੰ ਵਧੇਰੇ ਫੌਜੀ ਮਦਦ ਦੇਣ ਦੇ ਹੱਕ ’ਚ ਹਨ। ਉਨ੍ਹਾਂ ਦਾ ਕਹਿਣਾ ਹੈ, ‘ਸਾਨੂੰ ਉਨ੍ਹਾਂ ਨੂੰ ਜੇਵਲਿਨ ਐਂਟੀ-ਟੈਂਕ ਮਿਜ਼ਾਇਲਾਂ, ਐਂਟੀ-ਏਅਰਕਰਾਫਟ ਮਿਜ਼ਾਇਲਾਂ, ਗੋਲਾ-ਬਾਰੂਦ ਅਤੇ ਸੁਰੱਖਿਆ ਉਪਕਰਣ ਮੁਹੱਈਆ ਕਰਵਾਉਣੇ ਚਾਹੀਦੇ ਹਨ। ਹਰੇਕ ਨਾਟੋ ਦੇਸ਼ ਨੂੰ ਯੂਕਰੇਨ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।’

ਚਾਰ ਕਰੋੜ ਅਬਾਦੀ ਦੇ ਇਸ ਦੇਸ ਨੂੰ ਆਪਣੇ ਅਧੀਨ ਕਰਨ ਵਿੱਚ ਰੂਸ ਨੂੰ ਜਿੰਨਾ ਜ਼ਿਆਦਾ ਸਮਾਂ ਲੱਗੇਗਾ, ਦਿੱਕਤਾਂ ਉਨੀਆਂ ਹੀ ਵਧਦੀਆਂ ਜਾਣਗੀਆਂ।

ਹਾਲਾਂਕਿ ਰਾਸ਼ਟਰਪਤੀ ਪੁਤਿਨ, ਜਿੰਨ੍ਹਾਂ ਨੇ ਆਪਣੇ ਹੀ ਦੇਸ ’ਚ ਹਰ ਤਰ੍ਹਾਂ ਦੇ ਵਿਰੋਧ ਨੂੰ ਖ਼ਤਮ ਕਰ ਦਿੱਤਾ ਹੈ, ਉਨ੍ਹਾਂ ਨੇ ਜ਼ਰੂਰ ਇਸ ਗੱਲ ’ਤੇ ਵੀ ਧਿਆਨ ਦਿੱਤਾ ਹੋਵੇਗਾ ਕਿ ਕਿਵੇਂ ਬੇਲਾਰੂਸ ਵਿੱਚ ਉਨ੍ਹਾਂ ਦੇ ਤਾਨਾਸ਼ਾਹੀ ਗੁਆਂਢੀ ਨੇ ਪਿਛਲੇ ਦੋ ਸਾਲਾਂ ਵਿੱਚ ਉੱਥੇ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੁਚਲਿਆ ਹੈ।

ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਹੈ। ਨਜ਼ਰਬੰਦੀ ਦੌਰਾਨ ਕਈਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਹੈ ਅਤੇ ਦੁਰਵਿਵਹਾਰ ਵੀ ਕੀਤਾ ਗਿਆ ਹੈ ਜਿਸ ਕਰਕੇ ਦੂਜੇ ਪ੍ਰਦਰਸ਼ਨਕਾਰੀਆਂ ਦੇ ਮਨਾਂ ’ਚ ਡਰ, ਭੈਅ ਪੈਦਾ ਹੋ ਗਿਆ ਅਤੇ ਉਹ ਵਿਰੋਧ ਕਰਨ ਦੇ ਆਪਣੇ ਰਾਹ ਤੋਂ ਪਿੱਛੇ ਹਟ ਗਏ।

**ਇਸ ਸਭ ਦੌਰਾਨ ਨਾਟੋ ਕਿੱਥੇ ਹੈ ?**

ਨਾਟੋ ਜਾਣਬੁੱਝ ਕੇ ਯੂਕਰੇਨ ’ਚ ਨਹੀਂ ਹੈ। ਕੀਵ ਵੱਲੋਂ ਪੱਛਮੀ ਦੇਸ਼ਾਂ ਅੱਗੇ ਮਦਦ ਦੀ ਗੁਹਾਰ ਲਗਾਉਣ ਦੇ ਬਾਵਜੂਦ ਨਾਟੋ ਨੇ ਯੂਕਰੇਨ ’ਚ ਫੌਜਾਂ ਭੇਜਣ ਤੋਂ ਸਾਫ਼ ਮਨ੍ਹਾ ਕਰ ਦਿੱਤਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਯੂਕਰੇਨ ਉਸ ਦਾ ਮੈਂਬਰ/ਹਿੱਸਾ ਨਹੀਂ ਹੈ ਅਤੇ ਨਾਟੋ ਸਪਸ਼ਟ ਤੌਰ ’ਤੇ ਰੂਸ ਨਾਲ ਜੰਗ ਦੇ ਮੈਦਾਨ ’ਚ ਆਹਮੋ-ਸਾਹਮਣੇ ਨਹੀਂ ਹੋਣਾ ਚਾਹੁੰਦਾ।

ਜੇਕਰ ਰੂਸ ਇਸ ਹਮਲੇ ਤੋਂ ਬਾਅਦ ਲੰਮੇ ਸਮੇਂ ਲਈ ਯੂਕਰੇਨ ’ਤੇ ਕਬਜ਼ਾ ਕਰਨ ’ਚ ਸਫਲ ਹੁੰਦਾ ਹੈ ਤਾਂ ਇਹ ਹੋ ਸਕਦਾ ਹੈ ਕਿ ਪੱਛਮੀ ਦੇਸ਼ ਯੂਕਰੇਨ ਵਿੱਚ ਹੋਣ ਵਾਲੀ ਕਿਸੇ ਸੰਭਾਵੀ ਬਗਾਵਤ ਦੀ ਹਮਾਇਤ ਕਰਨ। ਜਿਵੇਂ ਕਿ ਅਮਰੀਕਾ ਨੇ 1980 ਦੇ ਦਹਾਕੇ ’ਚ ਅਫਗਾਨ ਮੁਜਾਹਿਦੀਨਾਂ ਦਾ ਸਮਰਥਨ ਕੀਤਾ ਸੀ। ਇਹ ਸਭ ਖ਼ਤਰੇ ਤੋਂ ਖਾਲੀ ਨਹੀਂ ਹੈ, ਕਿਉਂਕਿ ਪੁਤਿਨ ਕਿਸੇ ਨਾ ਕਿਸੇ ਰੂਪ ’ਚ ਬਦਲਾ ਲੈ ਸਕਦੇ ਹਨ।

ਇਸ ਦੌਰਾਨ ਨਾਟੋ ਨੇ ਆਪਣੀਆਂ ਪੂਰਬੀ ਸਰਹੱਦਾਂ ’ਤੇ ਧਿਆਨ ਕੇਂਦਰਿਤ ਕੀਤਾ ਹੈ। ਇੱਥੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਜਿੱਥੇ ਮਾਸਕੋ ਨਾਟੋ ਤੋਂ ਆਪਣੀਆਂ ਫੌਜਾਂ ਨੂੰ ਹੋਰ ਪੱਛਮ ਵੱਲ ਲਿਜਾਣ ਦੀ ਮੰਗ ਕਰ ਰਿਹਾ ਹੈ, ਉੱਥੇ ਹੀ ਪੁਤਿਨ ਵੱਲੋਂ ਯੂਕਰੇਨ ’ਤੇ ਕੀਤੇ ਹਮਲੇ ਨੇ ਬਿਲਕੁਲ ਹੀ ਇਸਦੇ ਉਲਟ ਹਾਸਲ ਕੀਤਾ ਹੈ।



ਬ੍ਰਿਟੇਨ ਦੀ ਸੰਸਦ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਅਤੇ ਸੰਸਦ ਮੈਂਬਰ ਟੋਬੀਅਸ ਐਲਵੁੱਡ ਨੇ ਕਿਹਾ, ‘ਇਹ ਯੂਰਪ ਲਈ ਇੱਕ ਵਿਆਪਕ ਪੱਧਰ ’ਤੇ ਜਾਗਰੂਕ ਅਤੇ ਚੌਕਸ ਹੋਣ ਦੀ ਘੜੀ ਹੈ।’

‘ਅਫਸੋਸ ਦੀ ਗੱਲ ਹੈ ਕਿ ਇੱਥੇ ਸਿਰਫ਼ ਤਿੰਨ ਦਹਾਕਿਆਂ ਤੱਕ ਹੀ ਸ਼ਾਂਤੀ ਰਹੀ। ਇੱਕ ਤਾਨਾਸ਼ਾਹ ਨਾਲ ਨਜਿੱਠਣ ਲਈ ਸਾਨੂੰ ਆਪਣੀ ਯੋਜਨਾਬੰਦੀ ਵਧਾਉਣ ਦੀ ਲੋੜ ਹੈ।’

**ਕੀ ਇਹ ਸਥਿਤੀ ਹੋਰ ਵੀ ਬਦਤਰ ਹੋ ਸਕਦੀ ਹੈ ?**

ਯੂਕਰੇਨ ਵਾਸੀਆਂ ਲਈ ਇਹ ਬਦ ਤੋਂ ਵੀ ਬਦਤਰ ਸਥਿਤੀ ਹੈ।

ਆਪਣੇ ਦੇਸ਼ ਦੇ ਪੂਰਬ ’ਚ ਇੱਕ ਰੂਸੀ-ਸਮਰਥਿਤ ਵਿਦਰੋਹ ਨਾਲ ਲੜਨ ਤੋਂ ਅੱਠ ਸਾਲ ਬਾਅਦ, ਹੁਣ ਉਹ ਵਿਸ਼ਾਲ ਪ੍ਰਮਾਣੂ-ਹਥਿਆਰਾਂ ਨਾਲ ਲੈਸ ਆਪਣੇ ਗੁਆਂਢੀ ਦੇਸ਼ ਵੱਲੋਂ ਆਪਣੇ ਉੱਤੇ ਗੋਲਾਬਾਰੀ, ਬੰਬਾਰੀ ਅਤੇ ਰਾਕੇਟ ਹਮਲੇ ਹੁੰਦੇ ਦੇਖ ਰਹੇ ਹਨ।

ਯੂਕਰੇਨੀ, ਜਿਨ੍ਹਾਂ ਨੇ 1991 ’ਚ ਮਾਸਕੋ ਤੋਂ ਆਜ਼ਾਦੀ ਲੈਣ ਲਈ ਭਾਰੀ ਮਤਦਾਨ ਕੀਤਾ ਸੀ ਅਤੇ ਆਪਣੇ ਪ੍ਰਮਾਣੂ ਹਥਿਆਰ ਵੀ ਛੱਡ ਦਿੱਤੇ ਸਨ, ਜੇਕਰ ਹੁਣ ਰੂਸ ਪੂਰੇ ਦੇਸ਼ ’ਤੇ ਕਬਜ਼ਾ ਕਰਨ ’ਚ ਸਫਲ ਹੁੰਦਾ ਹੈ ਤਾਂ ਯੂਕਰੇਨ ਤਿੰਨ ਦਹਾਕੇ ਪਿੱਛੇ ਵਾਲੀ ਸਥਿਤੀ ’ਚ ਚਲਾ ਜਾਵੇਗਾ।

ਆਲਮੀ ਆਗੂਆਂ ਨੂੰ ਸਭ ਤੋਂ ਵੱਧ ਜੋ ਸਵਾਲ ਪਰੇਸ਼ਾਨ ਕਰ ਰਿਹਾ ਹੈ, ਉਹ ਹੈ ਕਿ ਰਾਸ਼ਟਰਪਤੀ ਪੁਤਿਨ ਯੂਕਰੇਨ ਤੋਂ ਬਾਅਦ ਕੀ ਕਰਨ ਦੀ ਯੋਜਨਾ ਬਣਾ ਰਹੇ ਹਨ?

ਨਾਟੋ ਦੇ ਰੱਖਿਆ ਮੁਖੀਆਂ ਨੇ ਜੁਲਾਈ 2021 ’ਚ ਦਿੱਤੇ ਪੁਤਿਨ ਦੇ ਭਾਸ਼ਣ ਦੀ ਮੁੜ ਜਾਂਚ ਕੀਤੀ ਅਤੇ ਸਿੱਟਾ ਕੱਢਿਆ ਕਿ ਉਨ੍ਹਾਂ ਨੂੰ ਤੁਰੰਤ ਨਾਟੋ ਦੀਆਂ ਪੂਰਬੀ ਸਰਹੱਦਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਅਜਿਹਾ ਨਾ ਹੋਵੇ ਕਿ ਪੁਤਿਨ ਪੋਲੈਂਡ, ਲਿਥੁਆਨੀਆ, ਲਾਤਵੀਆ ਅਤੇ ਐਸਟੋਨੀਆ ਵਰਗੇ ਦੇਸ਼ਾਂ ’ਤੇ ਆਪਣਾ ਕਬਜ਼ਾ ਕਰਨ ਲਈ ਆਪਣੇ ਕਦਮ ਅੱਗੇ ਵਧਾਉਣ।

ਕੀ ਪੁਤਿਨ ਅਜਿਹਾ ਕਰਨਗੇ ?

ਬ੍ਰਿਟੇਨ ਦੇ ਸੰਸਦ ਮੈਂਬਰ ਟੋਬੀਅਸ ਐਵੁੱਡ ਦਾ ਕਹਿਣਾ ਹੈ ਕਿ ਪੁਤਿਨ ਕੋਲ ਅਜਿਹਾ ਕਰਨ ਦੀ ਯੋਜਨਾ ਹੈ।

ਨਾਟੋ ਯਕੀਨੀ ਤੌਰ ’ਤੇ ਕੋਈ ਜ਼ੋਖਮ ਨਹੀਂ ਲੈ ਰਿਹਾ ਹੈ ਅਤੇ 100 ਤੋਂ ਵੀ ਵੱਧ ਜੰਗੀ ਜਹਾਜ਼ਾਂ ਨੂੰ ਪੂਰੀ ਤਰ੍ਹਾਂ ਨਾਲ ਅਲਰਟ ’ਤੇ ਰੱਖਿਆ ਗਿਆ ਹੈ। ਐਸਟੋਨੀਆ ਨੂੰ ਸਭ ਤੋਂ ਪਹਿਲਾਂ ਮਦਦ ਭੇਜਣ ਵਾਲਿਆਂ ’ਚੋਂ ਬ੍ਰਿਟੇਨ ਇੱਕ ਹੈ। ਐਸਟੋਨੀਆ ’ਚ ਕੁਸਤੀ ਸਾਲਮ ਨੂੰ ਭਰੋਸਾ ਹੈ ਕਿ ਉਹ ਕੀ ਹਾਸਲ ਕਰ ਸਕਦੇ ਹੈ।

‘ਕੋਈ ਨਹੀਂ ਸੋਚ ਸਕਦਾ ਹੈ ਕਿ ਯੂਕੇ ਦੀ ਅਗਵਾਈ ਵਾਲਾ ਜੰਗੀ ਸਮੂਹ ਐਸਟੋਨੀਆ ’ਚ ਆਪਣੇ ਆਪ ’ਚ ਦੁਨੀਆ ਦੇ ਦੂਜੇ ਸਭ ਤੋਂ ਤਾਕਤਵਰ ਪ੍ਰਮਾਣੂ ਦੇਸ਼ ਨੂੰ ਰੋਕ ਦੇਵੇਗਾ।’

‘ਇਹ ਇੱਕ ਤਰ੍ਹਾਂ ਨਾਲ ਟ੍ਰਿਪਵਾਇਰ ਹੈ ਜੋ ਕਿ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਸਮੇਤ ਸਾਰੇ ਨਾਟੋ ਦੇਸ਼ਾਂ ਦੀ ਤਾਕਤ ਟ੍ਰਿਗਰ ਕਰੇਗੀ।’

ਇਹ ਸਥਿਤੀ, ਇੱਕ ਨਾਟੋ ਦੇਸ਼ ’ਚ ਇੱਕ ਰੂਸੀ ਫੌਜ ਵੱਲੋਂ ਕੀਤੀ ਘੁਸਪੈਠ, ਹੁਣ ਤੱਕ ਅਸੰਭਵ ਲੱਗ ਰਹੀ ਹੈ, ਉਹ ਵੀ ਉਸ ਸਮੇਂ ਜਦੋਂ ਨਾਟੋ ਅਤੇ ਰੂਸ ਸੱਚਮੁੱਚ ਇੱਕ ਦੂਜੇ ਨਾਲ ਜੰਗ ਲੜ ਸਕਦੇ ਹਨ। ਪਰ ਅਜਿਹਾ ਨਾ ਹੋਇਆ। ਹੁਣ ਪੱਛਮੀ ਆਗੂ ਇਹ ਉਮੀਦ ਕਰ ਰਹੇ ਹਨ ਕਿ ਸੰਯੁਕਤ ਅਤੇ ਠੋਸ ਕਾਰਵਾਈ ਨਾਲ, ਸਖਤ ਆਰਥਿਕ ਪਾਬੰਦੀਆਂ ਦੇ ਨਾਲ, ਮਾਸਕੋ ’ਚ ਪ੍ਰਤੀਰੋਧ ਦਾ ਸੁਨੇਹਾ ਬਿਲਕੁਲ ਹੀ ਸਪੱਸ਼ਟ ਸੁਣਾਈ ਦੇਵੇਗਾ।

# ਆਪਣੇ ਤੋਂ 10 ਗੁਣਾਂ ਛੋਟੇ ਮੁਲਕ ਯੂਕਰੇਨ ਨਾਲ ਕਿਉਂ ਝਗੜ ਰਿਹੈ ਰੂਸ

ਮਾਸਕੋ (ਪੰਜਾਬੀ ਅਖਬਾਰ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ ਤੇ ਫੌਜੀ ਕਾਰਵਾਈ ਦਾ ਐਲਾਨ ਕਰ ਦਿੱਤਾ ਹੈ।

ਉਨ੍ਹਾਂ ਨੇ ਇਹ ਐਲਾਨ ਉਸੇ ਸਮੇਂ ਇੱਕ ਟੈਲੀਵਿਜ਼ਨ ਭਾਸ਼ਣ ਵਿੱਚ ਕੀਤਾ ਜਦੋਂ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਉਨ੍ਹਾਂ ਨੂੰ ਰੁਕਣ ਲਈ ਬੇਨਤੀ ਕਰ ਰਹੀ ਸੀ।

ਇਸ ਤੋਂ ਪਹਿਲਾਂ ਦੇਰ ਰਾਤ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਸੀ ਕਿ ਰੂਸ ਨੇ ਯੂਕਰੇਨ ਦੀ ਸਰਹੱਦ ’ਤੇ ਦੋ ਲੱਖ ਫੌਜੀ ਤਾਇਨਾਤ ਕੀਤੇ ਹਨ।

ਉਨ੍ਹਾਂ ਨੇ ਰੂਸ ਨੂੰ ਚੇਤਾਵਨੀ ਦਿੰਦਿਆਂ ਕਿਹਾ, ‘ਜੇ ਉਹ ਹਮਲਾ ਕਰਦੇ ਹਨ, ਜੇ ਉਹ ਸਾਡਾ ਦੇਸ਼ ਲੈਣ ਦੀ ਕੋਸ਼ਿਸ਼ ਕਰਦੇ ਹਨ - ਸਾਡੀ ਅਜ਼ਾਦੀ, ਸਾਡੀ ਜ਼ਿੰਦਗੀ, ਸਾਡੇ ਬੱਚਿਆਂ ਦੀ ਜ਼ਿੰਦਗੀ - ਤਾਂ ਅਸੀਂ ਵੀ ਆਪਣਾ ਬਚਾਅ ਕਰਾਂਗੇ।’

**ਮੌਜੂਦਾ ਤਣਾਅ ਕਿਉਂ ਖੜ੍ਹਾ ਹੋਇਆ ?**

1,63,76,870 ਖੇਤਰਫਲ ਵਾਲਾ ਰੂਸ ਯਾਨਿ ਕਿ ਦੁਨੀਆ ਦੇ ਖੇਤਰਫਲ ਦਾ 11% ਹਿੱਸੇ ਵਾਲਾ ਦੇਸ਼ ਹੈ। ਜਦੋਂਕਿ ਯੂਕਰੇਨ ਇਸ ਦੇ ਮੁਕਾਬਲੇ ਬੇਹੱਦ ਛੋਟਾ ਹੈ। ਯੂਕਰੇਨ ਦਾ ਖੇਤਰਫਲ 5,79,320 ਹੈ ਜੋ ਕਿ ਦੁਨੀਆ ਦੇ ਖੇਤਰਫਲ ਦਾ 0.38% ਹੈ, ਤਾਂ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ 10.6 ਗੁਣਾ ਛੋਟੇ ਦੇਸ ਯੂਕਰੇਨ ਦੇ ਨਾਲ ਲੜਨ ਦੇ ਕੰਢੇ ’ਤੇ ਕਿਉਂ ਹੈ ਰੂਸ ?

ਕ੍ਰਾਈਮੀਆ ਦੇ ਨੇੜੇ ਸਮੁੰਦਰ ਵਿੱਚ ਰੂਸ ਨੇ 2014 ਵਿੱਚ ਕਬਜ਼ਾ ਕੀਤਾ ਸੀ। ਮੌਜੂਦਾ ਤਣਾਅ ਕ੍ਰਾਈਮੀਆ ਅਤੇ ਰੂਸ ਵਿਚਾਲੇ ਪੈਣ ਵਾਲੇ ‘ਕਰਚ ਸਟਰੇਟ’ ਨੂੰ ਲੈ ਕੇ ਹੈ ਜੋ ਇੱਕ ਤੰਗ ਜਲਮਾਰਗ ਹੈ।

ਲੜਾਈ ਤੋਂ ਬਾਅਦ ਰੂਸ ਨੇ ‘ਕਰਚ ਸਟਰੇਟ’ ਦੇ ਅਹਿਮ ਰਾਹ ’ਤੇ ਆਪਣੇ ਟੈਂਕਰ ਖੜ੍ਹੇ ਕਰਕੇ ਪਾਣੀ ਦੇ ਰਾਹ ਨੂੰ ਬੰਦ ਕਰ ਦਿੱਤਾ।

ਯੂਕਰੇਨ ਨੇ ਇਸ ਨੂੰ ਰੂਸ ਦੀ ਹਮਲਾਵਰ ਹਰਕਤ ਕਰਾਰ ਦਿੱਤਾ। ਹਾਲਾਂਕਿ ਰੂਸ ਦਾ ਕਹਿਣਾ ਸੀ ਕਿ ਇਹ ਬੇੜੀਆਂ ਗੈਰ-ਕਾਨੂੰਨੀ ਤਰੀਕੇ ਨਾਲ ਉਨ੍ਹਾਂ ਦੀ ਸਰਹੱਦ ਵਿੱਚ ਆ ਗਈਆਂ ਸਨ। ਯੂਕਰੇਨ ਦਾ ਕਹਿਣਾ ਹੈ ਕਿ ਉਸ ਨੇ ਰੂਸ ਨੂੰ ਇਸ ਬਾਰੇ ਪਹਿਲਾਂ ਤੋਂ ਜਾਣਕਾਰੀ ਦਿੱਤੀ ਹੈ।

ਸਾਲ 2003 ਵਿੱਚ ਰੂਸ ਅਤੇ ਯੂਕਰੇਨ ਵਿਚਾਲੇ ਇੱਕ ਸਮਝੌਤਾ ਹੋਇਆ ਸੀ, ਜਿਸ ਦੇ ਤਹਿਤ ਕਰਚ ਦੇ ਤੰਗ ਸਮੁੰਦਰੀ ਰਾਹ ਅਤੇ ਅਜ਼ੋਵ ਸਮੁੰਦਰ ਵਿਚਾਲੇ ਜਲ ਸਰਹੱਦਾਂ ਵੰਡ ਦਿੱਤੀਆਂ ਗਈਆਂ ਸਨ।

**ਕ੍ਰਾਈਮੀਆ ਕਾਰਨ ਰੂਸ-ਯੂਕਰੇਨ ਰਿਸ਼ਤਿਆਂ ਵਿੱਚ ਖਟਾਸ**

ਸਾਲ 2014 ਦੇ ਮਾਰਚ ਮਹੀਨੇ ਵਿੱਚ ਯੂਕਰੇਨੀਅਨ ਖੇਤਰ ਕ੍ਰਾਈਮੀਆ ਤੇ ਰੂਸ ਨੇ ਕਬਜ਼ਾ ਕਰ ਲਿਆ ਸੀ। ਇਸ ਤੋਂ ਬਾਅਦ ਯੂਕਰੇਨ ਅਤੇ ਰੂਸ ਵਿਚਾਲੇ ਰਿਸ਼ਤੇ ਤਿੱਖੇ ਰਹੇ ਹਨ।

ਯੂਐੱਨ ਦਾ ਕਹਿਣਾ ਹੈ ਕਿ ਇਸ ਸੰਘਰਸ਼ ਕਾਰਨ ਦੋਨਿਯੇਤਸਕ ਅਤੇ ਲੁਹਾਨਸਕ ਇਲਾਕੇ ਵਿੱਚ ਹੁਣ ਤੱਕ ਦੱਸ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਹਨ।

ਯੂਕਰੇਨ ਰੂਸ ’ਤੇ ਆਪਣੇ ਪੂਰਬੀ ਖੇਤਰ ਵਿੱਚ ਫੌਜ ਭੇਜਕੇ ਵੱਖਵਾਦੀਆਂ ਨੂੰ ਤਿਆਰ ਕਰਨ ਦਾ ਇਲਜ਼ਾਮ ਲਾਉਂਦਾ ਰਿਹਾ ਹੈ। ਰੂਸ ਇਸ ਇਲਜ਼ਾਮ ਦਾ ਖੰਡਨ ਕਰਦਾ ਹੈ ਪਰ ਇਹ ਮਨਜ਼ੂਰ ਕਰਦਾ ਹੈ ਕਿ ਰੂਸੀ ਸਵੈਸੇਵਕ ਬਾਗੀਆਂ ਦੀ ਮਦਦ ਕਰ ਰਹੇ ਹਨ।

ਰੂਸ ਅਤੇ ਕ੍ਰਾਈਮੀਆ ਸਮੁੰਦਰ ਦੇ ਰਾਹ ਤੋਂ ਇੱਕ-ਦੂਜੇ ਨਾਲ ਜੁੜੇ ਹੋਏ ਹਨ ਅਤੇ ਇਸ ਕਾਰਨ ਦੋਹਾਂ ਲਈ ਕਰਚ ਜਲਮਾਰਗ ਬੇਹੱਦ ਅਹਿਮ ਹੈ। ਹਾਲ ਦੇ ਸਾਲਾਂ ਵਿੱਚ ਰੂਸ ਇਸ ਰਾਹ ਤੋਂ ਲੰਘਣ ਵਾਲੇ ਯੂਕਰੇਨੀਆਈ ਜਹਾਜ਼ਾਂ ਦੀ ਜਾਂਚ ਕਰਦਾ ਰਿਹਾ ਹੈ।

ਰੂਸ ਦੀ ਦਲੀਲ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਇਹ ਜ਼ਰੂਰੀ ਹੈ। ਯੂਕਰੇਨ ਦੇ ਰਾਸ਼ਟਰਪਤੀ ਪੈਟਰੋ ਪੋਰਸੈਨਕੋ ਇਸ ਦਲੀਲ ਨੂੰ ਖਾਰਿਜ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਸ ਕਾਰਨ ਉਨ੍ਹਾਂ ਦੇ ਦੇਸ ਦੀ ਵਿੱਤੀ ਹਾਲਤ ’ਤੇ ਨਕਾਰਾਤਮਕ ਅਸਰ ਪਿਆ ਹੈ।





ਦੋਹਾਂ ਵਿਚਾਲੇ ਵਿਵਾਦ ਕੋਲਡ ਵਾਰ ਤੋਂ ਬਾਅਦ 2014 ਵਿੱਚ ਸ਼ੁਰੂ ਹੋਇਆ। ਰੂਸੀ ਸਮਰਥਨ ਹਾਸਿਲ ਯੂਕਰੇਨੀਆਈ ਰਾਸ਼ਟਰਪਤੀ ਵਿਕਟਰ ਯਾਨੁਕੋਵਿਚ ਦੇ ਖਿਲਾਫ਼ ਦੇਸ ਦੀ ਰਾਜਧਾਨੀ ਕੀਵ ਵਿੱਚ ਹਿੰਸਕ ਮੁਜ਼ਾਹਰੇ ਹੋਏ।

ਇਸ ਤੋਂ ਬਾਅਦ ਰੂਸ ਸਮਰਥਿਤ ਫੌਜ ਨੇ ਕ੍ਰਾਈਮੀਆਈ ਪ੍ਰਾਇਦੀਪ ’ਤੇ ਕਬਜ਼ਾ ਕਰ ਲਿਆ। ਕ੍ਰਾਈਮੀਆ ਵਿੱਚ ਰਹਿਣ ਵਾਲੇ ਜ਼ਿਆਦਾਤਰ ਲੋਕ ਰੂਸੀ ਭਾਸ਼ੀ ਹਨ ਅਤੇ ਇਸ ਕਾਰਨ ਰੂਸ ਦੇ ਨਾਲ ਜਾਨ ਜਾਂ ਨਾ ਜਾਨ ਦੇ ਮੁੱਦੇ ’ਤੇ ਹੋਏ ਰੈਫਰੈਂਡਮ ਵਿੱਚ ਨਤੀਜਾ ਰੂਸ ਦੇ ਪੱਖ ਵਿੱਚ ਨਿਕਲਿਆ। ਇਸ ਰੈਫ਼ਰੈਂਡਮ ਨੂੰ ਯੂਕਰੇਨ ਨੇ ਖਾਰਜ ਕਰ ਦਿੱਤਾ ਅਤੇ ਪੱਛਮੀ ਦੇਸ਼ਾਂ ਨੇ ਇਸ ਨੂੰ ਗੈਰ-ਕਾਨੂੰਨ ਕਰਾਰ ਦਿੱਤਾ।

ਪਰ ਕ੍ਰਾਈਮੀਆ ’ਤੇ ਅਸਲ ਵਿਵਾਦ ਦਾ ਬੀਜ ਤਾਂ 1783 ਵਿੱਚ ਹੀ ਪੈ ਗਿਆ ਸੀ ਜਦੋਂ ਮਹਾਰਾਣੀ ਕੈਥਰੀਨ (ਰੂਸ ਦੀ ਰਾਣੀ ਯੇਕਾਤੇਰੀਨਾ ਅਲੇਕਜੀਵਨਾ) ਨੇ ਇਸ ਪ੍ਰਾਇਦੀਪ ਉੱਤੇ ਕਬੂਜ਼ਾ ਕਰ ਲਿਆ ਸੀ। 1954 ਤੱਕ ਇਹ ਰੂਸ ਦਾ ਹਿੱਸਾ ਬਣਿਆ ਰਿਹਾ ਜਿਸ ਤੋਂ ਬਾਅਦ ਸੋਵੀਅਤ ਆਗੂ ਨਿਕਿਤਾ ਖ਼ਰੁਸ਼ਚੇਵ ਨੇ ਇਸ ਨੂੰ ਯੂਕਰੇਨ ਨੂੰ ਸੌਂਪ ਦਿੱਤਾ।

ਕ੍ਰਾਈਮੀਆ ਦੇ ਇਲਾਕੇ ਵਿੱਚ ਜ਼ਿਆਦਾਤਰ ਆਬਾਦੀ ਰੂਸੀ ਹੈ ਜਦੋਂਕਿ ਇੱਥੇ ਯੂਕਰੇਨੀਅਨ ਅਤੇ ਹੋਰ ਕ੍ਰਾਈਮੀਆਈ ਘੱਟ ਗਿਣਤੀ ਵੀ ਰਹਿੰਦੇ ਹਨ।

ਕ੍ਰਾਈਮੀਆ ਕੁਝ ਦੇਰ ਤੱਕ ਨਾਜ਼ੀਆਂ ਦੇ ਕਬਜ਼ੇ ਵਿੱਚ ਵੀ ਰਿਹਾ। 1940 ਵਿੱਚ ਰੂਸ ਦੇ ਬੋਲਸ਼ੇਵਿਕ ਕ੍ਰਾਂਤੀ ਤੋਂ ਬਾਅਦ ਇੱਥੇ ਕੁਝ ਸਮੇਂ ਲਈ ਨਾਜ਼ੀਆਂ ਦਾ ਕਬਜਾ ਰਿਹਾ ਸੀ।

ਕਾਲੇ ਸਮੁੰਦਰ ਵਿੱਚ ਬੇਹੱਦ ਅਹਿਮ ਬੰਦਰਗਾਹ ਹੈ ਸੇਵਾਸਟੋਪਲ ਜੋ ਕ੍ਰਾਈਮੀਆਈ ਪ੍ਰਾਇਦੀਪ ’ਤੇ ਹੈ। ਇੱਥੇ 1783 ਤੋਂ ਜਲਸੈਨਾ ਤਾਇਨਾਤ ਹੈ। ਸੋਵੀਅਤ ਰੂਸ ਦੀ ਵੰਡ ਤੋਂ ਬਾਅਦ ਇੱਥੇ ਤਾਇਨਾਤ ਜਲਸੈਨਾ ਨੂੰ ਯੂਕਰੇਨ ਅਤੇ ਰੂਸ ਵਿਚਾਲੇ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਸੀ।

ਇੱਥੇ ਮੌਜੂਦ ਰੂਸੀ ਫੌਜ ਵੀ ਦੋਹਾਂ ਵਿਚਾਲੇ ਤਣਾਅ ਦਾ ਕੇਂਦਰ ਰਹੀ ਹੈ। ਦੋਹਾਂ ਵਿਚਾਲੇ ਸਹਿਮਤੀ ਬਣੀ ਕਿ 2017 ਤੱਕ ਰੂਸੀ ਫੌਜ ਉੱਥੇ ਹੋਵੇਗੀ।

ਪਰ 2010 ਵਿੱਚ ਰੂਸੀ ਸਮਰਥਨ ਹਾਸਿਲ ਕਰਕੇ ਰਾਸ਼ਟਰਪਤੀ ਵਿਕਟਰ ਯਾਨੁਰੋਵਿਚ ਦੀ ਜਿੱਤ ਤੋਂ ਬਾਅਦ ਰੂਸ ਤੋਂ ਸਸਤੇ ਭਾਅ ਵਿੱਚ ਕੱਚੇ ਤੇਲ ਦੇ ਬਦਲੇ ਯੂਕਰੇਨ ਇਸ ਸਮਝੌਤੇ ਨੂੰ ਹੋਰ 25 ਸਾਲਾਂ ਤੱਕ ਅੱਗੇ ਵਧਾਉਣ ਲਈ ਤਿਆਰ ਹੋ ਗਿਆ ਸੀ।

**ਅਜ਼ੋਵ ਸਮੁੰਦਰ ’ਚ ਕਿਉਂ ਬਣਿਆ ਸੰਕਟ ?**

ਅਜ਼ੋਵ ਸਮੁੰਦਰ ਕ੍ਰਾਈਮੀਆਈ ਪ੍ਰਾਇਦੀਪ ਦੇ ਪੂਰਬ ’ਚ ਹੈ ਅਤੇ ਰੂਸੀ ਅੱਤਵਾਦੀਆਂ ਵੱਲੋਂ ਕਬਜ਼ਾ ਕੀਤੇ ਗਏ ਯੂਕਰੇਨ ਦੇ ਇਲਾਕਿਆਂ ਦੇ ਦੱਖਣ ’ਚ। ਉੱਤਰੀ ਕੰਢੇ ’ਤੇ ਯੂਕਰੇਨ ਦੇ ਦੋ ਬੰਦਰਗਾਹ ਹਨ, ਇੱਥੋਂ ਕਣਕ ਬਰਾਮਦ ਹੁੰਦਾ ਹੈ ਤੇ ਸਟੀਲ, ਕੋਇਲਾ ਦਰਾਮਦ ਕੀਤਾ ਜਾਂਦਾ ਹੈ। ਰਾਸ਼ਟਰਪਤੀ ਪੋਰੋਸ਼ੇਨਕੋ ਨੇ ਇਨ੍ਹਾਂ ਬੰਦਰਗਾਹਾਂ ਨੂੰ ਯੂਕਰੇਨ ਦੇ ਅਰਥਸ਼ਾਸਤਰ ਲਈ ਅਹਿਮ ਦੱਸਿਆ ਹੈ।

## ਵਿਸ਼ਵ ਦੀਆਂ ਪੰਜ ਸਭ ਤੋਂ ਸ਼ਕਤੀਸ਼ਾਲੀ ਫੌਜਾਂ, ਜਾਣੋ ਭਾਰਤ ਕਿੱਥੇ ਖੜ੍ਹਾ ?

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਨੇ ਬਾਕੀ ਦੁਨੀਆ ਨੂੰ ਚੌਕਸ ਕਰ ਦਿੱਤਾ ਹੈ। ਅਜਿਹਾ ਲੱਗਦਾ ਹੈ ਕਿ ਦੁਨੀਆ ਤੀਜੇ ਵਿਸ਼ਵ ਯੁੱਧ ਦੇ ਕੰਢੇ ’ਤੇ ਆ ਗਈ ਹੈ। ਰੂਸੀ ਫੌਜ ਯੂਕਰੇਨ ਦੇ ਫੌਜੀ ਤੇ ਸ਼ਹਿਰੀ ਖੇਤਰਾਂ ’ਤੇ ਬੰਬਾਰੀ ਕਰ ਰਹੀ ਹੈ। ਅਜਿਹੇ ਵਿੱਚ ਸਾਡੇ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਜੇਕਰ ਤੀਜਾ ਵਿਸ਼ਵ ਯੁੱਧ ਹੁੰਦਾ ਹੈ ਤਾਂ ਫੌਜੀ ਤਾਕਤ ਵਿੱਚ ਕਿਹੜਾ ਦੇਸ਼ ਕਿੱਥੇ ਖੜ੍ਹਾ ਹੈ। ਅਜਿਹੇ ਵਿੱਚ ਸਾਡੀ ਭਾਰਤੀ ਫੌਜ ਦੀ ਹਾਲਤ ਬਹੁਤ ਹੀ ਹੈਰਾਨ ਕਰਨ ਵਾਲੀ ਹੈ। ਗਲੋਬਲ ਫਾਇਰਪਾਵਰ ਨੇ ਇੱਕ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਨੂੰ ਤਿਆਰ ਕਰਨ ਲਈ ਗਲੋਬਲ ਫਾਇਰਪਾਵਰ ਨੇ ਲਗਭਗ 50 ਤੱਥਾਂ ਦੇ ਆਧਾਰ ’ਤੇ ਦੁਨੀਆ ਦੀਆਂ ਫੌਜੀ ਸ਼ਕਤੀਆਂ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਇਸ ਲਈ ਅੱਜ ਅਸੀਂ ਤੁਹਾਨੂੰ ਦੁਨੀਆ ਦੀਆਂ 5 ਵੱਡੀਆਂ ਫੌਜੀ ਤਾਕਤਾਂ ਬਾਰੇ ਦੱਸਣ ਜਾ ਰਹੇ ਹਾਂ। ਇਸ ਸੂਚੀ ਵਿੱਚ ਅਮਰੀਕਾ ਪਹਿਲੇ ਸਥਾਨ ’ਤੇ ਹੈ, ਜੋ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਹੈ। ਇਸ ਸੂਚੀ ’ਚ ਸੈਨਿਕਾਂ ਦੀ ਸਮਰੱਥਾ ਦੇ ਆਧਾਰ ’ਤੇ ਅਮਰੀਕਾ ਨੂੰ 0.0453 ਅੰਕ ਮਿਲੇ ਹਨ। ਅਮਰੀਕਾ ਕੋਲ 1.4 ਮਿਲੀਅਨ ਤੋਂ ਵੱਧ ਸਰਗਰਮ ਸੈਨਿਕ ਹਨ। ਇਸ ਦੇ ਨਾਲ ਹੀ ਰਿਪੋਰਟ ’ਚ ਦੱਸਿਆ ਗਿਆ ਹੈ ਕਿ ਪਿਛਲੇ ਸਾਲ 2020 ’ਚ ਅਮਰੀਕਾ ਨੇ ਆਪਣੇ ਸੁਰੱਖਿਆ ਬਜਟ ’ਤੇ ਸੱਤ ਸੌ ਬਿਲੀਅਨ ਡਾਲਰ ਖਰਚ ਕੀਤੇ ਸਨ। ਇਸ ਸੂਚੀ ਵਿੱਚ ਰੂਸ ਦੁਨੀਆ ਦਾ ਦੂਜਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਹੈ। ਰੂਸ ਦਾ ਪਾਵਰ ਇੰਡੈਕਸ 0.0501 ਹੈ। ਰੂਸ ਦਾ ਰੱਖਿਆ ਬਜਟ 46 ਅਰਬ ਡਾਲਰ ਹੈ। ਰੂਸ ਕੋਲ 850,000 ਸਰਗਰਮ ਸੈਨਿਕ ਹਨ। ਇਸ ਤੋਂ ਇਲਾਵਾ ਰੂਸ ਕੋਲ 772 ਲੜਾਕੂ ਜਹਾਜ਼ਾਂ ਦੇ ਨਾਲ 4100 ਤੋਂ ਵੱਧ ਜਹਾਜ਼ ਹਨ। ਗਲੋਬਲ ਫਾਇਰਪਾਵਰ ਸੂਚੀ ਵਿੱਚ, ਚੀਨ 0.0511 ਦੇ ਪਾਵਰ ਸੂਚਕਾਂਕ ਦੇ ਨਾਲ ਦੁਨੀਆ ਦਾ ਤੀਜਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਹੈ। ਚੀਨ ਦਾ ਰੱਖਿਆ ਬਜਟ ਲਗਭਗ 209 ਅਰਬ ਡਾਲਰ ਹੈ। ਚੀਨ ਕੋਲ 20 ਲੱਖ ਤੋਂ ਵੱਧ ਸਰਗਰਮ ਸੈਨਿਕ ਹਨ। ਚੀਨ ਦੁਨੀਆ ਦਾ ਇਕਲੌਤਾ ਅਜਿਹਾ ਦੇਸ਼ ਹੈ ਜਿੱਥੇ ਸੈਨਿਕਾਂ ਦੀ ਸਭ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ। ਇਸ ਸੂਚੀ ਵਿੱਚ ਭਾਰਤ ਦਾ ਪਾਵਰ ਇੰਡੈਕਸ 0.0979 ਹੈ ਤੇ ਇਸ ਵਿੱਚ 14 ਲੱਖ ਤੋਂ ਵੱਧ ਸਰਗਰਮ ਸੈਨਿਕ ਹਨ। ਇਸ ਵਿੱਚ ਫੌਜ ਦੇ ਤਿੰਨੋਂ ਵਿੰਗਾਂ ਦੇ ਜਵਾਨਾਂ ਦੀ ਗਿਣਤੀ ਸ਼ਾਮਲ ਹੈ। ਭਾਵੇਂ ਚੀਨ ਦਾ ਪਾਵਰ ਇੰਡੈਕਸ ਭਾਰਤ ਨਾਲੋਂ ਉੱਚਾ ਹੈ ਪਰ ਕਈ ਮੋਰਚੇ ਅਜਿਹੇ ਹਨ ਜਿੱਥੇ ਭਾਰਤ ਨੇ ਚੀਨ ਨੂੰ ਪਿੱਛੇ ਛੱਡ ਦਿੱਤਾ ਹੈ। ਤੁਹਾਨੂੰ ਇਹ ਜਾਣ ਕੇ ਮਾਣ ਹੋਵੇਗਾ ਕਿ ਭਾਰਤ ਕੋਲ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਧ ਸੈਨਿਕ ਬਲ ਹੈ। ਭਾਰਤ ਦਾ ਮੌਜੂਦਾ ਰੱਖਿਆ ਬਜਟ ਲਗਪਗ 5.25 ਲੱਖ ਕਰੋੜ ਰੁਪਏ ਹੈ।

ਇਸ ਸੂਚੀ ’ਚ ਜਾਪਾਨ ਦਾ ਪਾਵਰ ਇੰਡੈਕਸ 0.1195 ਹੈ ਤੇ ਇਸ ਦੇ ਨਾਲ ਜਾਪਾਨ ਪੰਜਵੇਂ ਸਥਾਨ ’ਤੇ ਹੈ। ਜਾਪਾਨੀ ਫੌਜ ਵਿੱਚ 2 ਲੱਖ ਤੋਂ ਵੱਧ ਸੈਨਿਕ ਹਨ। ਜਾਪਾਨ ਇੱਕ ਸ਼ਾਂਤੀ ਪਸੰਦ ਦੇਸ਼ ਹੈ। ਜਾਪਾਨ ਦੇ ਸੰਵਿਧਾਨ ਅਨੁਸਾਰ, ਕਿਸੇ ਵੀ ਵਿਸ਼ਵ ਮੁੱਦਿਆਂ ਨੂੰ ਹੱਲ ਕਰਨ ਲਈ ਸ਼ਾਂਤੀ ਤੇ ਗੱਲਬਾਤ ਹੀ ਇੱਕੋ ਇੱਕ ਵਿਕਲਪ ਹਨ। ਅਮਰੀਕਾ ਦੇ ਪਰਮਾਣੂ ਹਮਲੇ ਤੋਂ ਬਾਅਦ ਇੱਥੇ ਜੰਗ ਨੂੰ ਤਬਾਹੀ ਦਾ ਕਾਰਨ ਮੰਨਿਆ ਜਾਂਦਾ ਹੈ।

# ਜਾਗ ਪਿਆ ਸ਼ੈਤਾਨ



ਕੁਲਦੀਪ ਸਿੰਘ ਦੀਪ (ਡਾ.)

ਤਾਜਾ ਸਮਾਚਾਰ ਇਹ ਹੈ ਕਿ ਰੂਸ ਧੜੱਲੇ ਨਾਲ ਯੂਕਰੇਨ ਵਿਚ ਅੱਗੇ ਵਧ ਰਿਹਾ ਹੈ..

ਯੂਕਰੇਨ ਦੇ ਰਾਸ਼ਟਰਪਤੀ ਯੈਲਿੰਸਕੀ ਦੇ ਦੋ ਰੂਪ ਦੇਖਣ ਨੂੰ ਨਜ਼ਰ ਆ ਰਹੇ ਹਨ :

ਪਹਿਲਾ : ਇਕ ਬੇਬਸ ਆਦਮੀ ਦੇ ਰੂਪ ਵਿਚ...

ਯੂਕਰੇਨ ਰੂਸ ਦੇ ਮੁਕਾਬਲੇ ਬਹੁਤ ਕਮਜ਼ੋਰ ਮੁਲਕ ਹੈ...ਪੰਜਾਬੀ ਦੀ ਅਖਾਣ ਹੈ ਕਿ 'ਕੱਟਾ ਕਿੱਲੇ ਦੇ ਜੋਰ ਤੇ ਤਿੰਘੜਦਾ ਹੈ...' ਬਿਲਕੁਲ ਇਸੇ ਤਰ੍ਹਾਂ ਯੂਕਰੇਨ ਜਿੰਨੀ ਕੁ ਬੜ੍ਹਕ ਮਾਰਦਾ ਸੀ, ਉਹ ਅਮਰੀਕਾ ਅਤੇ ਨਾਟੋ ਦੇ ਵਾਅਦੇ ਤੇ ਦਾਅਵੇ ਦੇ ਮੁਤਾਬਕ ਹੀ ਮਾਰਦਾ ਸੀ, ਪਰ ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਤੇਰੇ, ਛੱਡ ਕੇ ਮੈਦਾਨ ਭੱਜ ਗਏ... ਸਾਰੇ 'ਡੱਬੂ' ਜਿਹੜੇ ਪਹਿਲਾਂ 'ਫੜ੍ਹਾਂ' ਮਾਰਦੇ ਸੀ, 'ਅੱਗ ਲੱਗੀ' ਤੋਂ 'ਕੰਧਾਂ' ਤੇ ਚੜ੍ਹ ਕੇ ਬੈਠ ਗਏ..ਅਜਿਹੇ ਹਾਲਾਤਾਂ ਵਿਚ ਯੈਲਿੰਸਕੀ ਬੇਬਸੀ ਅਤੇ ਵੇਚਾਰਗੀ ਤੋਂ ਬਿਨਾ ਹੋਰ ਕਰ ਵੀ ਕੀ ਸਕਦਾ ਸੀ ?

ਦੂਜਾ : ਇਕ ਵਫਾਦਾਰ ਆਦਮੀ ਦੇ ਰੂਪ ਵਿਚ

ਅਜਿਹੇ ਔਖੇ ਸਮਿਆਂ ਵਿਚ ਉਸ ਨੇ ਆਪਣੇ ਦੇਸ਼ ਦੇ ਨਾਲ ਖੜ੍ਹਨ ਦਾ ਫੈਸਲਾ ਕੀਤਾ ਹੈ। ਉਸ ਨੇ ਸਾਫ਼ ਕਿਹਾ ਕਿ ਰੂਸੀ ਫੌਜੀਆਂ ਦਾ ਪਹਿਲਾ ਨਿਸ਼ਾਨਾ ਉਹ ਹੈ ਅਤੇ ਦੂਜਾ ਨਿਸ਼ਾਨਾ ਉਸ ਦਾ ਪਰਿਵਾਰ..ਪਰ ਫਿਰ ਵੀ ਉਹ ਦੇਸ਼ ਨਾਲ ਅਤੇ ਆਪਣੇ ਵਤਨਵਾਸੀਆਂ ਨਾਲ ਗਦਾਰੀ ਨਹੀਂ ਕਰੇਗਾ..ਉਹਨਾਂ ਦੇ ਵਿਚ ਰਹੇਗਾ...ਲੜੇਗਾ..ਜੀਵੇਗਾ ਜਾਂ ਮਰੇਗਾ..ਪਰ ਬੇਵਫਾਈ ਹਰਗਿਜ਼ ਨਹੀਂ ਕਰੇਗਾ...। ਇਹ ਸਟੈਂਡ ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਘਾਣੀ ਦੇ ਬਿਲਕੁਲ ਉਲਟ ਹੈ, ਜੋ ਪਹਿਲਾਂ ਤਾਂ ਸੱਤਾ ਦੀ ਮਲਾਈ ਛਕਦਾ ਰਿਹਾ, ਪਰ ਤਾਲਿਬਾਨ ਦੇ ਹਮਲੇ ਤੋਂ ਬਾਅਦ ਨੋਟਾਂ ਦੇ ਬੋਰੇ ਭਰ ਕੇ ਫੁਰਰਰਰਰਰਰ ਹੋ ਗਿਆ ਅਤੇ ਵਤਨਵਾਸੀਆਂ ਨੂੰ ਮਰਨ/ਸੜਨ ਲਈ ਛੱਡ ਗਿਆ।

ਇਸ ਤੋਂ ਵੀ ਤਾਜਾ ਸਮਾਚਾਰ ਇਹ ਹੈ ਕਿ ਵਿਸ਼ਵ ਜੰਗ ਦੀ ਆਹਟ ਉਸ ਵਕਤ ਹੋਰ ਤੇਜ ਹੋ ਗਈ ਜਦ ਨਾਟੋ ਮੁਲਕਾਂ ਵਿੱਚੋਂ ਇਟਲੀ ਅਤੇ ਜਰਮਨੀ ਨੇ ਆਪਣੇ ਆਪਣੇ ਚਾਰ ਚਾਰ ਯੂਰੋ ਫਾਈਟਰ ਜ਼ਹਾਜ਼ ਯੂਕਰੇਨ ਦੀ ਹੱਦ ਨਾਲ ਲਗਦੇ ਦੇਸ਼ ਰੋਮਾਨੀਆਂ ਵਿਚ ਭੇਜ ਦਿੱਤੇ ਹਨ। ਇਸ ਦਾ ਮਤਲਬ ਇਹ ਹੈ ਕਿ ਬੇਸ਼ਕ ਨਾਟੋ ਇਹ ਕਹਿ ਰਿਹਾ ਹੈ ਕਿ ਉਹ ਆਪਣੀਆਂ ਫੌਜਾਂ ਯੂਕਰੇਨ ਵਿਚ ਨਹੀਂ ਭੇਜਣਗੇ, ਪਰ ਅੰਦਰਖਾਤੇ ਰੂਸ ਨੂੰ ਘੇਰਨ ਲਈ ਪੇਸ਼ਬੰਦੀਆਂ ਕਰ ਰਿਹਾ ਹੈ। ਭਾਵੇਂ ਇਹ ਫਾਈਟਰ ਜਹਾਜ਼ ਭੇਜਣ ਦਾ ਅਰਥ ਹਮਲਾ ਕਰਨ ਦੀ ਥਾਂ ਤੇ ਰੂਸ ਤੇ ਦਬਾਅ ਬਣਾਉਣਾ ਵੀ ਹੋ ਸਕਦਾ ਹੈ ਤਾਂ ਕਿ ਉਹ ਯੂਕਰੇਨ ਤੋਂ ਬਾਅਦ ਕਿਸੇ ਵੀ ਨਾਟੋ ਮੁਲਕ ਤੇ ਹਮਲਾ ਕਰਨ ਦੀ ਜ਼ੁਰਅਤ ਨਾ ਕਰ ਸਕੇ। ਅੱਧੀ ਰਾਤ ਤੋਂ ਬਾਅਦ ਦੀ ਖ਼ਬਰ ਇਹ ਵੀ ਹੈ ਕਿ ਨਾਟੋ ਦੇ ਬਾਕੀ ਮੁਲਕਾਂ ਨੇ ਵੀ ਹਥਿਆਰਾਂ ਅਤੇ ਪੈਸੇ ਦੇ ਰੂਪ ਵਿਚ ਯੂਕਰੇਨ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਹੈ। ਪਰ ਇਹ ਹੁਣ ਇਹ ਹਥਿਆਰ ਯੂਕਰੇਨ ਤੱਕ ਪਹੁੰਚਣੇ ਅਤੇ ਚੱਲਣੇ ਮੁਸ਼ਕਿਲ ਹਨ, ਕਿਉਂਕਿ ਰੂਸ ਨੇ ਯੂਕਰੇਨ ਦਾ ਸਾਰਾ ਜੰਗੀ ਸਿਸਟਮ ਤਬਾਹ ਕਰ ਦਿੱਤਾ ਹੈ।

ਫਿਲਹਾਲ ਰੂਸ ਧੜੱਲੇ ਨਾਲ ਅੱਗੇ ਵਧਕੇ ਯੂਕਰੇਨ ਨੂੰ ਦਰੜਦਾ ਹੋਇਆ ਉਸ ਦੀ ਰਾਜਧਾਨੀ ਕੀਵ ਤੱਕ ਪਹੁੰਚ ਗਿਆ ਹੈ। ਉਹ ਸਿੱਧੇ ਤੌਰ ਤੇ ਧਮਕੀ ਦੇ ਰਿਹਾ ਹੈ ਕਿ ਜਿਹੜਾ ਵੀ ਇਸ 'ਮਿਸ਼ਨ' ਦੇ ਰਾਸਤੇ ਵਿਚ ਆਏਗਾ, ਰੂਸ ਉਸ ਨੂੰ ਐਸਾ ਸਬਕ ਸਿਖਾਏਗਾ ਕਿ ਉਸਨੇ ਕਦੇ ਸੋਚਿਆ ਵੀ ਨਹੀਂ ਹੋਣਾ।

ਖ਼ਬਰ ਇਹ ਵੀ ਹੈ ਕਿ ਰੂਸ ਦੇ ਇਸ ਹਮਲੇ ਦਾ ਪੂਰੇ ਵਿਸ਼ਵ ਭਰ ਵਿਚ ਆਮ ਲੋਕਾਂ ਨੇ ਹੱਥਾਂ ਵਿਚ ਤਖ਼ਤੀਆਂ ਫੜ੍ਹ ਕੇ ਵਿਰੋਧ ਕੀਤਾ ਹੈ, ਬੇਬਸੀ ਵਿਚ ਹੰਝੂ ਵਹਾਏ ਹਨ, ਯੁੱਧ ਵਿਚ ਫਸੇ ਆਮ ਤੇ ਬੇਕਸੂਰ ਲੋਕਾਂ ਪ੍ਰਤੀ ਚਿੰਤਾ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਰੂਸ ਦੇ ਅੰਦਰ ਵੀ ਵੱਡੇ ਪੱਧਰ ਤੇ ਵਿਰੋਧ ਪ੍ਰਦਰਸ਼ਨ ਹੋਇਆ ਹੈ। ਇਸ ਵਾਰ ਦੇ ਨੋਬਲ ਪੁਰਸਕਾਰ ਪ੍ਰਾਪਤ ਰੂਸੀ ਪੱਤਰਕਾਰ ਦਮਿੱਤਰੀ ਮੁਰਾਤੋਵ ਨੇ ਇਸ ਦੀ ਵਿਸ਼ੇਸ਼ ਰਿਪੋਰਟਿੰਗ ਕੀਤੀ ਹੈ ਅਤੇ ਆਪਣੇ ਵਿਰੋਧ ਨੂੰ ਪ੍ਰਗਟ ਕਰਨ ਲਈ ਇਸ ਵਾਰ ਦਾ ਅੰਕ ਰੂਸੀ ਅਤੇ ਯੂਕਰੇਨੀ ਭਾਸ਼ਾ ਵਿਚ ਸਮਾਨਾਂਤਰ ਕੱਢਣ ਦਾ ਫੈਸਲਾ ਕੀਤਾ ਹੈ। ਪੋਲੈਂਡ ਦੇ ਲੋਕ ਘਾਇਲਾਂ ਲਈ ਖ਼ੂਨਦਾਨ ਕਰਕੇ ਆਪਣੇ ਮਿੱਤਰ ਦੇਸ਼ ਯੂਕਰੇਨ ਨੂੰ ਭੇਜ ਰਹੇ ਹਨ।

ਇਕ ਹੋਰ ਮਹੱਤਵਪੂਰਨ ਖ਼ਬਰ ਹੈ ਕਿ ਯੂ ਐਨ ਓ ਦੀ ਸੁਰੱਖਿਆ ਕੌਂਸਲ ਵਿਚ ਰੂਸ ਪ੍ਰਤੀ ਨਿੰਦਾ ਪ੍ਰਸਤਾਵ ਪੇਸ਼ ਹੋਇਆ। ਪੰਜ ਸਥਾਈ ਮੈਂਬਰਾਂ ਵਿੱਚੋਂ 3 ਨੇ ਇਸ ਦੇ ਹੱਕ ਵਿਚ ਵੋਟ ਪਾਈ, ਚੀਨ ਗ਼ੈਰਹਾਜ਼ਿਰ ਰਿਹਾ ਅਤੇ ਰੂਸ ਨੇ ਇਹ ਪ੍ਰਸਤਾਵ ਨੂੰ ਵੀਟੋ ਕਰਕੇ ਠੰਡੇ ਬਸਤੇ ਵਿਚ ਸੁੱਟ ਦਿੱਤਾ। 10 ਅਸਥਾਈ ਮੈਂਬਰਾਂ ਵਿਚ ਯੂ ਏ ਈ ਅਤੇ ਭਾਰਤ ਨੇ ਵੀ ਇਸ ਦੇ ਹੱਕ ਜਾਂ ਵਿਰੋਧ ਵਿਚ ਜਾਣ ਦੀ ਬਜਾਇ ਗ਼ੈਰਹਾਜ਼ਿਰ ਰਹਿਣਾ ਮੁਨਾਸਬ ਸਮਝਿਆ।




ਭਾਰਤ ਦੇ ਇਸ ਸਮੇਂ ਗ਼ੈਰਹਾਜ਼ਿਰ ਰਹਿਣ ਦੇ ਬਹੁਤ ਸਾਰੇ ਮਤਲਬ ਹੋ ਸਕਦੇ ਹਨ। ਮਨੁੱਖਤਾ ਦੇ ਤੌਰ ਤੇ ਇਹ ਬਹੁਤ ਵੱਡੀ 'ਨਲਾਇਕੀ' ਕਹੀ ਜਾ ਸਕਦੀ ਹੈ। ਕਿਉਂਕਿ ਜਦ ਇਕ ਮੁਲਕ ਦੂਜੇ ਮੁਲਕ ਨੂੰ ਇੰਝ ਸਰੇਆਮ ਦਰੜ ਰਿਹਾ ਹੋਵੇ, ਉਸ ਸਮੇਂ ਉਸ ਤੋਂ ਅੱਖਾਂ ਮੀਚ ਕੇ 'ਨਿਉਟਰਲ' ਰਹਿਣ ਦਾ ਮਤਲਬ ਤੁਸੀਂ ਹਮਲਾਵਰ ਦਾ ਹੀ ਸਾਥ ਦੇ ਰਹੇ ਹੋ।

# ਸਾਡੇ ਆਲੇ . . . .




ਇਸ ਦਾ ਦੂਜਾ ਅਰਥ ਇਸ ਤੋਂ ਵਧੇਰੇ ਗੁੰਝਲਦਾਰ ਹੈ, ਜਿਸ ਨੂੰ ਸਮਝਣ ਲਈ ਇਤਿਹਾਸ ਦੀਆਂ ਗਲੀਆਂ ਵਿਚ ਪਰਤਣਾ ਪਏਗਾ। ਵਿਸਵੀ ਮਾਮਲਿਆਂ ਵਿਚ ਭਾਰਤ ਜਿੰਨਾ ਬੇਬਸ ਤੇ ਕਮਜ਼ੋਰ ਹੁਣ ਨਜ਼ਰ ਆ ਰਿਹਾ ਹੈ, ਏਨਾ ਸ਼ਾਇਦ ਪਹਿਲਾਂ ਕਿਸੇ ਦੌਰ ਵਿਚ ਨਹੀਂ ਸੀ। ਅਫਗਾਨਿਸਤਾਨ ਤੇ ਹੋਏ ਤਾਲਿਬਾਨੀ ਹਮਲੇ ਦੇ ਮਾਮਲੇ ਵਿਚ ਭਾਰਤ ਦਾ ਮੁੱਖ ਸਰੋਕਾਰ ਉਸ ਮੁਲਕ ਵਿਚ ਫਸੇ ਆਪਣੇ ਨਾਗਰਿਕਾਂ ਨੂੰ ਬਾਹਰ ਕੱਢਣ ਵਿਚ ਹੀ ਰਿਹਾ ਅਤੇ ਹੁਣ ਯੂਕਰੇਨ ਦੇ ਮਾਮਲੇ ਵਿਚ ਵੀ ਨਿਰਲੇਪ ਰਹਿਣ ਦਾ ਮਤਲਬ ਆਪਣੇ ਆਪ ਨੂੰ ਐਕਟਿਵ ਗਲੋਬਲ ਸਥਿਤੀਆਂ ਤੋਂ ਬਾਹਰ ਕੱਢ ਕੇ ਆਪਣੇ ਆਪ ਨੂੰ ਹਾਸ਼ੀਏ ਤੇ ਧੱਕ ਦੇਣਾ ਹੈ। ਇਥੇ ਵੀ ਭਾਰਤ ਨੇ ਆਪਣਾ ਮੁੱਖ ਸਰੋਕਾਰ ਆਪਣੇ ਨਾਗਰਿਕਾਂ ਨੂੰ ਬਾਹਰ ਕੱਢਣ ਤੱਕ ਸੀਮਤ ਕਰ ਲਿਆ ਹੈ।

ਯਾਦ ਕਰੋ ਜਦੋਂ ਸ਼ੀਤ ਯੁੱਧ ਦੇ ਦੌਰਾਨ ਵਿਸ਼ਵ ਸਿੱਧੇ ਤੌਰ ਤੇ ਸਮਾਜਵਾਦੀ ਅਤੇ ਪੂੰਜੀਵਾਦੀ ਕੈਂਪਾਂ ਵਿਚ ਵੰਡਿਆ ਹੋਇਆ ਸੀ, ਤਦ ਭਾਰਤ ਨੇ 'ਗੁਟ ਨਿਰਲੇਪ ਲਹਿਰ' ਖੜ੍ਹੀ ਕੀਤੀ, ਜਿਸ ਵਿਚ ਭਾਰਤ ਦੇ ਨਾਲ ਨਾਲ ਵਿਸ਼ਵ ਦੇ ਕਈ ਹੋਰ ਮੁਲਕ ਵੀ ਇਸ ਦੇ ਮੈਂਬਰ ਬਣੇ। ਇਹ ਲਹਿਰ ਦਾ ਅਰਥ ਦੋਵਾਂ ਗੁੱਟਾਂ ਤੋਂ ਨਿਰਲੇਪ ਰਹਿ ਕੇ ਆਪਣਾ ਵੱਖਰਾ ਗੁੱਟ ਕਾਇਮ ਕਰਨਾ ਸੀ ਅਤੇ ਦੁਨੀਆਂ ਦੇ ਸਾਹਮਣੇ ਤੀਜਾ ਬਦਲ ਖੜ੍ਹਾ ਕਰਨਾ ਸੀ। ਇਸ ਦਾ ਉਦੇਸ਼ ਭਾਰਤ ਦੇ ਹੁਣ ਵਾਲੇ ਸਟੈਂਡ ਵਾਂਗ ਵਿਸ਼ਵ ਪਰਿਸਥਿਤੀਆਂ ਤੋਂ ਨਿਰਲੇਪ ਰਹਿਣਾ ਨਹੀਂ ਸੀ, ਬਲਕਿ ਤੀਜੇ ਗੁਟ ਦੇ ਰੂਪ ਵਿਚ ਆਪਣੀ ਸੁਤੰਤਰ ਸੋਚ ਅਨੁਸਾਰ ਸੂਝ ਆਧਾਰਿਤ ਬਦਲ ਦੇਣਾ ਸੀ ਅਤੇ ਵਿਸ਼ਵ ਨੂੰ ਇਸ ਦੇ ਨਾਲ ਜੋੜਨਾ ਸੀ।

ਪਰ ਬਦਕਿਸਮਤੀ ਨਾਲ ਭਾਰਤ ਆਪਣਾ ਇਹ 'ਗੁੱਟ' ਕਾਇਮ ਨਾ ਰੱਖ ਸਕਿਆ। ਗਲੋਬਲੀ ਸਥਿਤੀਆਂ ਵਿਚ ਰੂਸ ਦੇ ਕਮਜ਼ੋਰ ਹੋਣ ਕਾਰਨ ਭਾਰਤ ਨੇ ਆਪਣੇ ਆਪ ਨੂੰ ਅਮਰੀਕਾ ਅੱਗੇ ਸਰੰਡਰ ਕਰ ਦਿੱਤਾ ਅਤੇ ਅਮਰੀਕਾ ਦੀ ਅਗਵਾਈ ਵਾਲੇ ਸੰਗਠਨਾਂ ਵਿਚ ਸ਼ਾਮਿਲ ਹੋਕੇ ਆਪਣਾ 'ਥਰਡ ਉਪੀਨੀਅਨ' ਵਾਲਾ ਕਿਰਦਾਰ ਖ਼ਤਮ ਕਰ ਲਿਆ। ਇਸ ਵਿਚ ਬਹੁਤ ਕੁਝ ਚੀਨ ਬਨਾਮ ਭਾਰਤ ਦੇ ਰਿਸ਼ਤਿਆਂ ਨੇ ਵੀ ਆਪਣੀ ਭੂਮਿਕਾ ਨਿਭਾਈ। ਅਗਰ ਭਾਰਤ ਆਪਣੀ ਸਮਾਨਾਂਤਰ ਹੋਂਦ ਕਾਇਮ ਰਖਦਾ ਤਾਂ ਸ਼ਾਇਦ ਅੱਜ ਭਾਰਤ ਦੀ ਸਥਿਤੀ 'ਤਿੰਨਾਂ 'ਚ ਨਾ ਤੇਰਾਂ 'ਚ' ਵਾਲੀ ਨਾ ਹੁੰਦੀ। ਇਸ ਵਕਤ ਉਹ ਨਾ ਰੂਸ ਨੂੰ ਨਰਾਜ ਕਰਨ ਦੀ ਜ਼ਹਿਮਤ ਉਠਾ ਸਕਦਾ ਹੈ ਤੇ ਨਾ ਅਮਰੀਕਾ ਨੂੰ... ਯੂਕਰੇਨ ਦੇ ਨਾਲ ਉਸ ਦੀ ਹਮਦਰਦੀ ਤਾਂ ਹੈ, ਪਰ ਸਾਥ ਨਹੀਂ। ਇਹੋ ਜਿਹੀ ਭੂਮਿਕਾ ਹੀ ਨਾਟੋ ਮੁਲਕਾਂ ਦੀ ਹੈ।

ਪਰ ਜਦ ਟੈਂਕ, ਤੋਪਾਂ, ਮਿਜ਼ਾਇਲਾਂ ਅਤੇ ਫਾਈਟਰ ਤੁਹਾਨੂੰ ਦਰੜਨ ਲਈ ਧਾਵਾ ਬੋਲ ਚੁੱਕੇ ਹੋਣ, ਬੰਬਾਂ ਨਾਲ ਅਸਮਾਨ ਦਹਿਲ ਰਿਹਾ ਹੋਵੇ, ਨਿਰੋਦਸ਼ ਲੋਕ ਮਾਰੇ ਜਾਂਦੇ ਹੋਣ, ਉਸ ਵਕਤ ਹਮਦਰਦੀ ਨਾਲੋਂ ਸਾਥ ਦੀ ਵਧੇਰੇ ਲੋੜ ਹੁੰਦੀ ਹੈ। ਜਾਂ ਤਾਂ ਦਬਾਅ ਬਣਾ ਕੇ ਜੰਗ ਰੋਕੀ ਜਾਵੇ, ਜਾਂ ਫਿਰ ਸਾਥ ਦਿੱਤਾ ਜਾਵੇ। ਇਸ ਤੋਂ ਬਿਨਾ ਜੇਕਰ ਕੋਈ ਵੀ ਮੁਲਕ ਕੋਈ ਵੀ ਤੀਜਾ ਬਦਲ ਅਪਨਾਉਂਦਾ ਹੈ ਤਾਂ ਇਹ ਜਾਂ ਉਸ ਦੀ ਬੇਬਸੀ ਹੈ, ਜਾਂ ਨਲਾਇਕੀ ਜਾਂ ਸਾਜ਼ਿਸ਼। ਕਿਉਂਕਿ ਇਤਿਹਾਸ ਜੁਆਬ ਮੰਗੇਗਾ ਕਿ ਜਦੋਂ ਲੋਕ ਮਰ ਰਹੇ ਸੀ, ਤਾਂ ਤੁਸੀਂ ਕੀ ਕਰ ਰਹੇ ਸੀ ? ਕਲਪਨਾ ਕਰੋ, ਕੱਲ੍ਹ ਨੂੰ ਜੇਕਰ ਚੀਨ ਇੰਝ ਹੀ ਕਿਤੇ ਭਾਰਤ ਤੇ ਹਮਲਾ ਕਰੇ ਜਾਂ ਪਾਕਿਸਤਾਨ ਨੂੰ ਛਹਿ ਦੇ ਕੇ ਕਸ਼ਮੀਰ ਤੇ ਕਬਜ਼ਾ ਕਰੇ ਤੇ ਅਸੀਂ ਰੂਸ, ਅਮਰੀਕਾ ਜਾਂ ਦੁਨੀਆ ਦੇ ਹੋਰ ਮੁਲਕਾਂ ਨੂੰ ਆਪਣੀ ਮਦਦ ਲਈ ਕਹੀਏ ਤੇ ਅੱਗਿਓਂ ਉਹ ਕਹਿਣ ਕਿ ਅਸੀਂ ਤਾਂ 'ਨਿਰਲੇਪ' ਹਾਂ, ਫੇਰ ਅਸ਼ੀ ਉਹਨਾਂ ਤੋਂ ਕੀ ਤਵੱਕੋਂ ਕਰਾਂਗੇ ? ਇਹ ਸੁਆਲ ਬਹੁਤ ਵੱਡੇ ਸੁਆਲ ਹਨ।

ਅੱਜ ਦੀ ਆਖਰੀ ਗੱਲ..

ਭਾਰਤ ਦੇ ਹਜ਼ਾਰਾਂ ਵਿਦਿਆਰਥੀ ਯੂਕਰੇਨ ਵਿਚ ਫਸੇ ਹੋਏ ਹਨ। ਡਰ, ਦਹਿਸ਼ਤ, ਭੁੱਖ, ਅਸੁਰਖਿਆ ਅਤੇ ਬੇਗਾਨਗੀ ਦੇ ਆਲਮ ਵਿਚ ਘਿਰੇ ਇਹ ਬੱਚੇ ਜੰਗ ਦਾ ਉਹ ਸੰਤਾਪ ਹੰਢਾ ਰਹੇ ਹਨ, ਜੋ ਨਾ ਉਹਨਾਂ ਸੋਚਿਆਂ ਸੀ ਨਾ ਚਿਤਵਿਆ ਸੀ। ਉਹ ਤਾਂ ਆਪਣੇ ਉਹ ਸੁਪਨੇ ਲੈ ਕੇ ਉਥੇ ਗਏ ਸੀ, ਜਿਹੜੇ ਸਾਡੀ ਧਰਤੀ ਤੇ 'ਸਾਡੇ ਆਲਿਆਂ' ਨੇ ਪੂਰੇ ਨਹੀਂ ਕੀਤੇ।

ਕੋਈ ਰੁਜ਼ਗਾਰ ਦੀ ਤਲਾਸ਼ ਵਿਚ ਬਾਹਰ ਜਾਵੇ, ਸਮਝਿਆ ਜਾ ਸਕਦਾ ਹੈ। ਕੋਈ ਉਹ ਕੋਰਸ ਕਰਨ ਲਈ ਬਾਹਰ ਜਾਵੇ, ਜੋ ਆਪਣੇ ਦੇਸ਼ ਵਿਚ ਹੈ ਹੀ ਨਹੀਂ, ਤਾਂ ਵੀ ਸਮਝਿਆ ਜਾ ਸਕਦਾ ਹੈ। ਕੋਈ ਇਸ ਕਰਕੇ ਬਾਹਰ ਜਾਵੇ ਕਿ ਉਸ ਦੇ ਮੁਲਕ ਵਿਚ ਉਹ ਸਹੂਲਤਾਂ ਨਹੀਂ ਹਨ, ਜੋ ਕਿਸੇ ਹੋਰ ਮੁਲਕ ਵਿਚ ਹਨ, ਤਾਂ ਵੀ ਸਮਝਿਆ ਜਾ ਸਕਦਾ ਹੈ। ਪਰ ਕੋਈ ਇਸ ਕਰਕੇ ਬਾਹਰ ਜਾਵੇ ਕਿ ਉਸ ਦਾ ਮੁਲਕ ਉਹੀ ਕੋਰਸ ਏਨੇ ਮਹਿੰਗੇ ਕਰਵਾ ਰਿਹਾ ਹੈ ਕਿ ਨੌਜਵਾਨ ਲਾਚਾਰੀ ਵਿਚ ਆਪਣੇ ਦੇਸ਼ ਦੀ ਥਾਂ ਹੋਰ ਮੁਲਕਾਂ ਵਿਚ ਜਾ ਕੇ ਕੋਰਸ ਕਰ ਰਹੇ ਹਨ, ਇਹ ਕਿਸੇ ਵੀ ਦੇਸ਼ ਲਈ ਸ਼ਰਮ ਵਾਲੀ ਗੱਲ ਹੋਣੀ ਚਾਹੀਦੀ ਹੈ।

ਹੁਣ ਅਜਿਹਾ ਹੀ ਹੋ ਰਿਹਾ ਹੈ। ਦੁਨੀਆਂ ਦੀ ਵਿਸ਼ਵ ਸ਼ਕਤੀ ਬਣਨ ਦਾ ਦਾਅਵਾ ਕਰਨ ਵਾਲੀ ਸਾਡੀ ਸਰਕਾਰ ਆਪਣੇ ਦੇਸ਼ ਦੇ ਵਿਦਿਆਰਥੀਆਂ ਤੋਂ ਐਮ ਬੀ ਬੀ ਐਸ ਕਰਾਉਣ ਦੇ ਏਨੇ ਪੈਸੇ ਮੰਗ ਰਹੀ ਹੈ ਕਿ ਬਹੁਤ ਸਾਰੇ ਗ਼ਰੀਬ ਤਾਂ ਕੀ ਮਿਡਲ ਕਲਾਸ ਦੇ ਪਰਿਵਾਰ ਵੀ ਉਹ ਫੀਸ ਭਰਨ ਦੇ ਸਮਰੱਥ ਨਹੀਂ ਹਨ। ਮਜ਼ਬੂਰੀਵਸ਼ ਉਹਨਾਂ ਨੂੰ ਉਹੀ ਕੋਰਸ ਕਰਨ ਲਈ ਯੂਕਰੇਨ ਵਰਗੇ ਮੁਲਕਾਂ ਵਿਚ ਜਾਣਾ ਪੈਂਦਾ ਹੈ, ਜਿੱਥੇ ਉਹ ਜਹਾਜ਼ ਦਾ ਕਿਰਾਇਆ, ਬਾਹਰ ਰਹਿਣ ਦਾ ਖਰਚ ਅਤੇ ਫੀਸਾਂ ਦੀ ਰਕਮ ਜੋੜ ਕੇ ਵੀ ਭਾਰਤ ਨਾਲੋਂ ਘੱਟ ਪੈਸਿਆਂ ਵਿਚ ਡਿਗਰੀ ਪੂਰੀ ਕਰ ਲੈਂਦੇ ਹਨ।

ਯੂਕਰੇਨ ਦੀਆਂ ਯੂਨੀਵਰਸਿਟੀਆਂ ਸਾਡੇ ਦੇਸ਼ ਦੇ ਨੌਜਵਾਨਾਂ ਦੇ ਉਹ ਸੁਪਨੇ ਪੂਰੇ ਕਰਨ ਲਈ ਮੌਕੇ ਮੁਹਈਆ ਕਰਦੀਆਂ ਹਨ, ਜੋ ਸਾਡੇ ਮੁਲਕ ਦਾ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਸੰਸਥਾਨ ਨਹੀਂ ਕਰ ਸਕਦਾ।

ਸਾਲ 2021 ਵਿਚ ਭਾਰਤ ਦੇ ਸਿਹਤ ਰਾਜ ਮੰਤਰੀ ਡਾ. ਭਾਰਤੀ ਪ੍ਰਵੀਨ ਪਵਾਰ ਨੇ ਲੋਕਸਭਾ ਵਿਚ ਦੱਸਿਆ ਸੀ ਕਿ ਦੇਸ਼ ਵਿਚ ਸਰਕਾਰੀ ਅਤੇ ਨਿਜੀ ਕਾਲਜਾਂ ਵਿਚ ਐਮਬੀਬੀਐਸ ਦੀਆਂ 88120 ਅਤੇ ਬੀਡੀਐਸ ਦੀਆਂ 27498 ਸੀਟਾਂ ਹਨ।

ਤੱਥ ਇਹ ਹੈ ਕਿ ਮੈਡੀਕਲ ਦੀਆਂ ਇਹਨਾਂ ਸੀਟਾਂ ਲਈ ਪਿਛਲੇ ਸਾਲ ਤਕਰੀਬਨ ਅੱਠ ਲੱਖ ਬੱਚਿਆਂ ਨੇ ਇਮਤਿਹਾਨ ਦਿੱਤਾ। ਲਗਭਗ 88 ਹਜ਼ਾਰ ਐਮਬੀਬੀ ਐਸ ਦੀਆਂ ਸੀਟਾਂ ਵਿੱਚੋਂ 50% ਸੀਟਾਂ ਪ੍ਰਾਈਵੇਟ ਕਾਲਜਾਂ ਵਿਚ ਹਨ। ਇਸ ਹਿਸਾਬ ਨਾਲ ਮੈਡੀਕਲ ਦੀ ਤਿਆਰੀ ਕਰ ਰਹੇ ਲੱਖਾਂ ਵਿਦਿਆਰਥੀਆਂ ਨੂੰ ਸਰਕਾਰੀ ਮੈਡੀਕਲ ਕਾਲਜਾਂ ਵਿਚ ਦਾਖਲਾ ਨਹੀਂ ਮਿਲਦਾ। ਲਗਭਗ 10% ਬੱਚਿਆਂ ਨੂੰ ਹੀ ਦਾਖਲਾ ਮਿਲ ਸਕਦਾ ਹੈ। ਦੂਜੇ ਪਾਸੇ ਪ੍ਰਾਈਵੇਟ ਕਾਲਜਾਂ ਦੀਆਂ ਫੀਸਾਂ ਏਨੀਆਂ ਜ਼ਿਆਦਾ ਹਨ ਕਿ ਇਹ ਬੱਚੇ ਇਹਨਾਂ ਕਾਲਜਾਂ ਵਿਚ ਦਾਖਲਾ ਲੈ ਹੀ ਨਹੀਂ ਸਕਦੇ। ਸਿੱਟੇ ਵਜੋਂ ਹਜ਼ਾਰਾਂ ਵਿਦਿਆਰਥੀਆਂ ਨੂੰ ਰੂਸ, ਯੁਕਰੇਨ,ਕਜ਼ਾਕਿਸਤਾਨ, ਕਿਰਗਿਜ਼ਸ਼ਤਾਨ ਵਰਗੇ ਮੁਲਕਾਂ ਵੱਲ ਮੂੰਹ ਕਰਨਾ ਪੈਂਦਾ ਹੈ, ਜਿਥੇ ਦਾਖਲਾ ਵੀ ਮਿਲਦਾ ਹੈ ਤੇ ਫੀਸਾਂ ਵੀ ਘੱਟ ਹਨ।

ਸਾਡੇ ਪ੍ਰਾਈਵੇਟ ਕਾਲਜਾਂ ਵਿਚ ਅੰਦਾਜ਼ਨ ਇਕ ਬੱਚੇ ਨੂੰ ਐਮਬੀਬੀਐਸ ਕਰਨ ਲਈ 70-80 ਲੱਖ ਤੋਂ ਇਕ ਕਰੋੜ ਤੱਕ ਦਾ ਖਰਚ ਕਰਨਾ ਪੈਂਦਾ ਹੈ, ਜਦ ਕਿ ਯੁਕਰੇਨ ਵਿਚ ਛੇ ਸਾਲਾਂ ਦੀ ਕੁੱਲ ਟਿਉਸ਼ਨ ਫੀਸ ਲਗਭਗ 20 ਲੱਖ ਹੈ, ਰਹਿਣ-ਖਾਣ ਦਾ ਖਰਚ ਇਕ ਸਾਲ ਦਾ ਦੋ ਲੱਖ ਦੇ ਕਰੀਬ ਹੈ ਅਤੇ ਇੰਝ ਕੁੱਲ ਮਿਲਾ ਕੇ ਭਾਰਤ ਨਾਲੋਂ ਅੱਧੇ ਪੈਸਿਆਂ ਵਿਚ ਡਿਗਰੀ ਪ੍ਰਾਪਤ ਹੋ ਜਾਂਦੀ ਹੈ। ਇਹ ਹੈ ਫਾਈਵ ਟ੍ਰਿਲੀਅਨ ਦੀ ਅਰਥ ਵਿਵਸਥਾ ਦਾ ਦਾਅਵਾ ਕਰਨ ਵਾਲੇ ਭਾਰਤ ਦਾ ਸੱਚ। ਬੇਸ਼ਰਮੀ ਦੀ ਹੱਦ ਇਹ ਹੈ ਕਿ ਸੱਤਾ ਦਾ ਆਈਟੀ ਸੈਲ ਅਜੇ ਵੀ ਇਹਨਾਂ ਬੱਚਿਆਂ ਤੇ ਵੀ ਇਹ ਕਹਿ ਕੇ ਤਵਾ ਲਾਉਂਦਾ ਹੈ ਕਿ ਜੇ ਗਏ ਸੀ ਤਾਂ ਵਾਪਸੀ ਦੀ ਟਿਕਟ ਦੇ ਪੈਸੇ ਵੀ ਨਾਲ ਲੈ ਕੇ ਜਾਣੇ ਸੀ।

ਜਿਹੜਾ ਮੁਲਕ ਆਪਣੇ ਨੌਜਵਾਨਾਂ ਦੇ ਸੁਪਨਿਆਂ ਦੀ ਤਾਮੀਰ ਨਹੀਂ ਕਰ ਸਕਦਾ, ਆਪਣੇ ਦੇਸ਼ ਵਿਚ ਲੋੜ ਅਨੁਸਾਰ ਵਿਦਿਅਕ ਸੰਸਥਾਵਾਂ ਨਹੀਂ ਪੈਦਾ ਕਰ ਸਕਦਾ ਅਤੇ ਲੁੱਟ ਦਾ ਅੱਡਾ ਬਣੀਆਂ ਪ੍ਰਾਈਵੇਟ ਸੰਸਥਾਵਾਂ ਤੇ ਸ਼ਿਕੰਜਾ ਨਹੀਂ ਕਸ ਸਕਦਾ ਉਹ ਕਿਸੇ ਹੋਰ ਮੁਲਕ ਦੀ ਕਿਸੇ ਮਾਮਲੇ ਵਿਚ ਕੀ ਮਦਦ ਕਰ ਸਕਦਾ ਹੈ ? ਭਾਵੇਂ ਯੂਕਰੇਨ ਵਿਚ ਹੋਰ ਮੁਲਕਾਂ ਦੇ ਵਿਦਿਆਰਥੀ ਵੀ ਪੜ੍ਹਨ ਲਈ ਜਾਂਦੇ ਹਨ, ਪਰ ਉਹਨਾਂ ਦੇ ਆਪਣੇ ਮਸਲੇ ਅਤੇ ਆਪਣੇ ਤਰਕ ਹੋਣਗੇ. ਇਹਨਾਂ ਵਿਚੋਂ ਕੋਈ ਵੀ ਤਰਕ ਭਾਰਤ ਦੀ ਇਸ 'ਬੇਬਸੀ' ਜਾਂ ਲਾਪਰਵਾਹੀ ਜਾਂ ਅਪੰਗਤਾ ਨੂੰ ਜਾਇਜ਼ ਨਹੀਂ ਠਹਿਰਾ ਸਕਦਾ।

ਇਹ ਬਹੁਤ ਵੱਡੇ ਮਸਲੇ ਹਨ, ਜਿਨ੍ਹਾਂ ਤੇ ਚਿੰਤਨ ਕਰਨ ਦੀ ਜ਼ਰੂਰਤ ਹੈ, ਪਰ ਫਿਲਹਾਲ ਪਹਿਲੀ ਲੋੜ ਉਹਨਾਂ ਮਾਸੂਮ ਜ਼ਿੰਦੜੀਆਂ ਨੂੰ ਦਹਿਸ਼ਤ ਦੇ ਸਾਏ ਵਿੱਚੋਂ ਬਾਹਰ ਕੱਢਣ ਦੀ ਹੈ। ਇਸ ਮਾਮਲੇ ਵਿਚ ਭਾਰਤ ਨੇ ਬਹੁਤ ਲੇਟ ਕਾਰਵਾਈ ਸ਼ੁਰੂ ਕੀਤੀ ਹੈ, ਜਿਸ ਕਰਕੇ ਅਜੇ 10 ਕੁ % ਬੱਚਿਆਂ ਨੂੰ ਹੀ ਸੁਰੱਖਿਅਤ ਬਾਹਰ ਕੱਢਿਆ ਜਾ ਸਕਿਆ ਹੈ।

ਬਾਕੀ ਜੋ ਅਜੇ ਵੀ ਮੌਤ ਤੇ ਜ਼ਿੰਦਗੀ ਦੇ ਵਿਚਕਾਰ ਜੂਝ ਰਹੇ ਹਨ, ਦਹਿਸ਼ਤਾਂ ਦੇ ਪਰਛਾਵੇਂ ਹੇਠ ਪਲ-ਪਲ ਕੱਟ ਰਹੇ ਹਨ, ਉਹਨਾਂ ਨੂੰ ਧਰਵਾਸ ਅਤੇ ਮਦਦ ਦੇਣ ਲਈ ਵੱਡੇ ਯਤਨ ਕਰਨ ਦੀ ਲੋੜ ਹੈ। ਉਹਨਾਂ ਸਾਰਿਆਂ ਲਈ ਬਹੁਤ ਬਹੁਤ ਦੁਆਵਾਂ ਤੇ ਉਹਨਾਂ ਦੇ ਮਾਪਿਆਂ ਨੂੰ ਧਰਵਾਸ ਕਿ ਆਪਣੇ ਬੱਚਿਆਂ ਨੂੰ ਹੌਸਲਾ ਦਿਓ ਕਿ ਜਲਦੀ ਸਾਰਾ ਕੁਝ ਠੀਕ ਹੋ ਜਾਏਗਾ...ਆਮੀਨ !

# ਏਜੰਟਾਂ ਦੀ ਖੇਡ, ਯੂਰਪ ਦਾ ਲਾਲਚ ਦੇ ਕੇ ਨੌਜਵਾਨਾਂ ਨੂੰ ਭੇਜਿਆ ਯੂਕ੍ਰੇਨ, ਇੰਝ ਵਿਛਾਇਆ ਜਾਂਦੈ ਜਾਲ

ਜਲੰਧਰ (ਪੰਜਾਬੀ ਅਖਬਾਰ ਬਿਊਰੋ)- ਹਜ਼ਾਰਾਂ ਨੌਜਵਾਨਾਂ ਦੀ ਜ਼ਿੰਦਗੀ ਨੂੰ ਏਜੰਟਾਂ ਦੇ ਮਾਇਆਜਾਲ ਨੇ ਇੱਕ ਵਾਰ ਫ਼ਿਰ ਤੋਂ ਖ਼ਤਰੇ 'ਚ ਪਾ ਦਿੱਤਾ ਹੈ। ਅੰਗਰੇਜ਼ੀ ਨਾ ਜਾਣਨ ਵਾਲੇ ਹਜ਼ਾਰਾਂ ਨੌਜਵਾਨਾਂ ਨੂੰ ਏਜੰਟਾਂ ਵਲੋਂ ਰਸ਼ੀਅਨ ਭਾਸ਼ਾ ਕੋਰਸ ਕਰਨ ਲਈ ਯੂਕ੍ਰੇਨ ਭੇਜ ਦਿੱਤਾ ਗਿਆ। ਉਨ੍ਹਾਂ ਦਾ ਮਕਸਦ ਯੂਕ੍ਰੇਨ ਪਹੁੰਚ ਕੇ ਮਾਫ਼ੀਆ ਦੀ ਮਦਦ ਨਾਲ ਅੱਗੇ ਯੂਰਪੀ ਦੇਸ਼ਾਂ 'ਚ ਪਹੁੰਚਣ ਦਾ ਸੀ। ਹਜ਼ਾਰਾਂ ਵਿਦਿਆਰਥੀ ਅਜਿਹੇ ਹਨ, ਜਿਨ੍ਹਾਂ ਨੇ ਅੱਗੇ ਏਜੰਟਾਂ ਨੂੰ ਪੈਸਾ ਅਦਾ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਯੂਰਪ 'ਚ ਬਾਰਡਰ ਕ੍ਰਾਸ ਕਰਵਾ ਦੇਣ।




### ਕਿਉਂ ਜਾਂਦੇ ਨੇ ਨੌਜਵਾਨ ਯੂਕ੍ਰੇਨ, ਆਸਾਨੀ ਨਾਲ ਨਹੀਂ ਮਿਲਦਾ ਵੀਜ਼ਾ

ਯੂਕ੍ਰੇਨ ਤੋਂ ਪੋਲੈਂਡ ਦੀ ਦੂਰੀ 1100 ਕਿਲੋਮੀਟਰ ਹਨ ਅਤੇ ਕਾਰ ਰਾਹੀਂ 14 ਘੰਟਿਆਂ 'ਚ ਆਸਾਨੀ ਨਾਲ ਉੱਥੇ ਪਹੁੰਚਿਆ ਜਾ ਸਕਦਾ ਹੈ। ਪੰਜਾਬ ਦੇ ਨੌਜਵਾਨਾਂ ਦਾ ਕ੍ਰੇਜ਼ ਯੂਰਪ ਵਲ ਹੈ ਅਤੇ ਯੂਰਪ ਦਾ ਸ਼ਨੈਗਨ ਵੀਜ਼ਾ ਆਸਾਨੀ ਨਾਲ ਨਹੀਂ ਮਿਲਦਾ। ਇਟਲੀ, ਫ਼ਰਾਂਸ ਦੇ ਨਾਲ ਕਈ ਯੂਰਪੀ ਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਵੀਜ਼ਾ ਨਹੀਂ ਦਿੰਦੇ ਹਨ। ਏਜੰਟਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਸ਼ੰਨਗਨ ਦੇਸ਼ ਪਹੁੰਚਾਉਣ ਲਈ ਯੂਕ੍ਰੇਨ ਦਾ ਸਹਾਰਾ ਲਿਆ। ਪੋਲੈਂਡ ਯੂਰਪੀ ਯਾਨੀ ਸ਼ੰਨਗਨ ਕੰਟਰੀ ਦੇ ਸਮੂਹ ਦਾ ਹਿੱਸਾ ਹੈ। ਇਸ ਦੇ ਆਲੇ-ਦੁਆਲੇ ਜਰਮਨੀ, ਚੈੱਕ ਗਣਰਾਜ, ਯੂਕ੍ਰੇਨ, ਬੇਲਾਰੂਸ ਅਤੇ ਰੂਸ ਲੱਗਦਾ ਹੈ। ਪੋਲੈਂਡ 'ਚ ਐਂਟਰੀ ਹੋਣ ਤੋਂ ਬਾਅਦ ਆਸਾਨੀ ਨਾਲ ਕੋਈ ਵੀ ਇਟਲੀ, ਫ਼ਰਾਂਸ ਅਤੇ ਹੋਰ ਯੂਰਪੀ ਦੇਸ਼ਾਂ 'ਚ ਸੜਕ ਮਾਰਗ ਜਾਂ ਟਰੇਨ ਜ਼ਰੀਏ ਜਾ ਸਕਦਾ ਹੈ, ਜਿਸ ਦੇ ਲਈ ਵੀਜ਼ਾ ਦੀ ਲੋੜ ਨਹੀਂ ਹੁੰਦੀ ਹੈ। ਏਜੰਟਾਂ ਨੇ ਯੂਕ੍ਰੇਨ ਨੂੰ ਆਪਣਾ ਹਬ ਬਣਾ ਲਿਆ ਹੈ। ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ 2 ਤੋਂ 3 ਲੱਖ ਰੁਪਏ ਲੈ ਕੇ 8 ਮਹੀਨਿਆਂ ਦੇ ਲੈਂਗੂਏਜ਼ ਕੋਰਸ ਲਈ ਯੂਕ੍ਰੇਨ ਭੇਜ ਦਿੱਤਾ ਜਾਂਦਾ ਹੈ।

### ਕੋਰੋਨਾ ਦੌਰਾਨ ਤੇਜ਼ੀ ਨਾਲ ਨੈੱਟਵਰਕ ਨੇ ਕੀਤਾ ਕੰਮ

ਕੋਰੋਨਾ ਦੇ ਕਾਲ 'ਚ ਤੇਜ਼ੀ ਨਾਲ ਨੈੱਟਵਰਕ ਨੇ ਕੰਮ ਕੀਤਾ। ਯੂਕ੍ਰੇਨ 'ਚ ਮਾਫ਼ੀਆ ਦੀ ਮਦਦ ਨਾਲ ਹਜ਼ਾਰਾਂ ਨੌਜਵਾਨਾਂ ਦਾ ਖ਼ੁਆਬ ਪੋਲੈਂਡ 'ਚ ਦਾਖ਼ਲ ਹੋਣਾ ਸੀ। ਕਈ ਅਜਿਹੇ ਵਿਦਿਆਰਥੀ ਹਨ, ਜਿਨ੍ਹਾਂ ਨੇ ਮਾਫ਼ੀਆ ਨੂੰ ਪਹਿਲਾਂ ਪੈਸੇ ਤਕ ਦੇ ਰੱਖੇ ਹਨ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਨਾਲ 1100 ਕਿਲੋਮੀਟਰ ਦਾ ਸਫ਼ਰ ਤੈਅ ਕਰ ਕੇ ਪੋਲੈਂਡ 'ਚ ਐਂਟਰੀ ਕਰਵਾ ਦਿੱਤੀ ਜਾਵੇ। ਅਜਿਹੇ ਵਿਦਿਆਰਥੀ ਯੂਕ੍ਰੇਨ ਤੋਂ ਵਾਪਸ ਆਉਣ ਲਈ ਤਿਆਰ ਨਹੀਂ ਹਨ ਕਿਉਂਕਿ ਵਾਪਸ ਆਉਣ 'ਤੇ ਦੁਬਾਰਾ ਫ਼ੀਸ ਦੇ ਕੇ ਯੂਕ੍ਰੇਨ ਜਾਣਾ ਹੋਵੇਗਾ। ਹਾਲਾਤ ਇਹ ਹਨ ਕਿ ਜੋ ਨੌਜਵਾਨ ਰਸ਼ੀਅਨ ਭਾਸ਼ਾ ਕੋਰਸ ਕਰਨ ਲਈ ਯੂਕ੍ਰੇਨ ਗਏ ਹਨ, ਉਨ੍ਹਾਂ 'ਚੋਂ ਕਾਫ਼ੀਆਂ ਨੂੰ ਅੰਗਰੇਜ਼ੀ ਵੀ ਢੰਗ ਨਾਲ ਬੋਲਣੀ ਨਹੀਂ ਆਉਂਦੀ ਹੈ। ਸੂਤਰਾਂ ਮੁਤਾਬਕ ਪੰਜਾਬ ਤੋਂ ਯੂਕ੍ਰੇਨ ਤੱਕ ਇੱਕ ਵੱਡਾ ਮਾਫ਼ੀਆ ਕੰਮ ਕਰਦਾ ਹੈ ਅਤੇ ਅੱਗੇ ਯੂਕ੍ਰੇਨ ਤੋਂ ਯੂਰਪ ਤਕ ਦੂਜਾ ਮਾਫ਼ੀਆ ਕੰਮ ਕਰਦਾ ਹੈ।

### 20 ਹਜ਼ਾਰ ਤੋਂ ਵੱਧ ਅਜਿਹੇ ਵਿਦਿਆਰਥੀ ਯੂਕ੍ਰੇਨ 'ਚ ਜਿਸ 'ਚ ਏਜੰਟਾਂ ਦਾ ਕੋਈ ਕਸੂਰ ਨਹੀਂ

ਸੁਕਾਂਤ ਐਸੋਸੀਏਸ਼ਨ ਔਫ਼ ਓਵਰਸੀਜ਼ ਕੰਸਲਟੈਂਟ ਦੇ ਸੁਕਾਂਤ ਤ੍ਰਿਵੇਦੀ ਨੇ ਕਿਹਾ ਹੈ ਕਿ 20 ਹਜ਼ਾਰ ਤੋਂ ਵੱਧ ਨੌਜਵਾਨ ਯੂਕ੍ਰੇਨ 'ਚ ਹਨ। ਉਹ ਕਿਸੇ ਵੀ ਸੂਰਤ 'ਚ ਉਥੋਂ ਵਾਪਸ ਨਹੀਂ ਆਉਣ ਵਾਲੇ। ਇਹ ਨੌਜਵਾਨ ਭਾਸ਼ਾ ਦੇ ਕੋਰਸ ਕਰਨ ਲਈ ਤਾਂ ਉਥੇ ਗਏ ਹਨ ਪਰ ਉਨ੍ਹਾਂ ਦਾ ਮਕਸਦ ਅੱਗੇ ਯੂਰਪ ਪਹੁੰਚਣਾ ਹੈ। ਇਸ 'ਚ ਏਜੰਟਾਂ ਦਾ ਕੋਈ ਕਸੂਰ ਨਹੀਂ ਹਨ, ਨੌਜਵਾਨ ਖ਼ੁਦ ਦਾਖ਼ਲਾ ਲੈਂਦੇ ਹਨ। ਅੱਗੇ ਉਥੇ ਜਾ ਕੇ ਉਹ ਪੈਸਾ ਦੇ ਕੇ ਯੂਰਪ ਚਲੇ ਜਾਣ ਤਾਂ ਇਸ 'ਚ ਕਿਸੇ ਦਾ ਕੀ ਕਸੂਰ ਹੈ ?

### ਭਵਿੱਖ ਬਦਲਣ ਦਾ ਸੁਪਨਾ ਲੈ ਕੇ ਜਾਂਦੇ ਨੇ ਨੌਜਵਾਨ ਵਿਦੇਸ਼

ਯੂਰਪ ਦੇ ਕਿਸੇ ਵੀ ਦੇਸ਼ 'ਚ ਨੌਕਰੀ ਦੇ ਮੌਕੇ ਖੋਜਣ ਅਤੇ ਆਪਣੀ ਅਤੇ ਪਰਿਵਾਰ ਦੀ ਜ਼ਿੰਦਗੀ ਬਦਲਣ ਦਾ ਸੁਫ਼ਨਾ ਲੈ ਕੇ ਨੌਜਵਾਨ ਬਾਹਰ ਜਾਂਦੇ ਹਨ। ਨੌਜਵਾਨਾਂ ਨੇ ਟ੍ਰੈਵਲ ਏਜੰਟਸ ਨੂੰ 8 ਤੋਂ 10 ਲੱਖ ਰੁਪਏ ਦਿੱਤੇ ਸਨ। ਇੰਨਾ ਪੈਸਾ ਖ਼ਰਚ ਕਰ ਕੇ ਵੀ ਉਨ੍ਹਾਂ ਨਾਲ ਧੋਖਾ ਹੋਇਆ। ਰਿਟਾਇਰ ਪੁਲੀਸ ਅਧਿਕਾਰੀ ਆਈ. ਜੀ. ਐੱਸ. ਕੇ. ਕਾਲੀਆ ਦੱਸਦੇ ਹਨ ਕਿ ਇਹ ਬਹੁਤ ਵੱਡੀ ਇੰਡਸਟਰੀ ਹੈ। ਇਹ ਲੋਕ ਗਲਤੀ ਨਾਲ ਮਨੁੱਖੀ ਤਸਕਰੀ ਕਰਨ ਵਾਲਿਆਂ ਦੇ ਚੁੰਗਲ 'ਚ ਫ਼ਸ ਜਾਂਦੇ ਹਨ ਅਤੇ ਯੂਕ੍ਰੇਨ ਭੇਜਣ ਦੇ ਬਦਲੇ ਹਜ਼ਾਰਾਂ ਯੂਰੋ ਦੀ ਕੀਮਤ ਅਦਾ ਕਰਦੇ ਹਨ। ਉਨ੍ਹਾਂ ਨੂੰ ਚੰਗੀ ਨੌਕਰੀ ਦੇਣ ਦਾ ਲਾਲਚ ਦਿੱਤਾ ਜਾਂਦਾ ਹੈ। ਪਹਿਲਾਂ ਮਾਲਟਾ ਵਲੋਂ ਯੂਰਪ 'ਚ ਦਾਖ਼ਲਾ ਹੁੰਦਾ ਸੀ ਫ਼ਿਰ ਯੂਕ੍ਰੇਨ ਸ਼ੁਰੂ ਹੋ ਗਿਆ। ਯੂਕ੍ਰੇਨ 'ਚ ਬੈਠੇ ਨੌਜਵਾਨ ਜ਼ਿਆਦਾਤਰ ਦਿਹਾੜੀ ਮਜ਼ਦੂਰੀ ਦਾ ਕੰਮ ਕਰਦੇ ਹਨ।

# ਯੂਕ੍ਰੇਨ 'ਚ ਫ਼ਸੇ 1895 ਵਿਅਕਤੀਆਂ ਦਾ ਸਾਰਾ ਡਾਟਾ ਵਿਦੇਸ਼ ਮੰਤਰਾਲੇ ਨੂੰ ਭੇਜਿਆ : ਭਗਵੰਤ ਮਾਨ

ਸੰਗਰੂਰ (ਪੰਜਾਬੀ ਅਖਬਾਰ ਬਿਊਰੋ)-ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਵਲੋਂ ਬੀਤੇ ਦਿਨ ਯੂਕ੍ਰੇਨ 'ਚ ਹੋਏ ਹਮਲਿਆਂ ਤੋਂ ਬਾਅਦ ਉੱਥੇ ਫ਼ਸੇ ਭਾਰਤ ਦੇ ਵੱਖ-ਵੱਖ ਹਿੱਸਿਆਂ ਦੇ ਵਿਅਕਤੀਆਂ ਲਈ ਇੱਕ ਨੰਬਰ ਜਾਰੀ ਕੀਤਾ ਗਿਆ ਸੀ, ਜਿਸ 'ਚ ਹੁਣ ਤਕ ਸੈਂਕੜੇ ਹੀ ਲੋਕਾਂ ਵਲੋਂ ਆਪਣਾ ਪਾਸਪੋਰਟ ਤੇ ਟੈਲੀਫ਼ੋਨ ਨੰਬਰ ਭੇਜੇ ਗਏ ਹਨ। ਇਸ ਸਬੰਧੀ ਸ਼ੋਸਲ ਮੀਡੀਆ 'ਤੇ ਜਾਣਕਾਰੀ ਸਾਂਝੀ ਕਰਦਿਆਂ ਭਗਵੰਤ ਮਾਨ ਨੇ ਦੱਸਿਆ ਕਿ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਯੂਕ੍ਰੇਨ 'ਚ ਫ਼ਸੇ 1895 ਵਿਅਕਤੀਆਂ ਦੇ ਪਾਸਪੋਰਟ ਤੇ ਫ਼ੋਨ ਨੰਬਰ ਸਾਡੇ ਕੋਲ ਪਹੁੰਚ ਚੁੱਕੇ ਹਨ।



ਇਹ ਸਾਰਾ ਡਾਟਾ ਅਸੀਂ ਵਿਦੇਸ਼ ਮੰਤਰਾਲੇ ਨੂੰ ਭੇਜ ਦਿੱਤਾ ਹੈ ਅਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਇਹ ਭਰੋਸਾ ਦਿਵਾਇਆ ਹੈ ਕਿ ਹੰਗਰੀ ਤੇ ਰੋਮਾਨੀਆਂ ਰਾਹੀਂ ਸਭ ਨੂੰ ਆਪਣੇ ਦੇਸ਼ ਭਾਰਤ ਵਾਪਿਸ ਪਹੁੰਚਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਉਹ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਯੂਕ੍ਰੇਨ 'ਚ ਫ਼ਸੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਸਾਰੇ ਵਿਅਕਤੀ ਸੁੱਖ-ਸ਼ਾਂਤੀ ਨਾਲ ਸਹੀ-ਸਲਾਮਤ ਆਪੋ-ਆਪਣੇ ਘਰਾਂ 'ਚ ਪੁੱਜ ਜਾਣ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਭਗਵੰਤ ਮਾਨ ਵਲੋਂ ਜੋ ਵ੍ਹਟਸਐੱਪ ਨੰਬਰ ਜਾਰੀ ਕੀਤਾ ਗਿਆ ਸੀ। ਉਸ ਨੂੰ ਸ਼ੋਸਲ ਮੀਡੀਆ ਉੱਤੇ ਆਮ ਲੋਕਾਂ ਵਲੋਂ ਵੀ ਵੱਡੀ ਪੱਧਰ ਉੱਤੇ ਸ਼ੇਅਰ ਕਰ ਕੇ ਯੂਕ੍ਰੇਨ 'ਚ ਫ਼ਸੇ ਵਿਅਕਤੀਆਂ ਦੀ ਮਦਦ ਕਰਨ ਲਈ ਵੱਡਾ ਯੋਗਦਾਨ ਪਾਇਆ ਗਿਆ ਹੈ।

T D S
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com




# ਹੁਣ ਤਾਂ ਰੀਲਾਂ ਦਾ ਯੁੱਗ ਵੀ ਚਲਾ ਗਿਆ

ਫੋਟੋ ਵਿੱਚ ਦਿਖਾਈ ਦਿੰਦੇ ਪੁਰਜ਼ੇ ਨੂੰ ਸਾਰੇ ਈ ਪਹਿਚਾਣਦੇ ਹਨ, ਬਹੁਤੇ ਘਰਾਂ 'ਚ ਅੱਜ ਵੀ ਇਹਨਾਂ ਦੇ ਟੋਕਰੇ ਭਰ ਜਾਣਗੇ ।

ਸਾਡੀ ਪੇਂਡੂ ਜ਼ੁਬਾਨ 'ਚ ਤਾਂ ਇਹਨੂੰ ਰੀਲ੍ਹ ਕਹਿੰਦੈ ਐ, ਉਂ ਪੜ੍ਹੇ ਲਿਖੇ ਲੋਕ ਇਹਨੂੰ ਕੈਸਿਟ ਕਹਿੰਦੇ ਐ (ਕੈਸਿਟ ਤੋਂ ਭਾਵ ਕੇਸ ਵਿੱਚ ਬੰਦ) , ਜਦੋਂ ਇਸਤੇ ਲਿਖਿਆ ਪੜ੍ਹਦੇ ਆਂ ਤਾਂ ਇਸਤੇ ਅੰਗਰੇਜ਼ੀ 'ਚ ਲਿਖਿਆ ਹੁੰਦੈ ਕ਼ੋਮ-pact Cassette ਕੰਪੈਕਟ ਕੈਸਿਟ। ਅਸਲ ' ਮੂਲ ਰੂਪ ਚ ਇਹ ਅੱਧਾ ਇੰਚ ਚੌੜੀ ਟੇਪ ਹੁੰਦੀ ਸੀ ਜੋ ਦੋ ਚਰਖੜੀਆਂ ਤੇ ਚੜ੍ਹੀ ਹੁੰਦੀ ਸੀ ਇੱਕ ਚਰਖੜੀ ਤੋਂ ਉੱਤਰੀ ਜਾਂਦੀ ਹੈਡ ਨਾਲ ਲੱਗ ਕੇ ਦੂਜੀ ਤੇ ਚੜ੍ਹੀ ਜਾਂਦੀ।

ਜਦੋਂ ਯੁੱਗ ਪਲਟਿਆ ਤਾਂ ਉਸ ਟੇਪ ਨੂੰ ਕੰਪੈਕਟ ਕਰਕੇ ਭਾਵ ਚੌੜਾਈ ਤੇ ਸਾਈਜ਼ ਘਟਾ ਕੇ ਇੱਕ ਕੇਸ ਵਿੱਚ ਬੰਦ ਕਰ ਦਿੱਤਾ

ਤਾਂ ਉਸ ਕੇਸ ਤੋਂ ਇਸਦਾ ਨਾਮ ਕੈਸਿਟ ਪੈ ਗਿਆ । ਟੇਪ ਦਾ ਸਾਈਜ਼ ਕੰਪੈਕਟ ਕਰਕੇ ਇਸਨੂੰ ਨਵਾਂ ਨਾਮ ਕੰਪੈਕਟ ਕੈਸਿਟ ਦੇ ਦਿੱਤਾ ਗਿਆ ।



ਅਸਲ 'ਚ ਇਹ ਇੱਕ ਟੇਪ ਦਾ ਰੋਲ ਹੁੰਦਾ ਸੀ ਜਿਸਤੇ ਫੈਰਿਕ ਆਕਸਾਈਡ ਦਾ ਕੋਟ ਕੀਤਾ ਹੁੰਦਾ ਸੀ ਇਸ ਕਰਕੇ ਫਿਲਿਪਸ ਕੰਪਨੀ ਦੀ ਕੈਸਿਟ ਦਾ ਨਾਮ ਫੈਰੋ ਹੁੰਦਾ ਸੀ। ਫੈਰਿਕ ਆਕਸਾਈਡ 'ਚ ਚੁੰਬਕੀ ਖੇਤਰ ਉਤਪੰਨ ਕਰਨ ਦੀ ਸ਼ਕਤੀ ਹੁੰਦੀ ਹੈ। ਉਸ ਚੁੰਬਕੀ ਖੇਤਰ ਨਾਲ ਹੀ ਇਸ ਵਿੱਚ ਆਵਾਜ਼ ਭਰੀ ਜਾਂਦੀ ਤੇ ਚੁੰਬਕੀ ਖੇਤਰ ਨਾਲ ਹੀ ਸੁਣੀ ਜਾਂਦੀ ਹੈ। ਇਸ ਤੋਂ ਬਾਅਦ ਇੱਕ ਹੋਰ ਜਿਆਦਾ ਮਹਿੰਗੀਆਂ ਕੈਸਿਟਾਂ ਆਉਣ ਲੱਗ ਪਈਆਂ ਸੀ ਜਿਸਨੂੰ ਕਰੋਮ ਕਹਿੰਦੇ ਸੀ, ਇਸ ਤੇ ਫੈਰਿਕ ਆਕਸਾਈਡ ਦੀ ਥਾਂ ਕਰੋਮੀਅਮ ਆਕਸਾਈਡ ਦਾ ਲੇਪ ਕੀਤਾ ਹੁੰਦਾ ਸੀ, ਜਿਸ ਵਿੱਚ ਫੈਰਿਕ ਆਕਸਾਈਡ ਨਾਲੋਂ ਜਿਆਦਾ ਚੁੰਬਕੀ ਸ਼ਕਤੀ ਹੁੰਦੀ ਹੈ ।

ਜੋ ਕੰਪਨੀ ਦੀਆਂ ਭਰੀਆਂ ਭਰਾਈਆਂ ਰੀਲਾਂ ਆਉਂਦੀਆਂ ਸਨ ਉਹਨਾਂ ਨੂੰ ਪਰੀ ਰਿਕਾਰਡਡ ਕੈਸਿਟ (Pre Recorded cassette) ਕਿਹਾ ਜਾਂਦਾ ਸੀ ਪੰਜਾਬੀ ਕੈਸਿਟ ਜਗਤ ਵਿੱਚ ਇਸ ਦੀ ਸ਼ੁਰੂਆਤ ਮੁੰਬਈ ਦੀ ਇੱਕ ਕਿਤਾਬਾਂ ਛਾਪਣ ਵਾਲੀ ਕੰਪਨੀ 'ਅਮਰਨਦ' ਨੇ ਕੀਤੀ ਸੀ, ਜਿਹਨਾਂ ਨੇ ਸੋਮਾ ਦਰਸ਼ਨ ਦੀ ਇੱਕ ਕੈਸਿਟ 'ਮੁੰਦਰਾਂ ਵਾਲੇ ਜੋਗੀ' ਰੀਲੀਜ਼ ਕੀਤੀ ਸੀ ਪਰ ਇਸ ਇਸ ਇੰਡਸਟਰੀ ਨੂੰ ਮਕਬੂਲੀਅਤ ਕੁਲਦੀਪ ਮਾਣਕ 'ਤੇ ਗੁਲਸ਼ਨ ਕੋਮਲ ਦੀਆਂ ਆਵਾਜ਼ਾਂ ਵਿੱਚ 'ਪੰਜਾਬੀ ਫੋਕ' ਟਾਈਟਲ ਹੇਠ ਕੈਪਕੋ ਕੰਪਨੀ ਤੋਂ ਹੀ ਮਿਲੀ । ਇਸ ਤੋਂ ਪਹਿਲਾਂ ਰਿਕਾਰਡਾਂ ਦਾ ਯੁਗ ਹੁੰਦਾ ਸੀ ਜਿਸਨੂੰ ਵਿਨਾਇਲ ਕਹਿੰਦੇ ਸਨ ਵਿਨਾਇਲ ਲਫਜ਼ PVC ਪੋਲੀ ਵਿਨਾਇਲ ਕਲੋਰਾਈਡ ਚੋਂ ਲਿਆ ਗਿਆ ਹੈ ਕਿਉਂਕਿ ਇਹ ਰਿਕਾਰਡ ਪੀ ਵੀ ਸੀ ਮੈਟੀਰੀਅਲ ਦੇ ਬਣੇ ਹੁੰਦੇ ਸਨ। ਵਿਨਾਇਲ ਰਿਕਾਰਡਾਂ ਤੋਂ ਪਹਿਲਾਂ ਭਾਵ ਰਿਕਾਰਡਿੰਗ ਦੇ ਮੁੱਢਲੇ ਦੌਰ ਵਿੱਚ ਜੋ ਰਿਕਾਰਡ ਬਣਦੇ ਸਨ ਉਹ ਲਾਖ ਦੇ ਬਣਦੇ ਸਨ, ਜਿਹਨਾਂ ਨੂੰ ਦੇਸੀ ਭਾਸ਼ਾ ਵਿੱਚ ਪੱਥਰ ਦੇ ਤਵੇ ਕਿਹਾ ਜਾਂਦਾ ਸੀ ।

# ਇੰਜਣ ਤਾਂ ਆਇਆ ਨੀ, ਪੱਖੀ ਵੀ ਗਈ--

ਪੰਜਾਬ ਪੁਲਿਸ ਮਹਿਕਮੇ ਅੰਦਰ ਡਿਪਟੀ ਸੁਪਰਡੈਂਟ ਦੀ ਵਰਦੀ ਪਹਿਨੀ ਵਿਲੱਖਣ ਸ਼ਖਸੀਅਤ ਦੇ ਮਾਲਕ ਸ: ਬਹਾਦਰ ਸਿੰਘ ਰਾਓ ਦਾ ਕਹਿਣਾ ਹੈ ਕਿ ਕਨੇਡਾ ਦੀ ਫੇਰੀ ਦੌਰਾਨ ਕੈਲਗਰੀ ਸਹਿਰ ਤੋਂ ਮੇਰੇ ਸਪੁਰਦ ਕੀਤੀ ਅਮਾਨਤ ਉਸਦੇ ਅਸਲੀ ਹੱਕਦਾਰ ਅਸ਼ੋਕ ਬਾਂਸਲ ਦੇ ਹਵਾਲੇ ਕਰਕੇ ਅੱਜ ਸੁਰਖਰੂ ਹੋਇਆ ਹਾਂ । ਅਮਾਨਤ ਹੀ ਇਹੋ ਜਿਹੀ ਸੀ ਕਿ ਬਹੁਤ ਬੋਚ ਬੋਚ ਕੇ ਲਿਆਇਆ ਤੇ ਘਰੇ ਵੀ ਸਾਂਭ ਸਾਂਭ ਰੱਖਦਾ ਰਿਹਾ। ਨਾ ਮੈਂ ਮਾਨਸਾ ਜਾ ਸਕਿਆ ਨਾ ਹੀ ਬਾਂਸਲ ਜੀ ਸੰਗਰੂਰ ਆ ਸਕੇ। ਕੁੱਝ ਦਿਨ ਪਹਿਲਾਂ ਹੀ ਹਰਬੰਸ ਬੁੱਟਰ ਨੇ ਇਸ ਅਮਾਨਤ ਤਵਿਆਂ ਬਾਰੇ ਪੁੱਛਿਆ ਸੀ ਮੈਂ ਕਿਹਾ ਮੇਰੇ ਕੋਲ ਈ ਪਏ ਨੇ ਅਜੇ ਐਨੇ ਦਿਨਾਂ ਚ ਤਾਂ ਮੈਂ ਮਸ਼ੀਨ ਦਾ ਪ੍ਰਬੰਧ ਕਰਕੇ ਆਪ ਵੀ ਸੁਣ ਹੀ ਲੈਂਦਾ ਤਾਂ ਇਸ ਤੇ ਬੁੱਟਰ ਨੇ ਇੱਕ ਗੱਲ ਸੁਣਾਈ।



ਕਹਿੰਦੇ ਪੁਰਾਣੇ ਸਮਿਆਂ ਚ ਸਾਡੇ ਪੀਟਰ ਇੰਜਣ ਨਾਲੋਂ ਪਾਣੀ ਵਾਲੀ ਪੱਖੀ ਕੋਈ ਚੋਰੀ ਖੋਲ੍ਹ ਕੇ ਲੈ ਗਿਆ। ਜੀਹਦੇ ਤੇ ਸਾਨੂੰ ਸ਼ੱਕ ਸੀ ਉਹ ਸਾਡੇ ਆਲੇ ਦੁਆਲੇ ਚੋਂ ਈ ਸੀ। ਸੋ ਬਾਪੂ ਕਹਿੰਦਾ ਚੁੱਪ ਈ ਰਹੋ। ਆਪੇ ਬਕ ਪਊਗਾ ਕਦੇ। ਥੋੜੇ ਦਿਨਾਂ ਬਾਅਦ ਈ ਉਹ ਬੰਦਾ ਆ ਕੇ ਬਾਪੂ ਨੂੰ ਪੁੱਛਦੈ, "ਚਾਚਾ ਇੰਜਣ ਕਿੰਨੇ ਕੁ ਦਾ ਆ ਜਾਂਦੈ?" ਬਾਪੂ ਕਹਿੰਦਾ ਤੈਂ ਇੰਜਣ ਦਾ ਕੀ ਕਰਨੈਂ? ਕਹਿੰਦਾ, "ਪੱਖੀ ਤਾਂ ਮੇਰੇ ਕੋਲ ਹੈਗੀ, ਮੈਂ ਸੋਚਦਾਂ ਇੰਜਣ ਵੀ ਲੈ ਈ ਲਵਾਂ।"ਸੋ ਬਾਈ ਤੂੰ ਵੀ ਇੰਜਣ ਭਾਵ ਤਵੇ ਚਲਾਉਣ ਵਾਲੀ ਮਸ਼ੀਨ ਲੈ ਈ ਲੈ। ਮੈਂ ਕਿਹਾ ਜਿਸ ਦਿਨ ਬਾਂਸਲ ਨੇ ਫੋਨ ਕਰਕੇ ਤਵੇ ਲਿਆਉਣ ਨੂੰ ਕਿਹਾ ਸੀ ਉਸ ਦਿਨ ਵਾਅਦਾ ਵੀ ਕੀਤਾ ਸੀ ਕਿ ਤਵੇ ਲੈਣ ਮਸ਼ੀਨ ਲੈ ਕੇ ਆਊਂਗਾ ਤੇ ਚਲਾ ਕੇ ਸੁਣਾ ਕੇ ਫੇਰ ਲੈ ਕੇ ਜਾਊਂਗਾ। ਪਰ ਅੱਜ ਬਾਂਸਲ ਜੀ ਬੱਸ ਤੇ ਚੜ੍ਹਕੇ ਈ ਆਗੇ ਖਾਲੀ ਹੱਥ। ਸੋ ਇੰਜਣ ਤਾਂ ਆਇਆ ਨੀ, ਪੱਖੀ ਵੀ ਗਈ।



ਬਲਵਿੰਦਰ ਕੌਰ ਬਰਾੜ
403 590 9629

# ਉਹ ਵੇਲਾ ਯਾਦ ਕਰ



ਹਸਦੇ ਹਸਦੇ ਜੋ ਰੋਇਆ ਹੋਵੇਗਾ, ਸੱਚ ਜਾਣੋ ਉਸ ਨੇ ਬਹੁਤ ਕੁਝ ਖੋਇਆ ਹੋਵੇਗਾ।

ਕਈ ਸਾਲ ਹੋਏ, ਪਟਿਆਲੇ ਦੇ ਇੱਕ ਮੈਰਿਜ ਪੈਲੇਸ ਵਿੱਚੋਂ ਆਪਣੇ ਪੇਕਿਆਂ ਦੇ ਕਿਸੇ ਵਿਆਹ ਵਿਚਲਾ ਖੜਦੁੰਮ ਦੇਖ ਕੇ ਅਸੀਂ ਕਈ ਭੈਣਾਂ ਵਾਪਸੀ ਲਈ ਕਾਰਾਂ ਵੱਲ ਨੂੰ ਜਾ ਰਹੀਆਂ ਸੀ। ਮਸਾਂ ਹੀ ਮਿਲੀਆਂ ਹੋਣ ਕਰ ਕੇ ਗੂੜ੍ਹੀਆਂ ਗੱਲਾਂ ਛੋਹ ਰਹੀਆਂ ਸੀ ਜਦੋਂ ਦੂਰੋਂ ਹੀ ਬਾਬਾ ਸੋਹਣਾ ਮੋਟੇ ਸ਼ੀਸ਼ੇ ਦੀਆਂ ਐਨਕਾਂ ਵਿੱਚੋਂ ਮੈਨੂੰ ਪਛਾਣਦਾ, ਛੋਹਲੇ ਕਦਮੀਂ ਮੇਰੇ ਮਗਰ ਆਉਂਦਾ ਉੱਚੀ ਉੱਚੀ ▾ਬੀਬਾ ਜੀ, ਬੀਬਾ ਜੀ▾ਕਹਿ ਕੇ ਹਾਕਾਂ ਮਾਰ ਰਿਹਾ ਸੀ। ਬਿਪਨ ਨੇ ਬੇ-ਸੁਆਦਾ ਜਿਹਾ ਮੂੰਹ ਬਣਾ ਕੇ ਬੁੜ-ਬੁੜ ਕੀਤੀ - ਲੈ ਹੁਣ ਇਹ ਆ ਗਿਆ ਵਿਆਹ ▾ਚ ਬੀ ਦਾ ਲੇਖਾ ਲੈਣ। ਥਿੜਕਦੇ ਪੈਰਾਂ ਨਾਲ ਉਹ ਮੇਰੇ ਕੋਲ ਆ ਕੇ ਪੂਰੇ ਵੈਰਾਗ ਨਾਲ ਅੱਖਾਂ ਭਰਦਾ ਕਹਿ ਰਿਹਾ ਸੀ - ਬੀਬਾ ਜੀ, ਮੈਂ ਤਾਂ ਥੋਨੂੰ ਦੱਸਣਾ ਸੀ ਬਈ ਮੇਰੀ ਮਾਂ ਪੂਰੀ ਹੋਈ ਨੂੰ ਦਸ ਦਿਨ ਹੋਗੇ ਅੱਜ। ਸੁਣ ਕੇ ਮੈਨੂੰ ਉਸ ਤੇ ਅੰਤਾਂ ਦਾ ਤਰਸ ਆਇਆ ਕਿਉਂ ਕਿ ਮਾਂ ਤੋਂ ਬਿਨਾ ਹੋਰ ਕੋਈ ਰਿਸ਼ਤਾ ਉਸ ਕੋਲ ਹੈ ਹੀ ਨਹੀਂ ਸੀ। ਮੈਂ ਸੁਣਿਆ ਸੀ ਪਾਕਿ-ਵੰਡ ਸਮੇਂ ਉਹ ਚਾਰ ਸਾਲ ਦਾ ਆਪਣੀ ਮਾਂ ਦੀ ਲਮਕਦੀ ਚੁੰਨੀ ਨੂੰ ਉਂਗਲ ਤੇ ਵਲ੍ਹੇਟਦਾ, ਲਿੱਬੜੀਆਂ ਨੰਗੀਆਂ ਲੱਤਾਂ ਨਾਲ ਸਾਡੇ ਵਿਹੜੇ ਵਿਚ ਆ ਗਿਆ ਸੀ। ਮੇਰੇ ਉਸ ਨਾਲ ਬਚਪਨ ਦੇ ਕਈ ਪਲ ਸਾਂਝੇ ਸਨ। ਹੁਣ ਜਿਵੇਂ ਉਜਾੜ ਬੀਆਬਾਨ ਵਿਚ ਖੜ੍ਹੇ



ਇਕੱਲੇ ਰੁੱਖ ਜਹੀ ਉਸ ਦੀ ਜਿੰਦ ਤਰਸ ਭਾਲਦੀ ਸੀ। ਆਪਣੇ ਰੁਝੇਵਿਆਂ ਵਿਚ ਰੁੱਝੀ ਨੂੰ ਮੈਨੂੰ ਯਾਦ ਵੀ ਨਹੀਂ ਸੀ ਕਿ ਉਸ ਦੀ ਮਾਂ ਹਾਲੇ ਜਿਉਂਦੀ ਵੀ ਹੈ ਜਾਂ ਨਹੀਂ। ਇਹੋ ਜਿਹੇ ਕਿੰਨੇ ਹੀ ਲੋਕ ਸਾਡੇ ਆਲੇ-ਦੁਆਲੇ ਆਪਣੇ ਦੁੱਖ ਦੱਸਣ ਨੂੰ ਥਾਂ ਭਾਲਦੇ ਹੋਣਗੇ।ਕਿਸੇ ਦਰਖਤ ਹੇਠ ਵਿਛੀ ਦੁੱਖਾਂ ਸੁੱਖਾਂ ਦੀ ਚਿਤਕਬਰੀ ਛਾਂ ਹੇਠ ਅਸੀਂ ਉਮਰ ਗੁਜ਼ਾਰ ਜਾਂਦੇ ਹਾਂ। ਜਦੋਂ ਸਾਡੀਆਂ ਇੱਛਾਵਾਂ, ਸੁਪਨੇ ਜਾਂ ਰੀਝਾਂ ਦਿਸਦੇ ਜਗਤ ਦੀ ਹਕੀਕਤ ਨਾਲ ਟੱਕਰਾਂ ਖਾ ਕੇ ਦੁੱਖ ਦਿੰਦੀਆਂ ਹਨ ਤਾਂ ਉਹ ਘੜੀਆਂ ਲੰਮੀਆਂ ਹੋ ਕੇ ਸਾਡੀ ਸਾਹ-ਨਾੜੀ ਵਿਚ ਚੁਭਣ ਲਗਦੀਆਂ ਹਨ। ਕਹਿੰਦੇ ਹਨ ਮੁਸੀਬਤ ਆਉਂਦੀ ਤਾਂ ਘੋੜੇ ਤੇ ਸਵਾਰ ਹੋ ਕੇ ਹੈ ਪਰ ਜਾਂਦੀ ਪੈਦਲ ਹੈ। ਦੁੱਖ ਨੂੰ ਦਾਰੂ ਜਾਨਣ ਵਾਲੇ ਮਹਾਂਪੁਰਖ ਇਨ੍ਹਾਂ ਘੜੀਆਂ ਨਾਲ ਹੱਸ ਕੇ ਮੁਲਾਕਾਤ ਕਰਦੇ ਹਨ। ਸਾਡਾ ਇਤਿਹਾਸ ਗਵਾਹ ਹੈ ਕਿ ਛੋਟੀ ਉਮਰੇ ਹੀ ਕੰਧਾਂ ਵਿਚ ਚਿਣੇ ਜਾਣ ਸਮੇਂ ਵੀ ਸੀ ਨਹੀਂ ਸੀ ਕੀਤੀ। ਵੱਡੇ ਲੋਕ ਵੱਡੇ ਦੁੱਖ ਜਰ ਕੇ ਇਤਿਹਾਸ ਦੀ ਹਿੱਕ ਤੇ ਪੈੜ ਸਿਰਜਦੇ ਹਨ। ਪਰ ਕਈ ਲੋਕ ਆਪਣੇ ਦੁੱਖ ਦੀ ਨੁਮਾਇਸ਼ ਲਗਾ ਕੇ ਤਰਸ ਤੇ ਹਮਦਰਦੀ ਉਗਰਾਹੁੰਦੇ ਹਨ। ਕਈ ਲੋਕ ਨਿੱਤ ਉੱਠ ਕੇ ਦੇਹੀ-ਦੁੱਖ ਦੀ ਬਾਤ ਜਾ ਦੁਹਰਾਉਂਦੇ ਹਨ, ਹੋਰ ਨਹੀਂ ਤਾਂ ਥੱਕ ਜਾਣ ਦੀ ਬਾਤ ਪਾ ਕੇ ਹੀ ਆਸਰਾ ਤਲਾਸ਼ਦੇ ਹਨ। ਬਹੁਤੇ ਲੋਕ ਅਜਿਹੇ ਲੋਕਾਂ ਤੋਂ ਕੰਨੀ ਕਤਰਾ ਰਹੇ ਹੁੰਦੇ ਹਨ। ਸਭ ਕੋਲ ਆਪੋ ਆਪਣੇ ਦੁੱਖ ਬਥੇਰੇ ਹਨ, ਹੋਰਨਾਂ ਦੇ ਦੁੱਖ ਸੁਨਣ ਦੀ ਇੱਛਾ, ਰੁਚੀ ਜਾਂ ਸਮਰੱਥਾ ਹੀ ਨਹੀਂ ਹੁੰਦੀ। ਕਹਿੰਦੇ ਹਨ ਕਿ ਜੇ ਰੋਣਾ ਹੈ ਤਾਂ ਇਕੱਲੇ ਰੋ ਲਵੋ, ਜੇ ਹੱਸਣਾ ਹੈ ਤਾਂ ਲੋਕਾਂ ਕੋਲ ਜਾਓ। ਲੋਕ ਤੁਹਾਡਾ ਦੁੱਖ ਸੁਣ ਕੇ ਸਵਾਦ ਲੈਣ ਲਗਦੇ ਹਨ। ਮੈਨੂੰ ਯਾਦ ਹੈ ਕਿ ਐਮ. ਫਿਲ. ਕਰਦਿਆਂ ਇੱਕ ਦਿਨ ਮੈਂ ਕਿਸੇ ਕੁੜੀ ਨਾਲ ਜਾ ਰਹੀ ਸੀ ਤਾਂ ਉਹ ਬੋਲੀ - ਆ ਜਾ ਰਾਹ ਬਦਲੀਏ, ਉਹ ਮੂਹਰੋਂ ਆਪਣਾ ਰੋਂਦੂ ਜਮਾਤੀ ਸਿੱਧੂ ਆ ਰਿਹੈ, ਉਹਦੀ ਜਾਂ ਘਰ ਵਾਲੀ ਢਿੱਲੀ ਹੋਊ ਜਾਂ ਉਹਦੇ ਮੁੰਡੇ ਨੂੰ ਬੁਖ਼ਾਰ ਹੋਊ।ਕਿਸੇ ਨੇ ਸੱਚ ਹੀ ਕਿਹਾ ਹੈ ਕਿ ਅਪਨੇ ਜ਼ਖ਼ਮ ਹਰ ਕਿਸੀ ਕੋ ਦਿਖਾਇਆ ਮਤ ਕਰੋ, ਲੋਗ ਮੁਠੀਓਂ ਮੇਂ ਨਮਕ ਰਖਤੇ ਹੈਂ। ਕਈ ਵਾਰੀ ਅਸੀਂ ਆਪਣੇ ਸੁਭਾਅ ਕਰ ਕੇ ਵੀ ਦੁੱਖ ਬੀਜ ਧਰਦੇ ਹਾਂ ਜਿਵੇਂ ਜ਼ਰੂਰਤ ਤੋਂ ਵੱਧ ਵਿਸ਼ਵਾਸ਼ ਕਰ ਕੇ, ਬੀਤੇ ਸੁੱਖਾਂ ਦੀ ਯਾਦ ਵਿਚ ਝੂਰਦੇ, ਬਸ ਆਪਣੇ ਲਈ ਹੀ ਸੋਚ ਕੇ ਦੁਖੀ ਹੋਣਾ। ਇਹੋ ਜਿਹੇ ਲੋਕ ਬਸ -ਮੈਂ ਜਾਨਿਆ ਦੁੱਖ ਮੁਝ ਕੋ- ਤੋਂ ਅਗਲੀ ਸਤਰ ਨਹੀਂ ਪੜ੍ਹਦੇ। ਜਦ ਮੂੰਹ ਤੇ ਖ਼ੁਸ਼ੀ ਦਾ ਮੁਖੌਟਾ ਪਾ ਕੇ ਅੰਦਰ ਵਲੂੰਧਰਿਆ ਆਪਾ ਚੀਸਾਂ ਭਰਦੈ, ਬਾਹਰ ਦਿਖਾਈ ਲਿਪਾਪੋਚੀ ਜਾਂ ਵਿਤ ਤੋਂ ਵੱਧ ਪਾਲੀ ਲਾਲਸਾ ਵੀ ਅੱਡੀਆਂ ਚੁਕ ਕੇ ਫਾਹਾ ਦਿਵਾ ਦਿੰਦੀ ਹੈ। ਪਰ ਕੁੱਕਰ ਵਿਚਲੀ ਭਾਫ਼ ਵਾਂਗ ਮਨ ਦੀ ਭੜਾਸ ਵੀ ਨਿਕਲਣੀ ਤਾਂ ਚਾਹੀਦੀ ਹੈ ਨਹੀਂ ਤਾਂ ਇਸ ਦੀ ਕਾਲਖ ਅੰਦਰ ਜੰਮ ਕੇ ਦੇਹੀ ਅਲਾਮਤਾਂ ਨੂੰ ਸੱਦਾ ਦਿੰਦੀ ਹੈ। ਪਰ ਗੱਲ ਉਥੇ ਹੋਵੇ ਜਿੱਥੇ ਸਾਡਾ ਕਰੂਰਾ ਰਲਦਾ ਹੋਵੇ, ਜੋ ਸਾਡੀਆਂ ਪਲਕਾਂ ਤੇ ਲਟਕਦੇ ਹੰਝੂ ਦਾ ਤਰਜਮਾ ਜਾਣਦਾ ਹੋਵੇ। ਕਈ ਵਾਰੀ ਅਣਕਿਆਸਿਆ ਅਜਿਹਾ ਹਾਦਸਾ ਵਾਪਰ ਜਾਂਦਾ ਹੈ ਜੋ ਮਨ ਦੀਆਂ ਕੰਧਾਂ ਤੋਂ ਚਿੱਪਰ ਲਾਹ ਧਰਦਾ ਹੈ। ਸਾਰੀ ਉਮਰ ਉਸ ਚਿੱਪਰ ਦੀ ਥਾਂ ਭਰਨ ਲਈ ਸਾਡੇ ਹਉਕਿਆਂ, ਸਿਸਕੀਆਂ ਜਾਂ ਹੰਝੂਆਂ ਨਾਲ ਵੀ ਪੂਰੀ ਨਹੀਂ ਪੈਂਦੀ।

ਅਜਿਹੇ ਹਾਦਸਿਆਂ ਨੇ ਪਾਇਆ ਘਾਟਾ ਉਮਰ ਭਰ ਅੱਖੀਆਂ ਵਿਚ ਰੜਕਦਾ ਰਹਿੰਦਾ ਹੈ। ਕੁੱਝ ਲੋਕ ਬੜੇ ਕਮਾਲ ਹੁੰਦੇ ਹਨ ਆਪਣੇ ਹੰਝੂਆਂ ਦੀ ਖ਼ਬਰ ਅੱਖ ਨੂੰ ਵੀ ਨਹੀਂ ਹੋਣ ਦਿੰਦੇ। ਇਹ ਜ਼ਿੰਦਗੀ ਨੇ ਸਬਕ ਦਿੱਤਾ ਹੈ ਕਿ ਮੁਸਕਾਨ ਨੂੰ ਤਮੀਜ਼ ਤੇ ਹੰਝੂ ਨੂੰ ਤਨਹਾਈ ਦੀ ਲੋੜ ਹੈ। ਦੁੱਖ ਘਟਾਉਣ ਦਾ ਇੱਕੋ ਰਾਹ ਹੈ ਕਿ ਹੋਰਨਾਂ ਦੇ ਦੁੱਖਾਂ ਦੀ ਥਾਹ ਪਾ ਲਈ ਜਾਵੇ।

ਜ਼ਿੰਦਗੀ ਕੀ ਹਕੀਕਤੋਂ ਕੋ ਬਸ ਇਤਨਾ ਹੀ ਜਾਨਾ ਹੈ।
ਦਰਦ ਮੇਂ ਅਕੇਲੇ ਹੈਂ ਖ਼ੁਸ਼ੀਓਂ ਮੇਂ ਜ਼ਮਾਨਾ ਹੈ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਯਾਰਾਂ ਦਾ ਧੱਕਿਆ ਧਿਆਨਪੁਰ ਫੁੱਲੀਆਂ ਵੇਚਣ ਤੋਂ ਬੱਚ ਗਿਆ

ਯਾਰਾਂ ਦੇ ਧੱਕੇ !!!

ਹਾਡੇ ਪਿੰਡਾਂ ਵੱਲ ਗੁੱਗੂ ਗਿੱਲ ਜਾਂ ਯੋਗਰਾਜ ਸਿੰਘ ਵਾਲੇ ਡਾਇਲਾਗ ਨਹੀ ਚੱਲਦੇ। ਇਹਨਾ ਦੇ ਆਪਣੇ ਡਾਇਲਾਗ ਹਨ ਜੋ ਫਿਲਮਾਂ ਵਾਲੇ ਨਹੀ ਸੱਚੀਮੁੱਚੀ ਦੇ ਨੇ। ਹਾਡੇ ਪਿੰਡਾਂ ਲਾਗੇ ਇੱਕ ਬੜਾ ਪ੍ਰਸਿੱਧ ਮੰਦਿਰ ਹੈ ਧਿਆਨਪੁਰ ਧਾਮ। ਬੜੀ ਮੰਨਤਾਂ ਹੈ ਭੀੜ ਲੱਗੀ ਰਹਿੰਦੀ ਹੈ ਪਰ ਪ੍ਰਸਾਦ ਸਿਰਫ ਫੁੱਲੀਆਂ ਦਾ ਹੀ ਮਿਲਦਾ ਹੈ। ਜਿਸਨੂ ਕੋਈ ਕੰਮ ਨਹੀ ਆਉਦਾ ਜਾ ਬਹੁਤਾ ਨਿਕੰਮਾ ਬੰਦਾ ਬੰਦਾ ਹੋਵੇ ਤਾਂ ਉਹ ਫੁੱਲੀਆਂ ਦੀ ਰੇੜੀ ਲਾ ਲਵੇ ਚਾਰ ਪੈਸੇ ਰੋਟੀ ਜੋਗੇ ਬਚ ਜਾਂਦੇ ਹਨ। ਇਸੇ ਲਈ ਇੱਕ ਦੂਜੇ ਲਈ ਸਥਾਨਕ ਕਹਾਵਤ ਜਾਂ ਡਾਇਲਾਗ ਕਹਿ ਲਵੋ ਵਰਤਿਆਂ ਜਾਂਦਾ ਹੈ ÷ਯਾਰਾਂ ਦਾ ਧੱਕਿਆ ਧਿਆਨਪੁਰ ਫੁੱਲੀਆਂ ਵੇਚੇਗਾਂ÷।

ਗੱਲ ਹੈ ਵੀ ਸੱਚ ਯੂਨੀਵਰਸਿਟੀ ਪੜਦੇ ਸੀ ਦੋ ਯਾਰ ਆਏ ਤੇ ਇੱਕ ਬੈਗ ਦੇ ਗਏ ਜਿਸ ਵਿੱਚ ਏ ਕੇ 47 ਸੀ ਫੜਾ ਗਏ। ਡਰਦਾ ਨਾਂਹ ਨਾਂ ਕਰ ਸਕਿਆ । ਹੋਸਟਲ ਚ ਸੀਮਿੰਟ ਦੀ ਬੈਡ ਦੀ ਉਪਰਲੀ ਸਲਿਟ ਪੁੱਟ ਕੇ ਲੁਕਾ ਦਿੱਤੀ। ਕਈ ਦਿਨ ਪਈ ਰਹੀ ਤੇ ਮੈ ਧੜਕਦੇ ਦਿਲ ਨਾਲ ਦਿਨ ਕੱਟੇ। ਇੱਕ ਦਿਨ ਉਹ ਫੜੇ ਗਏ ਤੇ ਨਾਲ ਹੀ ਯਾਰਾਂ ਦੀ ਨਿਸ਼ਾਨਦੇਹੀ ਤੇ ਮੈ। ਠਾਣੇਦਾਰ ਕੁੰਨਣ ਸਿੰਘ ਅਮਲੀ ਬੰਦਾ ਸੀ। ਮਾਰਨ ਲੱਗਾ ਤਾਂ ਮੈ ਚੀਕਿਆ ਕਿ ਨਾਂ ਮਾਰਿਉ ਮੈ ਦਿੱਲ ਦਾ ਮਰੀਜ਼ ਹਾਂ। ਕੁੰਨਣ ਸਿੰਘ ਨੇ ਦਬਕਾ ਮਾਰਿਆ÷ ਕੰਜਰਾ ਢੂਈ ਤੇ ਵੱਜਣੀਆਂ ਨੇ ਉਹਦਾ ਦਿੱਲ ਨਾਲ ਕੀ ਕਨਸਰਨ ਏ!÷ ਮੇਰੇ ਲੌਜਿਕ ਤੇ ਪਾਣੀ ਫਿਰ ਗਿਆ। ਸਾਰੇ ਹਾਸਾ ਪੈ ਗਿਆ ਤੇ ਮੈ ਬਚ ਗਿਆ

ਫਿਰ ਦੂਜੇ ਵੱਲ ਹੋਏ ਜੋ ਹਮਾਤੜ ਮੇਰੇ ਕੋਲ ਰਾਤ ਠਹਰਿਆ ਸੀ। ਜਦੋ ਡਾਂਗ ਉੱਪਰ ਚੁੱਕੀ ਤਾਂ ਉਹ ਵੀ ਚੀਕਿਆ ÷ ਹਾਏ ਮਰ ਗਿਆ!÷ ਕੁੰਨਣ ਸਿੰਘ ਫਿਰ ਗਰਜਿਆ÷ ਕੰਜਰਾ ਅਜੇ ਤੇ ਵੱਜੀ ਨਹੀ ਤੇ ਤੂੰ ਚੀਕ ਪਿਐ।

ਵਿਚਾਰਾ ਥੱਲਿਉ ਬੋਲਿਆ ÷ਸਾਬ ਜਿਹੜੀ ਤਾਂਹ ਗਈ ਏ ਠਾਂਹ ਵੀ ਆਉਣੀ ਏ!÷ ਖ਼ੈਰ ਘਰਦਿਆਂ ਕਿਸੇ ਤਰਾਂ ਲੈ ਦੇ ਕੇ ਖੈੜਾ ਛੁਡਵਾਇਆ। ਪਰ ਕੰਨਾ ਨੂੰ ਹੱਥ ਲਾਏ ਯਾਰਾਂ ਤ ਬਚਕੇ ਰਹੋ।

ਕੁਝ ਮਹੀਨੇ ਲੰਘੇ ਤਾਂ ਯੂਨੀਵਰਸਿਟੀ ਵਿੱਚ ਇੱਕ ਮੀਟਿੰਗ ਵਿੱਚ ਮੈਨੂ ਸਿੱਖ ਸਟੂਡੈਂਟ ਫਡਰੇਸ਼ਨ ਦਾ ਧੱਕੇ ਨਾਲ ਪ੍ਰਧਾਨ ਬਣਾ ਦਿੱਤਾ। ਮੈ ਤਾਂ ਸਿਰਫ ਪਕੌੜੇ ਖਾਣ ਗਿਆ ਸੀ। ਇੱਕ ਦਿਨ ਸ਼ਾਮ ਨੂੰ ਯੂਨੀਵਰਸਿਟੀ ਦੇ ਬਾਹਰ ਘੁੰਮ ਰਿਹਾ ਸੀ ਤਾਂ ਪੁਲਿਸ ਧੱਕੇ ਨਾਲ ਜਿਪਸੀ ਚ ਚੁੱਕ ਕੇ ਲੈ ਗਈ ਤੇ ਐਸ ਐਸ ਪੀ ਦੇ ਸਾਹਮਣੇ ਜਾ ਪੇਸ਼ ਕੀਤਾ। ਐਸ ਐਸ ਪੀ ਛੀਨਾ ਮੇਰੇ ਸਾਹਨਣੇ ਬੈਠਾ ਸੀ ਮੁੱਛਾਂ ਖੜੀਆਂ ਕੀਤੀਆ ਸੀ ਜਿਵੇਂ ਕਾਡੇ ਨੇ ਗਰਮੀਆਂ ਚ ਦੂੰਬ ਚੁੱਕੀ ਹੁੰਦੀ ਹੈ ਬੋਲਿਆ÷ ਅੱਛਾ ਤਾਡੇ ਤੇ ਪੂਰੀ ਨਜ਼ਰ ਏ ਹਾਡੀ! ਤੇ ਤੂੰ ਪ੍ਰਧਾਨ ਏ ਹੈ?÷

ਮੈ ਬੋਲਿਆ ਨਹੀ ਜਨਾਬ ਮੈ ਤੇ ਪਕੌੜੇ ਖਾਣ ਗਿਆ ਸੀ ਉਹਨਾ ਧੱਕੇ ਨਾਲ ਬਣਾਤਾ!÷

ਮੇਰੇ ਗੁਰਸਿੱਖ ਸਰੂਪ ਵੱਲ ਵੇਖ ਕੇ ਬੋਲਿਆ÷ ਹੂੰ! ਤੇ ਮੈਨੂੰ ਇੱਕ ਗੱਲ ਦੱਸ ਪਈ ਲੱਸੀ ਪੀ ਕੇ ਸਵਾਦ ਲੱਸੀ ਦਾ ਜਿਆਦਾ ਆਉਦਾਂ ਏ ਕਿ ਮੁੱਛਾਂ ਚੂਸਣ ਦਾ ?÷ ਮੈ ਚੁੱਪ ਕੀ ਜਵਾਬ ਦੇਵਾਂ ? ਖੈਰ ਉਸਨੇ ਵਾਰਨਿੰਗ ਦੇ ਕੇ ਛੱਡ ਦਿੱਤਾ। ਮੈ ਸੋਚਾਂ ਥੱਲੇ ਤੋਂ ਉਪਰ ਤੱਕ ਸਾਰੀ ਪੁਲਿਸ ਦਾ ਹੀ ਆਵਾ ਊਤਿਆ ਪਿਆ ਸੀ। ਇੱਕ ਦਿਨ ਅਚਾਨਕ ਕੁੰਨਣ ਸਿੰਘ ਘਰ ਆ ਧਮਕਿਆ ਕਹਿੰਦਾ 'ਚੱਲ ਕੇ ਪੀ ਐਸ ਗਿੱਲ ਨੇ ਸੱਦਿਆਂ ਏ!



ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਮਤਲਬ ਨੋ ਇਫ ਨੋ ਬੱਟ ਬੱਸ ਸਿੱਧਾ ਮੁਕਾਬਲਾ। ਪੁਲਿਸ ਵਾਲੇ ਜਿਪਸੀ ਬਿਠਾ ਕੇ ਦਬੁਰਜੀ ਅੰਮ੍ਰਿਤਸਰ ਕੋਲ ਲੈ ਗਏ ਜਿਥੇ ਮੇਰੇ ਵਰਗੇ ਕਈ ਖੂਖਾਂਰ ਅੱਤਵਾਦੀ ਗਿੱਲ ਅੱਗੇ ਆਤਮ ਸਮਰਪਣ ਕਰ ਰਹੇ ਸੀ ਮੈ ਵੀ ਲਾਇਨ ਚ ਲੱਗ ਗਿਆ। ਮੇਰੇ ਤੋਂ ਅੱਗੇ ਮੇਰੇ ਨਾਲ ਕਮਰੇ ਚੋ ਫੜਿਆ ਯਾਰ ਵੀ ਖੜਾ ਸੀ। ਮੈ ਕਿਹਾ ਤੂੰ ਕਿਥੇ ? ਕਹਿੰਦਾ ਬੱਸ ਤੇਰੇ ਵਰਗੇ ਯਾਰਾਂ ਦੇ ਧੱਕੇ।

ਪਰ ਪਤਾ ਨਹੀ ਕਿਹੜੀ ਗੱਲੋਂ ਮੈ ÷ ਯਾਰਾਂ ਦਾ ਧੱਕਿਆ ਧਿਆਨਪੁਰ ਫੁੱਲੀਆਂ ਵੇਚਣ ਤੋਂ ਬੱਚ ਗਿਆ!!!



(ਮੁਖਬੈਨ ਸਿੰਘ ਦੀ ਕੰਧ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਬਿਨਾ ਪੁੱਛੇ ਈ ਕਾਪੀ ਕੀਤਾ)

# ਸਿਆਸੀ ਮਾਅਰਕਾ-ਪੋਲਿੰਗ 'ਚ ਪੰਜਾਬਣਾਂ ਦੀ ਝੰਡੀ..!



ਚਰਨਜੀਤ ਭੁੱਲਰ

**1952 ਤੋਂ 2002 ਤੱਕ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਦੀ ਪੋਲਿੰਗ ਦਰ ਪੁਰਸ਼ਾਂ ਮੁਕਾਬਲੇ ਘੱਟ ਰਹੀ ਹੈ। 2007 ਦੀਆਂ ਚੋਣਾਂ ਵਿੱਚ ਪਹਿਲੀ ਦਫ਼ਾ ਔਰਤਾਂ ਦੀ ਪੋਲਿੰਗ ਦਰ 75.47 ਫ਼ੀਸਦੀ ਰਹੀ, ਜਦੋਂ ਕਿ ਪੁਰਸ਼ਾਂ ਦੀ ਪੋਲਿੰਗ ਦਰ 75.36 ਸੀ। 2012 ਦੀਆਂ ਚੋਣਾਂ ਵਿੱਚ ਔਰਤਾਂ ਦੀ 78.96 ਫ਼ੀਸਦੀ ਅਤੇ ਪੁਰਸ਼ਾਂ ਦੀ ਪੋਲਿੰਗ ਦਰ 77.58 ਫ਼ੀਸਦੀ ਸੀ।**

ਐਤਕੀਂ ਵਿਧਾਨ ਸਭਾ ਚੋਣਾਂ ਵਿੱਚ ਵੋਟਾਂ ਪਾਉਣ ਦੇ ਮਾਮਲੇ 'ਚ ਪੰਜਾਬਣਾਂ ਦੀ ਝੰਡੀ ਰਹੀ ਹੈ। ਇਨ੍ਹਾਂ ਚੋਣਾਂ 'ਚ ਪੁਰਸ਼ਾਂ ਦੀ ਪੋਲਿੰਗ ਦਰ ਘੱਟ ਰਹੀ ਹੈ, ਜਦਕਿ ਔਰਤਾਂ ਨੇ ਮਾਅਰਕਾ ਮਾਰਿਆ ਹੈ। ਹਾਲਾਂਕਿ ਰਾਜਸੀ ਧਿਰਾਂ ਨੇ ਔਰਤਾਂ ਨੂੰ ਟਿਕਟਾਂ ਦੇਣ ਮੌਕੇ ਹੱਥ ਘੁੱਟਿਆ ਹੈ ਪਰ ਔਰਤਾਂ ਨੇ ਆਪਣੀ ਤਰਫ਼ੋਂ ਖੁੱਲ੍ਹੇ ਹੱਥ ਨਾਲ ਵੋਟਾਂ ਪਾਈਆਂ ਹਨ। ਚੋਣ ਮੈਦਾਨ ਵਿੱਚ ਕੁੱਲ 1304 ਉਮੀਦਵਾਰਾਂ ਵਿੱਚੋਂ ਸਿਰਫ਼ 93 ਮਹਿਲਾ ਉਮੀਦਵਾਰ ਹਨ, ਜਿਸ ਦੀ ਦਰ 7.13 ਫ਼ੀਸਦੀ ਬਣਦੀ ਹੈ। ਹੈਰਾਨੀ ਵਾਲੇ ਤੱਥ ਹਨ ਕਿ ਦੁਆਬਣਾਂ ਨੇ ਤਾਂ ਦਰਜਨ ਹਲਕਿਆਂ ਵਿੱਚ ਆਪਣਾ ਪੂਰਾ ਦਬਦਬਾ ਬਣਾਇਆ ਹੈ।

ਚੋਣ ਕਮਿਸ਼ਨ ਵੱਲੋਂ ਜਾਰੀ ਵੇਰਵਿਆਂ ਅਨੁਸਾਰ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 79.90 ਫ਼ੀਸਦੀ ਔਰਤਾਂ ਨੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ ਹੈ, ਜਦੋਂ ਕਿ 71.99 ਫ਼ੀਸਦੀ ਪੁਰਸ਼ਾਂ ਨੇ ਵੋਟਾਂ ਪਾਈਆਂ ਹਨ। ਪੰਜਾਬ ਦੇ ਕੁੱਲ੍ਹ 2.14 ਕਰੋੜ ਵਿੱਚੋਂ 1.54 ਕਰੋੜ ਵੋਟਰਾਂ ਨੇ ਮਤਦਾਨ ਕੀਤਾ ਹੈ, ਜਿਨ੍ਹਾਂ ਵਿੱਚ 73.35 ਲੱਖ ਔਰਤਾਂ ਅਤੇ 81.33 ਲੱਖ ਪੁਰਸ਼ ਸ਼ਾਮਲ ਹਨ। ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿੱਚੋਂ ਦੁਆਬੇ ਦੇ 12 ਵਿਧਾਨ ਸਭਾ ਹਲਕੇ ਅਜਿਹੇ ਹਨ, ਜਿੱਥੇ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਨੇ ਵੱਧ ਵੋਟਾਂ ਪਾਈਆਂ ਹਨ। ਉਂਝ ਮਾਲਵੇ ਵਿੱਚ ਪੋਲਿੰਗ ਸਭ ਤੋਂ ਵੱਧ ਰਹੀ ਹੈ।

ਪਿੱਛੇ ਝਾਤੀ ਮਾਰੀਏ ਤਾਂ 1952 ਤੋਂ 2002 ਤੱਕ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਦੀ ਪੋਲਿੰਗ ਦਰ ਪੁਰਸ਼ਾਂ ਮੁਕਾਬਲੇ ਘੱਟ ਰਹੀ ਹੈ। 2007 ਦੀਆਂ ਚੋਣਾਂ ਵਿੱਚ ਪਹਿਲੀ ਦਫ਼ਾ ਔਰਤਾਂ ਦੀ ਪੋਲਿੰਗ ਦਰ 75.47 ਫ਼ੀਸਦੀ ਰਹੀ, ਜਦੋਂ ਕਿ ਪੁਰਸ਼ਾਂ ਦੀ ਪੋਲਿੰਗ ਦਰ 75.36 ਸੀ। 2012 ਦੀਆਂ ਚੋਣਾਂ ਵਿੱਚ ਔਰਤਾਂ ਦੀ 78.96 ਫ਼ੀਸਦੀ ਅਤੇ ਪੁਰਸ਼ਾਂ ਦੀ ਪੋਲਿੰਗ ਦਰ 77.58 ਫ਼ੀਸਦੀ ਸੀ। ਇਵੇਂ 2017 ਦੀਆਂ ਚੋਣਾਂ ਵਿੱਚ ਔਰਤਾਂ ਦੀ 77.72 ਫ਼ੀਸਦੀ ਪੋਲਿੰਗ ਸੀ, ਜਦੋਂ ਕਿ ਪੁਰਸ਼ਾਂ ਦੀ ਪੋਲਿੰਗ ਦਰ 76.99 ਫ਼ੀਸਦੀ ਸੀ। ਮੌਜੂਦਾ ਚੋਣਾਂ ਵਿੱਚ ਔਰਤਾਂ ਦੀ ਪੋਲਿੰਗ ਦਰ ਨੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ, ਜੋ ਕਿ ਪੁਰਸ਼ਾਂ ਨਾਲੋਂ 7.91 ਫ਼ੀਸਦੀ ਜ਼ਿਆਦਾ ਬਣਦੀ ਹੈ। ਦੁਆਬੇ ਦੇ ਹਲਕਾ ਭੁਲੱਥ, ਸ਼ਾਹਕੋਟ, ਆਦਮਪੁਰ, ਦਸੂਹਾ, ਉੜਮੜ, ਸ਼ਾਮ ਚੁਰਾਸੀ, ਚੱਬੇਵਾਲ, ਗੜ੍ਹਸ਼ੰਕਰ, ਨਵਾਂ ਸ਼ਹਿਰ, ਬਲਾਚੌਰ, ਬੰਗਾ ਤੋਂ ਇਲਾਵਾ ਆਨੰਦਪੁਰ ਸਾਹਿਬ ਹਲਕੇ ਵਿੱਚ ਔਰਤਾਂ ਨੇ ਪੁਰਸ਼ਾਂ ਨਾਲੋਂ ਵਧੇਰੇ ਵੋਟਾਂ ਪਾਈਆਂ ਹਨ। ਮਿਸਾਲ ਦੇ ਤੌਰ 'ਤੇ ਹਲਕਾ ਭੁਲੱਥ ਵਿੱਚ 43,658 ਪੁਰਸ਼ਾਂ ਨੇ ਵੋਟ ਪਾਈ, ਜਦੋਂ ਕਿ 46,781 ਪੁਰਸ਼ਾਂ ਨੇ ਮਤਦਾਨ ਕੀਤਾ ਹੈ। ਹਾਲਾਂਕਿ ਇਨ੍ਹਾਂ ਕਈ ਹਲਕਿਆਂ ਵਿੱਚ ਕੋਈ ਮਹਿਲਾ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਨਹੀਂ ਸੀ।

ਬਲਾਚੌਰ ਤੋਂ 'ਆਪ' ਦੀ ਸੰਤੋਸ਼ ਕੁਮਾਰੀ ਅਤੇ ਅਕਾਲੀ ਦਲ ਦੀ ਉਮੀਦਵਾਰ ਸੁਨੀਤਾ ਰਾਣੀ ਚੋਣ ਮੈਦਾਨ ਵਿੱਚ ਸਨ। ਇੱਥੇ ਔਰਤ ਵੋਟਰਾਂ ਨੇ ਪੁਰਸ਼ਾਂ ਨੂੰ ਪੋਲਿੰਗ ਵਿੱਚ ਪਿਛਾਂਹ ਛੱਡਿਆ ਹੈ। ਗੜ੍ਹਸ਼ੰਕਰ ਹਲਕੇ ਵਿੱਚ ਇੱਕੋ ਮਹਿਲਾ ਭਾਜਪਾ ਉਮੀਦਵਾਰ ਨਿਮਿਸ਼ਾ ਮਹਿਤਾ ਸੀ, ਜਿੱਥੇ ਔਰਤਾਂ ਦੀ ਪੋਲਿੰਗ ਜ਼ਿਆਦਾ ਰਹੀ ਹੈ। ਟਿਕਟਾਂ 'ਤੇ ਨਜ਼ਰ ਮਾਰੀਏ ਤਾਂ ਆਮ ਆਦਮੀ ਪਾਰਟੀ ਨੇ 12 ਮਹਿਲਾਵਾਂ ਨੂੰ ਟਿਕਟ ਦਿੱਤੀ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜ ਟਿਕਟਾਂ ਮਹਿਲਾਵਾਂ ਨੂੰ ਦਿੱਤੀਆਂ। ਇਸੇ ਤਰ੍ਹਾਂ ਭਾਜਪਾ ਨੇ 6 ਅਤੇ ਕਾਂਗਰਸ ਨੇ 11 ਔਰਤਾਂ ਨੂੰ ਟਿਕਟਾਂ ਦਿੱਤੀਆਂ ਹਨ। ਬਸਪਾ ਨੇ ਇੱਕ ਮਹਿਲਾ ਉਮੀਦਵਾਰ ਬਣਾਈ ਹੈ, ਜਦੋਂ ਕਿ ਪੰਜਾਬ ਲੋਕ ਕਾਂਗਰਸ ਨੇ ਦੋ ਟਿਕਟਾਂ ਔਰਤਾਂ ਨੂੰ ਦਿੱਤੀਆਂ ਹਨ।

ਇਵੇਂ ਸੰਯੁਕਤ ਅਕਾਲੀ ਦਲ ਨੇ ਇੱਕ ਮਹਿਲਾ ਅਤੇ ਲੋਕ ਇਨਸਾਫ਼ ਪਾਰਟੀ ਨੇ ਵੀ ਇੱਕ ਮਹਿਲਾ ਨੂੰ ਟਿਕਟ ਦਿੱਤੀ ਹੈ। 29 ਆਜ਼ਾਦ ਮਹਿਲਾ ਉਮੀਦਵਾਰ ਮੈਦਾਨ ਵਿੱਚ ਸਨ। ਪੰਜਾਬੀ ਯੂਨੀਵਰਸਿਟੀ ਕਾਲਜ ਘੁੱਦਾ (ਬਠਿੰਡਾ) ਦੀ ਅਧਿਆਪਕਾ ਤੇ ਕਵਿੱਤਰੀ ਨੀਤੂ ਅਰੋੜਾ ਨੇ ਕਿਹਾ ਕਿ ਸਾਖਰ ਦਰ ਵਿੱਚ ਸੁਧਾਰ ਕਾਰਨ ਮਹਿਲਾਵਾਂ 'ਚ ਸਿਆਸੀ ਚੇਤਨਾ ਵਧੀ ਹੈ, ਜਿਸ ਕਾਰਨ ਉਨ੍ਹਾਂ ਦੀ ਸਿਆਸਤ ਵਿੱਚ ਰੁਚੀ ਪ੍ਰਬਲ ਹੋਈ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਸਿਆਸੀ ਮੁੱਦਿਆਂ ਪ੍ਰਤੀ ਵਧੇਰੇ ਚੌਕਸ ਹਨ ਤੇ ਉਨ੍ਹਾਂ ਦੀ ਜਮਹੂਰੀਅਤ ਵਿੱਚ ਵਧ ਰਹੀ ਭਾਗੀਦਾਰੀ ਸ਼ੁੱਭ ਸੰਕੇਤ ਹੈ।

ਮਾਲਵਾ ਵਿੱਚ ਸਭ ਤੋਂ ਵੱਧ ਪੋਲਿੰਗ

ਸਮੁੱਚੇ ਪੰਜਾਬ 'ਤੇ ਨਿਗ੍ਹਾ ਮਾਰੀਏ ਤਾਂ ਮਾਲਵਾ ਖੇਤਰ ਵਿੱਚ ਸਭ ਤੋਂ ਵੱਧ ਪੋਲਿੰਗ ਰਹੀ ਹੈ। ਮਾਲਵੇ ਵਿੱਚ 69 ਵਿਧਾਨ ਸਭਾ ਹਲਕੇ ਪੈਂਦੇ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਗਿੱਦੜਬਾਹਾ ਵਿੱਚ 84.93 ਫ਼ੀਸਦੀ ਪੋਲਿੰਗ ਰਹੀ, ਜਦੋਂ ਕਿ ਮਾਲਵੇ ਵਿੱਚ ਸਭ ਤੋਂ ਘੱਟ ਪੋਲਿੰਗ ਹਲਕਾ ਲੁਧਿਆਣਾ ਦੱਖਣੀ ਵਿੱਚ 59.04 ਫ਼ੀਸਦੀ ਰਹੀ ਹੈ। ਇਸੇ ਤਰ੍ਹਾਂ ਮਾਝੇ ਦੇ 25 ਹਲਕਿਆਂ ਵਿੱਚੋਂ ਸਭ ਤੋਂ ਵੱਧ ਪੋਲਿੰਗ ਹਲਕਾ ਅਜਨਾਲਾ ਵਿੱਚ 77.29 ਫ਼ੀਸਦੀ ਰਹੀ, ਜਦਕਿ ਸਭ ਤੋਂ ਘੱਟ ਹਲਕਾ ਅੰਮ੍ਰਿਤਸਰ ਪੱਛਮੀ ਵਿੱਚ 55.40 ਫ਼ੀਸਦੀ ਰਹੀ। ਇਸ ਤੋਂ ਇਲਾਵਾ ਦੋਆਬੇ ਦੇ 23 ਹਲਕਿਆਂ ਵਿੱਚੋਂ ਸਭ ਤੋਂ ਵੱਧ ਪੋਲਿੰਗ ਬਲਾਚੌਰ ਹਲਕੇ ਵਿੱਚ 73.77 ਫ਼ੀਸਦੀ ਰਹੀ ਅਤੇ ਸਭ ਤੋਂ ਘੱਟ ਹਲਕਾ ਜਲੰਧਰ ਕੈਂਟ ਵਿੱਚ 64.02 ਫ਼ੀਸਦੀ ਰਹੀ।

# ਧੁੰਦ ਬਹੁਤ ਹੈ, ਅਜੇ ਸਰਕਾਰ ਵਿਖਾਈ ਨਹੀਂ ਦੇ ਰਹੀ



ਪ੍ਰੋ। ਕੁਲਬੀਰ ਸਿੰਘ
9417153513

ਵੋਟਾਂ ਪੈ ਗਈਆਂ ਹਨ। ਇੱਕ ਅਖ਼ਬਾਰ ਨੇ ਪੰਜਾਬ ਦੀਆ 117 ਸੀਟਾਂ ਦਾ ਵਿਸ਼ਲੇਸ਼ਣ ਪ੍ਰਕਾਸ਼ਿਤ ਕੀਤਾ। ਨਾਲ ਇੱਕ ਕਾਰਟੂਨ ਛਾਪਿਆ। ਜਿਸ ਵਿੱਚ ਚਾਰੇ ਪਾਸੇ ਧੁੰਦ ਹੀ ਧੁੰਦ ਹੈ। ਇੱਕ ਵਿਅਕਤੀ ਦੂਰਬੀਨ ਅੱਖਾਂ ਅੱਗੇ ਲਾ ਕੇ ਵੇਖਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰੰਤੂ ਕੁੱਝ ਵਿਖਾਈ ਨਹੀਂ ਦਿੰਦਾ। ਕੋਲ ਖੜੀ ਪਤਨੀ ਨੂੰ ਕਹਿੰਦਾ ਹੈ ਧੁੰਦ ਬਹੁਤ ਸੰਘਣੀ ਹੈ, ਅਜੇ ਸਰਕਾਰ ਵਿਖਾਈ ਨਹੀਂ ਦੇ ਰਹੀ। ਪੰਜਾਬ ਵਿੱਚ ਇਨਬਿਨ ਇਹੀ ਸਥਿੱਤੀ ਹੈ। ਕੁੱਝ ਪਤਾ ਨਹੀਂ ਲੱਗ ਰਿਹਾ ਕਿਸਦੀ ਸਰਕਾਰ ਬਣੇਗੀ। ਕਿਹੜੀ ਪਾਰਟੀ ਕਿੰਨੀਆਂ ਸੀਟਾਂ ਲੈ ਜਾਵੇਗੀ। ਵੱਖ-ਵੱਖ ਚੈਨਲ ਤੇ ਏਜੰਸੀਆਂ ਰੋਜ਼ਾਨਾ ਚੋਣ ਸਰਵੇਖਣ ਪ੍ਰਸਾਰਿਤ ਕਰ ਰਹੇ ਹਨ। ਉਨ੍ਹਾਂ ਚੋਣ ਸਰਵੇਖਣਾਂ ਵਿੱਚੋਂ ਨਾ ਸਿਆਸੀ ਪਾਰਟੀਆਂ ਦੇ ਪੱਲੇ ਕੁੱਝ ਪੈਂਦਾ ਹੈ ਅਤੇ ਨਾ ਲੋਕਾਂ ਦੀ ਤਸੱਲੀ ਹੋ ਰਹੀ ਹੈ। ਸਾਰੇ ਚੋਣ ਸਰਵੇਖਣ ਖਿਚੜੀ ਬਣਾ ਰਹੇ ਹਨ। ਖਿਚੜੀ ਖਾਣਾ ਕੋਈ ਵੀ ਪਸੰਦ ਨਹੀਂ ਕਰਦਾ ਕਿਉਂਕਿ ਖਿਚੜੀ ਬਿਮਾਰਾਂ ਦਾ ਖਾਣਾ ਮੰਨਿਆਂ ਜਾਂਦਾ ਹੈ। ਪਰੰਤੂ ਸਿਹਤ ਵਿਗਿਆਨੀਆਂ, ਮਾਹਿਰਾਂ ਅਤੇ ਡਾਕਟਰਾਂ ਦਾ ਮੰਨਣਾ ਹੈ ਕਿ ਖਿਚੜੀ ਸਿਹਤ ਲਈ ਫ਼ਾਇਦੇਮੰਦ ਹੈ। ਜੇ ਮਨੁੱਖੀ ਸਿਹਤ ਲਈ ਲਾਹੇਵੰਦ ਹੈ ਤਾਂ ਸੂਬੇ ਦੀ ਸਿਹਤ ਲਈ ਵੀ ਲਾਹੇਵੰਦ ਹੀ ਹੋਵੇਗੀ।

ਬੜਾ ਸਮਾਂ ਪਹਿਲਾਂ ਇੱਕ ਹਿੰਦੀ ਫ਼ਿਲਮ ਦਾ ਗੀਤ ਬੜਾ ਚਰਚਿਤ ਹੋਇਆ ਸੀ
'ਸੰਸਾਰ ਕੀ ਹਰ ਸ਼ੈਅ ਕਾ ਇਹਨਾਂ ਹੀ ਫ਼ਸਾਨਾ ਹੈ,
ਇੱਕ ਧੁੰਦ ਸੇ ਆਨਾ ਹੈ ਇੱਕ ਧੁੰਦ ਮੇਂ ਜਾਨਾ ਹੈ'।

ਸਰਕਾਰਾਂ ਦਾ, ਸਿਆਸੀ ਪਾਰਟੀਆਂ ਦਾ ਵੀ ਇਹੀ ਹਾਲ ਹੈ। ਬਹੁਤਾ ਅੰਤਰ ਨਹੀਂ। ਜਦ ਸਰੋਤ ਨਹੀਂ ਹਨ, ਸਮਝ ਨਹੀਂ ਹੈ, ਮੁਹਾਰਤ ਨਹੀਂ ਹੈ, ਦੂਰ-ਦ੍ਰਿਸ਼ਟੀ ਨਹੀਂ ਹੈ ਤਾਂ ਕੋਈ ਫ਼ਰਕ ਨਹੀਂ ਪੈਂਦਾ। ਇਹ ਪਾਰਟੀ ਹੈ ਜਾਂ ਉਹ ਪਾਰਟੀ ਹੈ।

ਕਿਸੇ ਵੀ ਪਾਰਟੀ ਕੋਲ ਉਸ ਪੱਧਰ ਦੇ ਨੇਤਾ ਨਹੀਂ ਹਨ ਜਿਹੜੀ ਪੰਜਾਬ ਨੂੰ ਦਲਦਲ ਵਿੱਚੋਂ ਕੱਢ ਕੇ ਹਾਈਵੇ 'ਤੇ ਪਾ ਸਕਣ। ਮੰਨਣਾ ਪਏਗਾ ਕਿ ਕੋਈ ਵੀ ਨੇਤਾ ਸੋਲਾਂ ਕਲਾਂ ਸੰਪੂਰਨ ਨਹੀਂ ਹੁੰਦਾ। ਨੇਤਾਵਾਂ ਨੂੰ, ਮੰਤਰੀਆਂ ਨੂੰ ਮਾਹਿਰਾਂ ਦੀ ਲੋੜ ਹੁੰਦੀ ਹੈ। ਹਰੇਕ ਮੰਤਰੀ ਨਾਲ ਸੰਬੰਧਤ ਮਹਿਕਮੇ ਦਾ ਮਾਹਿਰ ਜੋੜਨ ਦੀ ਲੋੜ ਹੁੰਦੀ ਹੈ। ਪਰੰਤੂ ਪੜ੍ਹੇ, ਲਿਖੇ ਮਾਹਿਰਾਂ ਨੂੰ ਸਿਆਸੀ ਲੋਕ ਅਤੇ ਸਰਕਾਰਾਂ ਨੇੜੇ ਨਹੀਂ ਢੁੱਕਣ ਦਿੰਦੀਆਂ। ਵੱਖ-ਵੱਖ ਪੱਖਾਂ ਤੋਂ ਪੰਜਾਬ ਦੀ ਜੋ ਹਾਲਤ ਹੈ ਇਸਨੂੰ ਮਾਹਿਰ ਹੀ ਲੀਹ 'ਤੇ ਲਿਆ ਸਕਦੇ ਹਨ। ਸਭ ਕੁੱਝ ਮੁਫ਼ਤ ਵੰਡ ਕੇ ਪੰਜਾਬ ਲੀਹ 'ਤੇ ਨਹੀਂ ਆ ਸਕਦਾ।

ਵੋਟਾਂ ਪੈਣ ਤੋਂ ਬਾਅਦ ਸ਼ਾਇਦ ਨਿਊਜ਼ ਚੈਨਲ ਵਿਹਲ ਮਹਿਸੂਸ ਕਰਨਗੇ, ਪਰ ਨਹੀਂ ਵੋਟਾਂ ਪੈਣ ਉਪਰੰਤ ਤਾਂ ਉਹ ਐਗਜ਼ਿਟ ਪੋਲ ਵਿੱਚ ਰੁੱਝ ਜਾਣਗੇ। ਐਗਜ਼ਿਟ ਪੋਲ 'ਤੇ ਚੋਣਾਂ ਤੋਂ ਵੀ ਵੱਧ ਜ਼ੋਰ ਲੱਗੇਗਾ। ਸਿਆਸੀ ਆਗੂ ਅਤੇ ਸਿਆਸਤ ਵਿੱਚ ਦਿਲਚਸਪੀ ਰੱਖਣ ਵਾਲੇ ਲੋਕ ਟੈਲੀਵਿਜ਼ਨ ਦੁਆਲੇ ਜੁੜ ਜਾਣਗੇ। ਉਤਸੁਕਤਾ ਹੱਦਾਂ ਬੰਨੇ ਟੱਪ ਜਾਏਗੀ।

21 ਫ਼ਰਵਰੀ ਤੋਂ 10 ਮਾਰਚ 2022 ਤੱਕ ਦੇ 18 ਦਿਨ ਬੜੇ ਔਖੇ ਹੋਣਗੇ। ਟੈਲੀਵਿਜ਼ਨ ਚੈਨਲਾਂ ਲਈ ਵੀ, ਸਿਆਸਤਦਾਨਾਂ ਲਈ ਵੀ ਅਤੇ ਸਿਆਸਤ-ਪ੍ਰੇਮੀਆਂ ਲਈ ਵੀ। ਇੱਕ ਵਾਰ ਵੋਟਾਂ ਪੈਣ ਅਤੇ ਨਤੀਜੇ ਆਉਣ ਦਰਮਿਆਨ ਡੇਢ ਮਹੀਨੇ ਦੀ ਦੂਰੀ ਸੀ। ਉਡੀਕ ਕਰਨੀ ਡਾਹਢੀ ਮੁਸ਼ਕਲ ਸੀ। ਪੰਜਾਬ ਦੇ ਬਹੁਤ ਲੀਡਰ ਦੂਰ ਵਿਦੇਸ਼ਾਂ ਵਿੱਚ ਘੁੰਮਣ ਫ਼ਿਰਨ ਨਿਕਲ ਗਏ ਸਨ। ਇੱਕ ਪੰਥ ਦੋ ਕਾਜ। ਦਿਨ ਵੀ ਨਿਕਲ ਗਏ, ਚੋਣਾਂ ਦੀ ਥਕਾਵਟ ਵੀ ਲੱਥ ਗਈ। ਇਸ ਵਾਰ ਵੇਖੋ ਕੀ ਕਰਦੇ ਹਨ।

ਚੋਣਾਂ ਵਿੱਚ ਇਨਸਾਨੀਅਤ ਕਦੇ ਮੁੱਦਾ ਨਹੀਂ ਬਣਦੀ। ਜੇ ਇਨਸਾਨੀਅਤ ਮੁੱਦਾ ਬਣੇ ਤਾਂ ਸਾਰੇ ਮਸਲੇ ਹੱਲ ਹੋ ਜਾਣ। ਪੰਜਾਬ ਵਿੱਚ 25 ਫ਼ੀਸਦੀ ਅਰਥਾਤ 315 ਉਮੀਦਵਾਰਾਂ 'ਤੇ ਆਰਥਿਕ ਮਾਮਲੇ ਦਰਜ਼ ਹਨ। ਇਨ੍ਹਾਂ 315 ਵਿੱਚੋਂ 218 'ਤੇ ਗੰਭੀਰ ਦੋਸ਼ ਹਨ। ਕੁੱਲ ਉਮੀਦਵਾਰਾਂ ਵਿੱਚੋਂ 521 ਕਰੋੜਪਤੀ ਹਨ। ਕਰੋੜਪਤੀ ਹੋਣਾ ਮਾੜੀ ਗੱਲ ਨਹੀਂ ਪਰੰਤੂ ਇੱਕ ਗੱਲ ਸਪਸ਼ਟ ਹੈ ਕਿ ਟਿਕਟਾਂ ਅਮੀਰਾਂ ਨੂੰ ਹੀ ਮਿਲਦੀਆਂ ਹਨ। ਬਾਕੀ ਯੋਗਤਾਵਾਂ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ। ਬਹੁਤੇ ਉਮੀਦਵਾਰਾਂ ਨੇ ਕਾਲਜ ਦਾ ਮੂੰਹ ਨਹੀਂ ਵੇਖਿਆ। ਯੂਨੀਵਰਸਿਟੀਆਂ ਤੋਂ ਪੜ੍ਹ ਕੇ ਆਉਣ ਵਾਲਾ ਵਿਰਲਾ ਟਾਵਾਂ ਹੀ ਹੈ।

ਸਰਕਾਰ ਪੱਖੀ ਚੈਨਲ ਯੂ ਪੀ ਵਿੱਚ ਸਖ਼ਤ ਮੁਕਾਬਲਾ ਨਹੀਂ ਮੰਨ ਰਹੇ। ਜੋਗੀ ਦੀ ਵਾਪਸੀ ਦੱਸ ਰਹੇ ਹਨ। ਬੰਗਾਲ ਵਿੱਚ 2021 ਵਿੱਚ ਸਖ਼ਤ ਮੁਕਾਬਲਾ ਦੱਸ ਰਹੇ ਸਨ। ਤ੍ਰਿਣਮੂਲ ਕਾਂਗਰਸ ਨੇ ਸਫ਼ਾਇਆ ਕਰ ਦਿੱਤਾ ਸੀ। ਚੋਣ ਸਰਵੇਖਣ ਅਤੇ ਚੈਨਲ ਏਨੇ ਉਲਾਰ, ਏਨੇ ਪੱਖਪਾਤੀ ਹੋ ਸਕਦੇ ਹਨ ਹੈਰਾਨੀ ਹੁੰਦੀ ਹੈ।

ਯੂ ਪੀ ਵਿੱਚ ਜਾਤ-ਪਾਤ ਦਾ ਪੱਤਾ ਖ਼ੂਬ ਖੇਡਿਆ ਗਿਆ। ਪੰਜਾਬ ਵਿੱਚ ਵੀ ਘੱਟ ਨਹੀਂ ਕੀਤੀ। ਮੁੱਦਿਆਂ ਦੀ ਗੱਲ ਘੱਟ ਹੋਈ ਹੈ, ਨਿੱਜੀ ਦੂਸ਼ਣਬਾਜ਼ੀ ਦਾ ਬੋਲਬਾਲਾ ਰਿਹਾ ਹੈ।


ਬਹੁਤ ਅਨੁਮਾਨ ਮਾਲਵਾ, ਮਾਝਾ, ਦੁਆਬਾ ਦੇ ਆਧਾਰ 'ਤੇ ਲਗਾਏ ਜਾ ਰਹੇ ਹਨ। ਪਾਰਟੀਆਂ ਵੀ ਮਹੱਤਵਪੂਰਨ ਹਨ ਪਰ ਚਿਹਰੇ ਵਧੇਰੇ ਮਹੱਤਵ ਗ੍ਰਹਿਣ ਕਰ ਗਏ ਹਨ। ਕਿਸੇ ਇੱਕ ਖੇਤਰ ਵਿੱਚ ਹਨੇਰੀ ਚੱਲਣ ਨਾਲ ਕਿਸੇ ਪਾਰਟੀ ਦੀ ਸਰਕਾਰ ਨਹੀਂ ਬਣਨੀ ਅਤੇ ਸਾਰੇ ਖੇਤਰਾਂ ਵਿੱਚ ਕਿਸੇ ਦੀ ਵੀ ਹਨੇਰੀ ਨਹੀਂ ਚੱਲ ਰਹੀ। ਗੱਲ ਅਖ਼ੀਰ ਫੇਰ ਧੁੰਦ 'ਤੇ ਹੀ ਆ ਗਈ ਨਾ? ਧੁੰਦ ਤਿਕੋਨੇ, ਬਹੁ-ਕੋਨੇ ਮੁਕਾਬਲਿਆਂ ਕਾਰਨ ਹੈ। ਵੋਟਰ ਜਾਤ-ਪਾਤ, ਧਰਮ ਦੇ ਨਾਂ 'ਤੇ ਵੰਡੇ ਹੋਏ ਹਨ। ਬੇਰੁਜ਼ਗਾਰੀ, ਨਸ਼ਾ, ਗ਼ਰੀਬੀ, ਮਹਿੰਗਾਈ, ਰੇਤ ਮਾਫ਼ੀਆ ਦੀਆਂ ਵੀ ਗੱਲਾਂ ਹੁੰਦੀਆ ਰਹੀਆਂ।

ਇਸ ਸਭ ਦੌਰਾਨ ਲੋਕਾਂ ਦੀਆਂ ਨਜ਼ਰਾਂ ਨਵਜੋਤ ਸਿੰਘ ਸਿੱਧੂ, ਬਿਕਰਮ ਸਿੰਘ ਮਜੀਠੀਆ, ਚਰਨਜੀਤ ਸਿੰਘ ਚੰਨੀ, ਭਗਵੰਤ ਮਾਨ, ਸੁਖਬੀਰ ਬਾਦਲ, ਕੈਪਟਨ ਅਮਰਿੰਦਰ ਸਿੰਘ, ਬਲਬੀਰ ਸਿੰਘ ਰਾਜੇਵਾਲ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਜਿੱਤ ਹਾਰ 'ਤੇ ਲੱਗੀਆਂ ਹੋਈਆਂ ਹਨ।

# ਯੂਕ੍ਰੇਨ 'ਚ ਫ਼ਸੇ ਪੰਜਾਬੀ ਬੱਚੇ ਕਿਨ੍ਹਾਂ ਮੁਸ਼ਕਲਾਂ ਦਾ ਕਰ ਰਹੇ ਨੇ ਸਾਹਮਣਾ, ਨਹੀਂ ਮਿਲ ਰਿਹਾ ਖਾਣ ਨੂੰ ਕੁਝ









–ਰੂਸ ਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਕਾਰਨ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਇਸ ਜੰਗ ਨਾਲ ਯੂਕ੍ਰੇਨ ਦੇ ਨਾਲ–ਨਾਲ ਪੰਜਾਬ ਦੇ ਲੋਕਾਂ ਨੂੰ ਵੀ ਬਹੁਤ ਨੁਕਸਾਨ ਹੋ ਰਿਹਾ ਹੈ। ਪੰਜਾਬ ਦੇ ਬਹੁਤ ਸਾਰੇ ਬੱਚੇ ਅਜਿਹੇ ਹਨ, ਜੋ ਉੱਚ ਪੱਧਰੀ ਸਿੱਖਿਆ ਹਾਸਲ ਕਰਨ ਲਈ ਯੂਕ੍ਰੇਨ ਗਏ ਹੋਏ ਹਨ। ਜੰਗ ਲੱਗਣ ਕਾਰਨ ਪੰਜਾਬ ਦੇ ਬੱਚੇ ਇਸ ਸਮੇਂ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਬੱਚੇ ਪੰਜਾਬ 'ਚ ਆਪਣੇ ਮਾਤਾ–ਪਿਤਾ ਨੂੰ ਫ਼ੋਨ ਕਰ ਕੇ ਉਥੋਂ ਦੀ ਸਾਰੀ ਜਾਣਕਾਰੀ ਦੇ ਰਹੇ ਹਨ ਕਿ ਕਿਵੇਂ ਉਹ ਆਪਣੀ ਜਾਨ ਬਚਾਉਣ ਲਈ ਵੱਖ–ਵੱਖ ਥਾਵਾਂ 'ਤੇ ਬੰਦ ਹੋ ਕੇ ਰਹਿ ਗਏ ਹਨ। ਇਸ ਮੁਸ਼ਕਿਲ ਭਰੇ ਮਾਹੌਲ 'ਚੋਂ ਬਾਹਰ ਆਉਣ ਲਈ ਪੰਜਾਬ ਦੇ ਬੱਚੇ ਭਾਰਤ ਸਰਕਾਰ ਤੋਂ ਮਦਦ ਦੀ ਮੰਗ ਕਰ ਰਹੇ ਹਨ......

**ਯੂਕ੍ਰੇਨ 'ਚ ਫ਼ਸੀ ਰੂਪਨਗਰ ਦੇ ਪਿੰਡ ਕਟਲੀ ਦੀ ਗੁਰਜੀਤ ਕੌਰ**

ਨਜ਼ਦੀਕੀ ਪਿੰਡ ਕਟਲੀ ਦੀ ਇੱਕ ਮੁਟਿਆਰ ਰੂਸੀ ਹਮਲੇ ਕਾਰਨ ਯੂਕ੍ਰੇਨ 'ਚ ਫ਼ਸੀ ਹੋਈ ਹੈ। ਉਸ ਦੇ ਮਾਪਿਆਂ ਨੇ ਕੇਂਦਰ ਸਰਕਾਰ ਕੋਲ ਗੁਹਾਰ ਲਗਾਈ ਹੈ ਕਿ ਉਨ੍ਹਾਂ ਦੀ ਕੁੜੀ ਨੂੰ ਸੁਰੱਖ਼ਿਅਤ ਭਾਰਤ ਵਾਪਸ ਲਿਆਂਦਾ ਜਾਵੇ। ਰੂਪਨਗਰ ਨਾਲ ਲੱਗਦੇ ਪਿੰਡ ਕਟਲੀ ਦੀ ਇੱਕ ਮੁਟਿਆਰ ਗੁਰਜੀਤ ਕੌਰ ਸਾਲ 2019 'ਚ ਡਾਕਟਰੀ ਦੀ ਪੜ੍ਹਾਈ ਕਰਨ ਲਈ ਯੂਕ੍ਰੇਨ 'ਚ ਗਈ ਹੋਈ ਸੀ। ਉਸ ਨੇ ਆਪਣੇ ਮਾਪਿਆਂ ਨੂੰ ਟੈਲੀਫ਼ੋਨ 'ਤੇ ਦੱਸਿਆ ਕਿ ਯੂਕ੍ਰੇਨ 'ਚ ਰੂਸੀ ਹਮਲੇ ਕਾਰਨ ਮਾਹੌਲ ਬਹੁਤ ਖਰਾਬ ਹੋ ਚੁੱਕਾ ਹੈ ਅਤੇ ਉਨ੍ਹਾਂ ਨੂੰ ਆਪਣੀ ਜਾਨ ਦਾ ਖ਼ਤਰਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨਾਲ ਪੰਜਾਬ ਦੀਆਂ ਹੋਰ ਵੀ ਕੁੜੀਆਂ ਹਨ, ਜਿਨ੍ਹਾਂ ਨੂੰ ਹਾਲੇ ਤਕ ਕੋਈ ਸਹਾਇਤਾ ਪ੍ਰਾਪਤ ਨਹੀ ਹੋਈ।

**ਯੂਕ੍ਰੇਨ 'ਚ ਫ਼ਸੀ ਗੁਰਦਾਸਪੁਰ ਦੀ ਦਿਵਿਆ, ਕਾਂਦੀਆਂ ਨੇ 2 ਨੌਜਵਾਨ, ਡੇਰਾ ਬਾਬਾ ਨਾਨਕ ਦੀ ਅਰਸ਼ਦੀਪ ਕੌਰ**

ਗੁਰਦਾਸਪੁਰ ਦੀ ਦਿੱਵਿਆ, ਕਾਂਦੀਆਂ ਨੇ 2 ਨੌਜਵਾਨ ਗੁਰਪ੍ਰਤਾਪ ਸਿੰਘ ਅਤੇ ਸੰਨੀ, ਡੇਰਾ ਬਾਬਾ ਨਾਨਕ ਦੀ ਇੱਕ ਕੁੜੀ ਅਰਸ਼ਦੀਪ ਕੌਰ ਯੂਕ੍ਰੇਨ 'ਚ ਇਸ ਸਮੇਂ ਫ਼ਸੇ ਹੋਏ ਹਨ। ਦਿਵਿਆ ਨੇ ਦੱਸਿਆ ਕਿ ਇਸ ਸਮੇਂ ਯੂਕ੍ਰੇਨ ਵਿੱਚ ਫ਼ਸੇ ਭਾਰਤੀ ਵਿਦਿਆਰਥੀ ਮਾਨਸਿਕ ਤਣਾਅ ਅਤੇ ਡਰ ਦੇ ਮਾਹੌਲ ਵਿੱਚ ਸਮਾਂ ਬਤੀਤ ਕਰ ਰਹੇ ਹਨ। ਇਸ ਮਾਹੌਲ 'ਚ ਸਿਰਫ਼ ਪਰੇਸ਼ਾਨੀਆਂ ਹੀ ਪਰੇਸ਼ਾਨੀਆਂ ਹਨ। ਇਸ ਸਮੇਂ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਅਸੀਂ ਘਰ ਕਿਵੇਂ ਪਹੁੰਚ ਸਕਦੇ ਹਾਂ। ਇਥੇ ਚਾਰੇ ਪਾਸੇ ਹਫ਼ੜਾ–ਦਫ਼ੜੀ ਦਾ ਮਾਹੌਲ ਹੈ। ਇੱਥੋਂ ਦੇ ਹਾਲਾਤਾਂ ਤੋਂ ਸਾਰੇ ਵਿਦਿਆਰਥੀ ਸਹਿਮੇ ਅਤੇ ਡਰੇ ਹੋਏ ਹਨ।

**ਯੂਕ੍ਰੇਨ 'ਚ ਫ਼ਸੀਆਂ ਸੁਲਤਾਨਪੁਰ ਲੋਧੀ ਦੀ ਗੁਰਲੀਨ ਕੌਰ ਅਤੇ ਮੁਸਕਾਨ ਥਿੰਦ**

ਜ਼ਿਲ੍ਹਾ ਕਪੂਰਥਲਾ ਦੀ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਦੇ ਪਿੰਡ ਹੈਬਤਪੁਰ ਦੀ ਯੂਕ੍ਰੇਨ 'ਚ ਡਾਕਟਰੀ ਦੀ ਪੜ੍ਹਾਈ ਕਰਨ ਗਈ ਗੁਰਲੀਨ ਕੌਰ (ਪੁੱਤਰੀ ਸੁਖਵਿੰਦਰ ਸਿੰਘ ਪੁੱਤਰ ਸਾਧੂ ਸਿੰਘ) ਦੀ ਸਲਾਮਤੀ ਅਤੇ ਘਰ ਵਾਪਸੀ ਲਈ ਉਨ੍ਹਾਂ ਦੇ ਮਾਪਿਆਂ ਵਲੋਂ ਦੁਆਵਾਂ ਕੀਤੀਆਂ ਜਾ ਰਹੀਆਂ ਹਨ। ਸੁਮੀ ਸਟੇਟ ਯੂਨੀਵਰਸਿਟੀ ਵਿੱਚ ਜੰਗ ਦੌਰਾਨ ਸਬ ਡਿਵੀਜਨ ਸੁਲਤਾਨਪੁਰ ਲੋਧੀ ਦੇ ਪਿੰਡ ਹੈਬਤਪੁਰ ਦੀ ਗੁਰਲੀਨ ਕੌਰ ਨਾਲ ਸਬ ਡਿਵੀਜ਼ਨ ਸੁਲਤਾਨਪੁਰ ਲੋਧੀ ਦੇ ਪਿੰਡ ਪੰਡੋਰੀ ਦੀ ਵਿਦਿਆਰਥਣ ਮੁਸਕਾਨ ਥਿੰਦ ਵੀ ਹੈ, ਜੋ ਯੂਨੀਵਰਸਿਟੀ ਦੇ ਵਿਦਿਆਰਥਣਾਂ ਹੋਸਟਲ ਦੇ ਬੰਕਰ 'ਚ ਲੁਕਣ ਨੂੰ ਮਜਬੂਰ ਹੋ ਚੁੱਕੀਆਂ ਹਨ।

**ਮੋਗਾ ਸ਼ਹਿਰ ਦਾ ਜਸ਼ਨਪ੍ਰੀਤ ਸਿੰਘ**

ਰੂਸ ਤੇ ਯੂਕ੍ਰੇਨ ਦਰਮਿਆਨ ਲੱਗੀ ਜੰਗ 'ਚ ਮੋਗਾ ਸ਼ਹਿਰ ਦਾ ਜਸ਼ਨਪ੍ਰੀਤ ਸਿੰਘ (22) ਵੀ ਸ਼ਾਮਲ ਹੈ, ਜੋ 2019 'ਚ ਪੜ੍ਹਾਈ ਕਰਨ ਲਈ ਯੂਕ੍ਰੇਨ ਗਿਆ ਸੀ। ਇਸ ਵਿਦਿਆਰਥੀ ਨੇ 27 ਫ਼ਰਵਰੀ ਨੂੰ ਛੁੱਟੀਆਂ ਬਿਤਾਉਣ ਲਈ ਭਾਰਤ ਆਉਣਾ ਸੀ ਪਰ ਦੋਵਾਂ ਦੇਸ਼ਾਂ ਵਿਚਕਾਰ ਵਿਗੜੇ ਹਾਲਾਤ ਤੋਂ ਬਾਅਦ ਫ਼ਲਾਈਟਾਂ ਬੰਦ ਹੋ ਗਈਆਂ, ਜਿਸ ਕਾਰਣ ਜਸ਼ਨਪ੍ਰੀਤ ਦੇ ਮੋਗਾ ਰਹਿੰਦੇ ਮਾਤਾ–ਪਿਤਾ ਬਹੁਤ ਚਿੰਤਤ ਹਨ। ਜਸ਼ਨਪ੍ਰੀਤ ਦੇ ਪਿਤਾ ਕੁਲਵਿੰਦਰ ਸਿੰਘ ਅਤੇ ਮਾਤਾ ਰਮਨਦੀਪ ਕੌਰ ਨੇ ਜਸ਼ਨ ਨਾਲ ਵੀਡੀਓ ਕਾਲ 'ਤੇ ਗੱਲਬਾਤ ਕਰ ਕੇ ਹਾਲਾਤ ਦਾ ਜਾਇਜ਼ਾ ਲਿਆ। ਵਿਦਿਆਰਥੀ ਜਸ਼ਨ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੂੰ ਇਥੋਂ ਫ਼ਲਾਈਟ ਭੇਜ ਕੇ ਵਿਦਿਆਰਥੀਆਂ ਨੂੰ ਸੁਰੱਖ਼ਿਅਤ ਭਾਰਤ ਲਿਆਉਣ ਲਈ ਫ਼ੌਰੀ ਕਦਮ ਚੁੱਕਣ ਦੀ ਜ਼ਰੂਰਤ ਹੈ।

**ਫ਼ਿਰੋਜ਼ਪੁਰ ਛਾਉਣੀ ਦੀ ਰੁਚਿਕਾ ਸ਼ਰਮਾ**

– ਫ਼ਿਰੋਜ਼ਪੁਰ ਛਾਉਣੀ ਦੀ ਰਹਿਣ ਵਾਲੀ 21 ਸਾਲਾ ਲੜਕੀ ਰੁਚਿਕਾ ਸ਼ਰਮਾ ਸਾਲ 2019 ਵਿੱਚ ਐੱਮ. ਬੀ. ਬੀ. ਐੱਸ. ਕਰਨ ਲਈ ਯੂਕ੍ਰੇਨ ਗਈ ਸੀ, ਜੋ ਤੀਜੇ ਸਾਲ ਵਿੱਚ ਹੈ ਅਤੇ ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਕਾਰਨ ਉੱਥੇ ਹੋਈ ਹੈ। ਰੁਚਿਕਾ ਦੇ ਪਿਤਾ ਰਾਕੇਸ਼ ਸ਼ਰਮਾ ਅਤੇ ਮਾਂ ਕਲਪਨਾ ਸ਼ਰਮਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਬੇਟੀ ਨੂੰ ਸੁਰੱਖ਼ਿਅਤ ਭਾਰਤ ਲਿਆਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਰੁਚਿਕਾ ਦੇ ਪਿਤਾ, ਮਾਤਾ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਇਸ ਸਮੇਂ ਬੰਕਰ ਵਿੱਚ ਰਹਿ ਰਹੀ ਹੈ। ਰੁਚਿਕਾ ਨੇ 24 ਫ਼ਰਵਰੀ ਨੂੰ ਉੱਥੋਂ ਰਵਾਨਾ ਹੋਣਾ ਸੀ ਪਰ ਦੋਵਾਂ ਦੇਸ਼ਾਂ ਵਿੱਚਾਲੇ ਜੰਗ ਕਾਰਨ ਸਾਰੀਆਂ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਅਤੇ ਉਹ ਉੱਥੇ ਹੀ ਰਹਿ ਗਈ। ਰੁਚਿਕਾ ਅੰਬੈਸੀ ਵਿੱਚ ਗਈ ਸੀ ਅਤੇ ਉੱਥੇ ਅੰਬੈਸੀ ਵਾਲਿਆਂ ਨੇ ਉਸ ਦੇ ਪਾਸਪੋਰਟ ਦਾ ਨੰਬਰ ਅਤੇ ਸਾਰਾ ਵੇਰਵਾ ਲੈ ਕੇ ਉਸਨੂੰ ਸੁਰੱਖਿਅਤ ਜਗ੍ਹਾ 'ਤੇ ਰਹਿਣ ਲਈ ਕਿਹਾ ਅਤੇ ਦੱਸਿਆ ਕਿ ਇਸ ਸਮੇਂ ਅੰਬੈਸੀ ਕੋਲ ਉਨ੍ਹਾਂ ਨੂੰ ਸੁਰੱਖ਼ਿਅਤ ਰੱਖਣ ਲਈ ਕੋਈ ਜਗ੍ਹਾ ਨਹੀਂ ਹੈ ਤਾਂ ਰੁਚਿਕਾ ਨੇੜੇ ਹੀ ਇੱਕ ਬੇਸਮੈਂਟ ਵਿੱਚ ਰੁਕ ਗਈ।

# ਕਦੇ ਕਾਮੇਡੀਅਨ ਸਨ ਯੂਕ੍ਰੇਨ ਦੇ ਰਾਸ਼ਟਰਪਤੀ ਜੇਲੇਂਸਕੀ, ਅੱਜ ਆਪਣੇ ਹੀ ਲੋਕਾਂ ਦੇ ਦੇਖਣੇ ਪੈ ਰਹੇ ਹੰਝੂ

ਰੂਸ ਦੇ ਹਮਲੇ ਦਾ ਸਾਹਮਣਾ ਕਰ ਰਹੇ ਸਾਢੇ 4 ਕਰੋੜ ਦੀ ਆਬਾਦੀ ਵਾਲੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੇਂਸਕੀ ਦੀ ਕਹਾਣੀ ਦਿਲਚਸਪ ਹੈ, ਜਿਨ੍ਹਾਂ ਨੇ ਰਾਜਨੀਤੀ ਤੋਂ ਨਿਰਾਸ਼ ਯੂਕ੍ਰੇਨ ਦੇ ਲੋਕਾਂ 'ਚ ਨਵੀਂ ਉਮੀਦ ਪੈਦਾ ਕੀਤੀ ਸੀ। ਕਾਮੇਡੀਅਨ ਤੋਂ ਰਾਸ਼ਟਰਪਤੀ ਬਣੇ ਵੋਲੋਦੀਮੀਰ ਜੇਲੇਂਸਕੀ ਸ਼ਾਂਤੀ ਅਤੇ ਸਾਫ਼–ਸੁਥਰੀ ਰਾਜਨੀਤੀ ਦੇ ਵਾਅਦੇ ਨਾਲ ਰਾਜਨੀਤੀ 'ਚ ਆਏ ਅਤੇ ਆਪਣੀ ਪਾਰਟੀ ਦਾ ਨਾਂ 'ਸਰਵੈਂਟ ਔਫ਼ ਦਿ ਪੀਪੁਲਜ਼' ਰੱਖਿਆ ਸੀ। ਕਦੇ ਪੂਰੇ ਦੇਸ਼ ਨੂੰ ਹਸਾ ਕੇ ਉਨ੍ਹਾਂ ਦਾ ਮਨੋਰੰਜਨ ਕਰਨ ਵਾਲੇ ਜੇਲੇਂਸਕੀ ਨੂੰ ਅੱਜ ਆਪਣੇ ਹੀ ਲੋਕਾਂ ਦੇ ਹੰਝੂ ਦੇਖਣੇ ਪੈ ਰਹੇ ਹਨ। 44 ਸਾਲਾ ਰਾਸ਼ਟਰਪਤੀ ਦੇ ਸਾਹਮਣੇ ਹੁਣ ਆਪਣੇ ਦੇਸ਼ ਨੂੰ ਸੁਰੱਖ਼ਿਅਤ ਰੱਖਣ ਅਤੇ ਅੰਤਰਰਾਸ਼ਟਰੀ ਸਮਰਥਨ ਹਾਸਲ ਕਰਨ ਦੀ ਚੁਣੌਤੀ ਹੈ। ਹੁਣ ਯੂਕ੍ਰੇਨ 'ਤੇ ਰੂਸ ਦੇ ਹਮਲੇ ਨੇ ਇਸ ਰਾਸ਼ਟਰੀ ਨੇਤਾ ਨੂੰ ਅੰਤਰਰਾਸ਼ਟਰੀ ਸੰਕਟ ਦੇ ਕੇਂਦਰ 'ਚ ਲਿਆ ਦਿੱਤਾ ਹੈ, ਜਿਸ ਨਾਲ ਫ਼ਿਰ ਤੋਂ ਰੂਸ ਦੇ ਨਾਲ ਸੀਤ ਯੁੱਧ ਦੀਆਂ ਯਾਦਾਂ ਤਾਜ਼ਾ ਹੋ ਗਈਆਂ ਹਨ। ਯੂਕ੍ਰੇਨ ਦੇ ਮੱਧ ਸ਼ਹਿਰ ਕਿਰੀਵਈ ਰੀਹ 'ਚ ਯਹੂਦੀ ਪਰਿਵਾਰ 'ਚ ਪੈਦਾ ਹੋਏ ਵੋਲੋਦੀਮੀਰ ਜੇਲੇਂਸਕੀ ਨੇ ਕੀਵ ਨੈਸ਼ਨਲ ਇਕਨੌਮਿਕ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਪਰ ਅਸਲ 'ਚ ਉਹ ਸਫ਼ਲ ਕਾਮੇਡੀ ਦੇ ਖੇਤਰ 'ਚ ਸਫ਼ਲ ਹੋਏ।

**ਫ਼ਿਲਮਾਂ ਵੀ ਬਣਾ ਚੁੱਕੇ ਨੇ ਜੇਲੇਂਸਕੀ**

ਇੱਕ ਮੀਡੀਆ ਰਿਪੋਰਟ ਮੁਤਾਬਕ ਜਵਾਨੀ ਦੇ ਸਮੇਂ ਉਹ ਰੂਸੀ ਟੀ. ਵੀ. 'ਤੇ ਕਾਮੇਡੀ ਸ਼ੋਅ 'ਚ ਨਿਯਮਿਤ ਤੌਰ 'ਤੇ ਸ਼ਾਮਲ ਹੋਏ। ਸਾਲ 2003 'ਚ ਉਨ੍ਹਾਂ ਨੇ ਇੱਕ ਟੀ. ਵੀ. ਪ੍ਰੋਡਕਸ਼ਨ ਕੰਪਨੀ ਬਣਾਈ, ਜੋ ਉਨ੍ਹਾਂ ਦੀ ਕਾਮੇਡੀ ਟੀਮ 'ਕੇਵਾਰਤਾਲ–95' ਦੇ ਨਾਂ 'ਤੇ ਸੀ। ਉਨ੍ਹਾਂ ਦੀ ਕੰਪਨੀ ਨੇ ਯੂਕ੍ਰੇਨ ਦੇ 1+1 ਨੈੱਟਵਰਕ ਲਈ ਸ਼ੋਅ ਪ੍ਰੋਡਿਊਸ ਕੀਤੇ। ਇਸ ਕੰਪਨੀ ਦੇ ਵਿਵਾਦਿਤ ਅਰਬਪਤੀ ਮਾਲਕ



ਇਹੋਰ ਕੋਲੋਮੋਇਸਕੀ ਨੇ ਬਾਅਦ 'ਚ ਰਾਸ਼ਟਰਪਤੀ ਅਹੁਦੇ ਲਈ ਜੇਲੇਂਸਕੀ ਦੀ ਉਮੀਦਵਾਰੀ ਦਾ ਸਮਰਥਨ ਕੀਤਾ। ਹਾਲਾਂਕਿ , ਸਾਲ 2010 ਦੇ ਦਹਾਕੇ 'ਚ ਟੀ. ਵੀ. ਅਤੇ ਫ਼ਿਲਮਾਂ 'ਚ ਉਨ੍ਹਾਂ ਦਾ ਕੈਰੀਅਰ ਵਧੀਆ ਚੱਲ ਰਿਹਾ ਸੀ। ਸਾਲ 2009 'ਚ ਉਨ੍ਹਾਂ ਨੇ 'ਲਵ ਇਨ ਦਿ ਬਿੱਗ ਸਿਟੀ' ਅਤੇ 2012 'ਚ ਜੇਵੇਸਕੀ ਬਨਾਮ ਨੇਪੋਲੀਅਨ ਫ਼ਿਲਮਾਂ ਬਣਾਈਆਂ ਸਨ।

**'ਸਰਵੈਂਟ ਔਫ਼ ਦਿ ਪੀਪੁਲਜ਼'**

2014 ਯੂਕ੍ਰੇਨ ਲਈ ਉਥਲ–ਪੁੱਥਲ ਦਾ ਸਾਲ ਸੀ। ਕਈ ਮਹੀਨਿਆਂ ਤਕ ਚੱਲੇ ਪ੍ਰਦਰਸ਼ਨਾਂ ਤੋਂ ਬਾਅਦ ਯੂਕ੍ਰੇਨ ਦੇ ਰੂਸ ਸਮਰਥੱਕ ਰਾਸ਼ਟਰਪਤੀ ਵਿਕਟਰ ਯਾਨੁਕੋਵਿੱਚ ਨੂੰ ਸੱਤਾ ਤੋਂ ਹਟਾ ਦਿੱਤਾ ਗਿਆ। ਇਸ ਤੋਂ ਬਾਅਦ ਰੂਸ ਨੇ ਕ੍ਰੀਮੀਆ 'ਤੇ ਕਬਜ਼ਾ ਕਰ ਲਿਆ ਅਤੇ ਦੇਸ਼ ਦੇ ਪੂਰਬੀ ਹਿੱਸੇ 'ਚ ਵੱਖਵਾਦੀ ਲੜਾਕਿਆਂ ਦਾ ਸਮਰਥਨ ਕੀਤਾ। ਇਨ੍ਹਾਂ ਘਟਨਾਵਾਂ ਤੋਂ ਇੱਕ ਸਾਲ ਬਾਅਦ 'ਸਰਵੈਂਟ ਔਫ਼ ਦਿ ਪੀਪੁਲਜ਼' ਸੀਰੀਅਲ 1+1 ਨੈੱਟਵਰਕ 'ਤੇ ਪ੍ਰਦਰਸ਼ਿਤ ਹੋਇਆ ਸੀ, ਇਸ 'ਚ ਵਾਸੀਲੀ ਗੋਲੋਬੋਰੋਡਕੋ ਦਾ ਇੱਕ ਕਿਰਦਾਰ ਵਿਖਾਇਆ ਗਿਆ, ਜਿਸ ਨੇ ਇੱਕ ਇਤਿਹਾਸ ਦੇ ਅਧਿਆਪਕ ਤੋਂ ਦੇਸ਼ ਦੇ ਰਾਸ਼ਟਰਪਤੀ ਬਣਨ ਤਕ ਦਾ ਸਫ਼ਰ ਤੈਅ ਕੀਤਾ। ਕਿਰਦਾਰ ਨਿਭਾਅ ਰਹੇ ਜੇਲੇਂਸਕੀ ਨੇ ਅਸਲ ਜ਼ਿੰਦਗੀ 'ਚ ਇਹ ਕਾਰਨਾਮਾ ਕਰ ਵਿਖਾਇਆ ਅਤੇ ਉਹ 2019 'ਚ ਯੂਕ੍ਰੇਨ ਦੇ ਰਾਸ਼ਟਰਪਤੀ ਬਣੇ। ਜੇਲੇਂਸਕੀ ਨੇ ਆਪਣੇ ਮੁਕਾਬਲੇਬਾਜ਼ ਰਾਸ਼ਟਰਪਤੀ ਪੇਤਰੋ ਪੋਰੋਸ਼ੇਂਕੋ ਨੂੰ ਚੋਣਾਂ 'ਚ ਹਰਾ ਦਿੱਤਾ। ਪੋਰੋਸ਼ੇਂਕੋ ਉਨ੍ਹਾਂ ਨੂੰ ਗੈਰ–ਤਜਰਬੇਕਾਰ ਉਮੀਦਵਾਰ ਮੰਨ ਰਹੇ ਸਨ, ਬਾਅਦ 'ਚ ਇਹ ਗੈਰ–ਤਜਰਬੇਕਾਰੀ ਹੀ ਜੇਲੇਂਸਕੀ ਦੀ ਤਾਕਤ ਸਾਬਤ ਹੋਈ।। ਉੱਥੇ ਹੀ, ਜੇਲੇਂਸਕੀ ਨੇ ਹੋਰ ਮਜ਼ਬੂਤੀ ਨਾਲ ਯੂਕ੍ਰੇਨ ਦੇ ਯੂਰਪੀਅਨ ਯੂਨੀਅਨ ਅਤੇ ਫ਼ੌਜੀ ਗਠਜੋੜ ਨਾਟੋ ਦੀ ਮੈਂਬਰਸ਼ਿਪ ਹਾਸਲ ਕਰਨ ਦੀ ਗੱਲ ਕਹਿਣੀ ਸ਼ੁਰੂ ਕਰ ਦਿੱਤੀ, ਇਸ ਤੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਰਾਜ਼ ਹੋ ਗਏ।




















DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ
ਆ ਗਈਆਂ ਹਨ
• ਫਰੰਟ ਗੈਰਾਜ ਵਾਲੀਆਂ ਲਾਟਾਂ
• ਡੁਪਲੈਕਸ ਘਰਾਂ ਦੀਆਂ ਲਾਟਾਂ
• ਲੇਨਡ ਘਰਾਂ ਦੀਆਂ ਲਾਟਾਂ
ਹੁਣ ਫੇਸ 3 ਵੇਚਿਆ ਜਾ ਰਿਹਾ ਹੈ
DUPLEX HOMES
FROM THE
$400s
LANED HOMES
FROM THE LOW
$500s
FRONT GARAGE HOMES
FROM THE HIGH
$500s
SHOWHOME APPOINTMENTS AVAILABLE AND RECOMMENDED. 360° ਵਰਚੂਅਲ ਟੂਰ ਵੀ ਮਿਲਦਾ ਹੈ
Broadview Homes | NuVista Homes | Trico Homes | Sterling Homes | Truman Homes | Morrison Homes
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਟੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹਾਂ
QUALICO communities


SOUTH POINTE
TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


GUR RECORDS
PRESENTS
JATINDER GAGOWAL
DECEPTION
RELEASING ON
1ST MARCH 2022
SINGER JATINDER GAGOWAL LYRICS HARMAN SARAO MUSIC BLACK VIRUS PRODUCER TARANJEET KALSANA GURINDER SINGH
CONCEIVED BY RIPUDAMANJEET SINGH PROJECT MANAGED JAIDEEP SINGH PUBLICITY DESIGN MM DESIGNS


MONTEREY PUNJABI SENIORS ASSOCIATION
DRUGS
AWARENESS SEMINAR
pchs CALGARY Serving Diverse Communities
MONTEREY PUNJABI SENIORS ASSOCIATION
ਨਸ਼ਿਆਂ ਪ੍ਰਤੀ ਜਾਗਰੂਕਤਾ ਸੈਮੀਨਾਰ
Place-
MONTEREY PARK COMMUNITY HALL
2707 Catalina Blvd NE Calgary AB
Date- March 05, 2022 Time- 1:00 PM-4:00 PM
SPEAKERS
Mr. Sajjad Mirza
M.Sc. (Psychology)
RP Psychologist
PCHS CALGARY
Dr. Navneet Singh Khosa
Medical Director
Smart Clinic
ਇਸ ਸੈਮੀਨਾਰ ਵਿੱਚ ਪੰਜਾਬੀ ਕਮਿਉਨਿਟੀ ਵਿੱਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਤੇ ਉਸ ਤੋਂ ਪੈਦਾ ਹੋਣ ਵਾਲੀਆਂ ਪਰਿਵਾਰਿਕ ਸਮੱਸਿਆਵਾਂ ਤੇ ਉਹਨਾਂ ਸਮੱਸਿਆਵਾਂ ਨੂੰ ਸੁਲਝਾਉਣ ਬਾਰੇ ਵਿਚਾਰ ਵਟਾਂਦਰਾ ਹੋਏਗਾ ਸੈਮੀਨਾਰ ਦਾ ਪੂਰਾ ਪ੍ਰੋਗਰਾਮ ਪੰਜਾਬੀ ਵਿੱਚ ਹੋਏਗਾ। ਚਾਹ ਪਾਣੀ ਅਤੇ ਸਨੈਕਸ ਦਾ ਪ੍ਰਬੰਧ ਹੋਏਗਾ। ਸਾਰਿਆਂ ਨੂੰ ਇਸ ਸੈਮੀਨਾਰ ਵਿਚ ਹਾਜਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।
For Information Contact-
Birinder Singh Gill-
Phone -403-606-2597
Surjit Singh Hayher-
Phone-587-438-0839


Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ ।
ਕਰੋਨਾ ਕਾਰਣ ਤੁਹਾਡੀ ਸੋਸ਼ਲ ਡਿਸਟੈਂਸ ਦੇ ਪੁਖਤਾ ਪਰਬੰਧ ਹਨ।
Mega Sanjha Punjab
ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਤੀਜੀ ਲੋਕੇਸ਼ਨ ਹੁਣ ਕੋ-ਅੱਪ ਸਟੋਰ ਵਾਲੀ ਬਿਲਡਿੰਗ ਵਿੱਚ ਖੁੱਲ ਗਈ ਹੈ
FRESH PRODUCE
GROCERY STORE
403-266-5200
THREE LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary


JHH TRANSPORT
PRESENTS
JHH TRANSPORT
RANJIT BAWA
GURJIT BAL
PRODUCTIONS
PRESENTS
PUNJAB BOLDA TOUR
PTB
PRIME ASIA
MEDIA PARTNERS
PUNJABI AKHBAR
PunjabiAkhbaar.ca
LIVE IN CALGARY
THE GENESIS CENTRE
17th April 2022 6 PM
FOR TICKETS VISIT
WWW.VTIXONLINE.COM
FOR INFO AND SPONSORSHIP CONTACT
S TIMMY
403-992-8192
G JASSAR
306-203-9805

## ਕਨੇਡਾ ਨੇ ਰੂਸ ਉੱਪਰ ਪਾਬੰਦੀਆਂ ਲਗਾਉਂਦਿਆਂ ਐਕਸਪੋਰਟ ਪਰਮਿਟਾਂ ਉੱਪਰ ਵੀ ਰੋਕ ਲਗਾ ਦਿੱਤੀ ਹੈ

ਰੀਜਾਇਨਾਂ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੁਕ੍ਰੇਨ ਉੱਤੇ ਕੀਤੇ ਗਏ ਹਮਲੇ ਦੇ ਸਬੰਧ ਵਿੱਚ ਰੂਸ ਖਿਲਾਫ ਨਵੀਂਆਂ ਪਾਬੰਦੀਆਂ ਦਾ ਐਲਾਨ ਕੀਤਾ ਹੈ। ਇਨ੍ਹਾਂ ਤਹਿਤ 58 ਵਿਅਕਤੀਆਂ ਅਤੇ ਅਦਾਰਿਆਂ ਉੱਤੇ ਵਿੱਤੀ ਪਾਬੰਦੀਆਂ ਲਾਉਣ ਦੇ ਨਾਲ ਨਾਲ ਐਕਸਪੋਰਟ ਪਰਮਿਟਸ ਉੱਤੇ ਵੀ ਰੋਕ ਲਾਈ ਗਈ ਹੈ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨੇ ਯੁਕ੍ਰੇਨ ਦੇ ਰਾਸ਼ਟਰਪਤੀ ਵਲਾਦਿਮਿਰ ਜ਼ੈਲੈਂਸਕੀ ਨਾਲ ਗੱਲ ਕੀਤੀ ਸੀ ਤੇ ਜੀ-7 ਮੀਟਿੰਗ ਦੌਰਾਨ ਇਸ ਗੱਲ ਉੱਤੇ ਸਹਿਮਤੀ ਬਣੀ ਕਿ ਰੂਸ ਵਿਰੁਧ ਅਜਿਹੀ ਕਾਰਵਾਈ ਦੀ ਸਜ਼ਾ ਦਿੱਤੀ ਜਾਣੀ ਬਣਦੀ ਹੈ।

## ਕਨੇਡਾ ਨੇ ਯੁਕਰੇਨੀਆਂ ਆਪਣੇ ਦਰਵਾਜੇ ਖੋਲੇ

ਰੀਜਾਇਨਾਂ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਇਮਿਗ੍ਰੇਸ਼ਨ ਮਨਿਸਟਰ ਸੀਨ ਫ਼ਰੇਜ਼ਰ ਨੇ ਕਿਹਾ ਹੈ ਕਿ ਰੂਸੀ ਹਮਲੇ ਮਗਰੋਂ ਜਿਹੜੇ ਯੂਕ੍ਰੇਨੀਅਨ ਕੈਨੇਡਾ ਆਉਣਾ ਚਾਹੁੰਦੇ ਹਨ, ਉਹਨਾਂ ਨੂੰ ਸੁਰੱਖਿਅਤ ਰਸਤਾ ਦੇਣ ਲਈ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਪਹਿਲੇ ਪੜਾਅ ਵਿੱਚ 1800 ਯੁਕ੍ਰੇਨੀਅਨਜ਼ ਨੂੰ ਕੈਨੇਡਾ ਲਿਆਉਣ ਵਾਸਤੇ ਇਮਿਗ੍ਰੇਸ਼ਨ ਦਰਖਾਸਤਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।

## ਕੋਵਿਡ-19 ਕਾਰਣ ਪਾਕਿਸਤਾਨ ਪੀਪ੍ਲਜ਼' ਪਾਰਟੀ ਦੇ ਸੀਨੀਅਰ ਆਗੂ ਮਲਿਕ ਦਾ ਦੇਹਾਂਤ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਪੀਪ੍ਲਜ਼' ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਸੈਨੇਟਰ ਰਹਿਮਾਨ ਮਲਿਕ ਦਾ ਦੇਹਾਂਤ ਹੋ ਗਿਆ ਹੈ। ਉਹ 70 ਵਰ੍ਹਿਆਂ ਦੇ ਸਨ। ਕੋਵਿਡ-19 ਕਾਰਨ ਪੈਦਾ ਹੋਈਆਂ ਸਿਹਤ ਉਲਝਨਾਂ ਮਗਰੋਂ ਉਹਨਾ ਨੂੰ ਵੈਂਟਿਲੇਟਰ 'ਤੇ ਰਖਿਆ ਜਾ ਰਿਹਾ ਸੀ। ਉਹ ਸਾਲ 2008 ਤੋਂ 2013 ਤੱਕ ਦੇਸ਼ ਦੇ ਇੰਟੀਰੀਅਰ ਮਨਿਸਟਰ ਵੀ ਰਹੇ ਤੇ ਉਹਨਾਂ ਨੂੰ ਨਿਸ਼ਾਨ-ਏ-ਇਮਤਿਆਜ਼ ਅਤੇ ਸਿਤਾਰਾ-ਏ-ਸ਼ੁਜਾਤ ਨਾਲ ਵੀ ਨਵਾਜ਼ਿਆ ਗਿਆ ਸੀ।

## ਕਿਉਬੈਕ ਦੇ ਸਾਬਕਾ ਪ੍ਰੀਮੀਅਰ ਯੌਂ ਸ਼੍ਰੇਅ ਹੁਣ ਪਾਰਟੀ ਲੀਡਰਸਿੱਪ ਲਈ ਕਿਸਮਤ ਅਜਮਾਉਣਗੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਸਾਬਕਾ ਲੀਡਰ ਅਤੇ (Jean Charest) ਵੱਲੋਂ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਰੇਸ ਵਿੱਚ ਉਤਰਨ ਦਾ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੇਅ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਪੱਛਮੀ ਕੈਨੇਡਾ ਵਿੱਚ ਵੀ ਉਹਨਾਂ ਦੇ ਵੱਡੀ ਗਿਣਤੀ ਵਿੱਚ ਸਮਰਥਕ ਮੌਜੂਦ ਹਨ। ਪਿਛਲੇ ਦਿਨੀਂ ਐਰਿਨ ਓਟੂਲ ਵੱਲੋਂ ਪਾਰਟੀ ਲੀਡਰ ਵਜੋਂ ਲਾਂਭੇ ਹੋ ਜਾਣ ਮਗਰੋਂ ਪਾਰਟੀਆਪਣੇ ਨਵੇਂ ਲੀਡਰ ਦੀ ਭਾਲ ਵਿੱਚ ਹੈ। ਸਟੀਵਨ ਹਾਰਮਰ ਦੀ ਸਰਕਾਰ ਵਿੱਚ ਮਨਿਸਟਰ ਰਹੇ ਅਤੇ ਕਾਰਲਟਨ ਤੋਂ ਸੰਸਦ ਮੈਂਬਰ ਪਿਅਰ ਪੌਲਇਲਿਐਵਰ ਨੇ ਵੀ ਲੀਡਰ ਬਣਨ ਲਈ ਰੇਸ ਵਿੱਚ ਨਿਤਰਨ ਦਾ ਐਲਾਨ ਕੀਤਾ ਹੈ। ਇਕ ਪੱਤਰਕਾਰ ਬੀਬੀ, ਤਾਸ਼ਾ ਖੈਰਿਦੀਨ ਵੱਲੋਂ ਵੀ ਆਪਣਾ ਨਾਮ ਅੱਗੇ ਕੀਤੇ ਜਾਣ ਦੀ ਸੰਭਾਵਨਾ ਹੈ। ਬ੍ਰੈਂਪਟਨ ਮੇਅਰ ਪੈਟਰਿਕ ਬ੍ਰਾਊਨ ਦਾ ਨਾਮ ਵੀ ਸੰਭਾਵਿਤ ਉਮੀਦਵਾਰਾਂ ਵਿੱਚ ਸ਼ਾਮਿਲ ਹੈ। ਪਿਛਲੀ ਵਾਰ ਲੀਡਰਸ਼ਿਪ ਰੇਸ ਵਿੱਚ ਤੀਜੇ ਸਥਾਨ ਤੇ ਰਹੀ ਲੈਜ਼ਲਿਨ ਲਿਉਇਸ ਦਾ ਨਾਮ ਵੀ ਸੰਭਾਵਿਤ ਉਮੀਦਵਾਰਾਂ ਵਿੱਚ ਹੈ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

FREE ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ FREE
SWIFT CABS
YOUR DESTINATION IS OUR GOAL
CONTACT: BILL SINGH
306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070